ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 16 | 18 April 2018 to 24 April 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਮੁਸਲਮਾਨ ਬੱਚੀ ਨਾਲ ਬਲਾਤਕਾਰ ਤੇ ਬੇਰਹਿਮੀ ਨਾਲ ਕਤਲ ਬਾਅਦ ਹਿੰਦੂ ਰਾਸ਼ਟਰਵਾਦੀਆਂ ਨੇ ਜਿੱਤ ਵਜੋਂ ਰਾਸ਼ਟਰੀ ਝੰਡੇ ਲਹਿਰਾਏ



- ਮੰਦਰ 'ਚ ਇਕ ਹਫਤਾ ਰੱਖ ਕੇ 6 ਭਗਵੇਂਵਾਦੀਆਂ ਨੇ ਨਸ਼ੇ ਦੇ ਟੀਕੇ ਲਗਾ ਕੇ ਵਾਰ-ਵਾਰ ਕੀਤਾ ਬਲਾਤਕਾਰ
- ਘਿਣਾਉਣੀ ਵਾਰਦਾਤ 'ਚ ਪੁਲੀਸ ਸਬ ਇੰਸਪੈਕਟਰ ਵੀ ਸ਼ਾਮਲ

**ਜੰਮੂ/ਬਿਊਰੋ ਨਿਊਜ਼:** ਮੁਸਲਮਾਨ ਬਕਰਵਾਲ ਬੱਚੀ ਆਸਿਫਾ ਦੇ ਬਲਾਤਕਾਰ ਤੇ ਮੌਤ ਦਾ ਸੱਚ ਮੰਦਰ ਜਾਂ ਧਰਮ ਨਹੀਂ। ਹਿੰਦੂ ਰਾਸ਼ਟਰਵਾਦ ਹੈ। ਕਦੇ ਜਰਮਨੀ ਦਾ ਹਿਟਲਰ ਸਮੇਂ ਦਾ ਇਤਿਹਾਸ ਦੇਖੋ ਉਹੀ ਭਾਰਤ ਵਿਚ ਹੁਣ ਵਾਪਰ ਰਿਹਾ ਹੈ। ਹਿਟਲਰ ਨੇ ਕਿਹਾ ਸੀ ਕਿ ਜਰਮਨੀ ਸਿਰਫ ਜਰਮਨ ਦੇ ਲੋਕਾਂ ਵਾਸਤੇ। ਇਸੇ ਲਈ ਯਹੂਦੀਆਂ ਦੀ ਨਸਲਕੁਸ਼ੀ ਹੋਈ। ਯਹੂਦੀ ਔਰਤਾਂ ਨਾਲ ਬਲਾਤਕਾਰ ਹੋਏ। ਇਹ ਬਲਾਤਕਾਰ ਤਾਂ ਹੋਏ ਤਾਂ ਜੋ ਯਹੂਦੀਆਂ ਦੀ ਨਸਲ ਬਦਲੀ ਜਾਵੇ। ਆਰੀਅਨ ਪੁੱਤਰ ਭਗਵੇਂਵਾਦੀ ਭਾਰਤ ਵਿਚ ਵੀ ਇਹੀ ਪੈਮਾਨਾ ਵਰਤ ਰਹੇ ਹਨ।

ਬਾਕੀ ਸਫ਼ਾ 29 'ਤੇ

## ਸਿੱਖਾਂ ਵਲੋਂ ਲੰਡਨ ਵਿੱਚ ਨਰਿੰਦਰ ਮੋਦੀ ਖਿਲਾਫ ਮੁਜ਼ਾਹਰਾ






**ਲੰਡਨ/ਬਿਊਰੋ ਨਿਊਜ਼:** ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੰਗਲੈਂਡ ਫੇਰੀ ਮੌਕੇ ਰੋਸ ਮੁਜ਼ਾਹਰਾ ਕੀਤਾ ਗਿਆ। ਕਾਲੇ ਝੰਡਿਆਂ ਤੇ ਭਾਰਤ ਦੀ ਫਿਰਕੂ ਹਿੰਦੂ ਸਰਕਾਰ ਦੀਆਂ ਫਾਸ਼ੀ ਨੀਤੀਆਂ ਤੇ ਕਾਰਵਾਈਆਂ ਨੂੰ ਉਘਾੜਦੇ ਬੈਨਰ ਚੁੱਕੀ ਮੁਜਾਸਿੰਘਾਂ ਨੇ ਮੋਦੀ ਵਿਰੁਧ ਜੰਮ ਕੇ ਨਾਅਰੇਬਾਜ਼ੀ ਕੀਤੀ। ਮੁਜ਼ਾਹਰਾ ਕਰਨ ਵਾਲਿਆਂ 'ਚ ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦਾ ਸਾਂਝਾ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਮੋਹਰੀ ਸਨ। ਨਿਰਧਾਰਤ ਸਮੇਂ ਅਨੁਸਾਰ ਅਗਾਊ ਮਨਜ਼ੂਰੀ ਲੈ ਕੇ 18 ਅਪਰੈਲ ਬੁੱਧਵਾਰ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ

ਬਾਕੀ ਸਫ਼ਾ 29 'ਤੇ

ਡਾ. ਅੰਬੇਦਕਰ ਜੈਯੰਤੀ ਸਮਾਗਮ

## ਯੂਨਾਈਟਡ ਨੇਸ਼ਨਜ਼ ਦੇ ਅੰਦਰ ਸਿੱਖਾਂ ਵਲੋਂ ਰੋਸ ਮੁਜਾਹਰਾ



**ਨਿਊਯਾਰਕ/ਹੁਸਨ ਲੜੋਆ ਬੰਗਾ:** ਭਾਰਤ ਸਰਕਾਰ ਵਲੋਂ ਦੁਨੀਆਂ ਦੀ ਸਰਵਉੱਚ ਮੰਨੀ ਜਾਂਦੀ ਸੰਸਥਾ ਯੂਨਾਈਟਡ ਨੇਸ਼ਨਜ਼ ਵਿਚ ਭਾਰਤ ਸੰਵਿਧਾਨ ਨਿਰਮਾਤਾ ਤੇ ਦਲਿਤ ਰਹਿਨੁਮਾ ਡਾ. ਭੀਮ ਰਾਓ ਅੰਬੇਦਕਰ ਜੀ ਜੈਯੰਤੀ ਮਨਾਈ ਜਾ ਰਹੀ ਸੀ ਅਤੇ ਭਾਰਤ ਦੇ ਸਥਾਈ ਮੈਂਬਰ ਸਾਇਦ ਅਕਬਰੁਦੀਨ ਜਿਉਂ ਹੀ ਬੋਲਣ ਲੱਗੇ ਤਾਂ ਇਕ ਸਿੱਖਾਂ ਦੇ ਸਮੂਹ ਜਿਸਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕਰ ਰਿਹਾ ਸੀ ਵਲੋਂ ਰੋਸ ਮੁਜਾਹਰਾ ਕੀਤਾ ਗਿਆ। ਇਨ੍ਹਾਂ ਸਿੱਖਾਂ ਨੂੰ ਇਸ ਮੌਕੇ ਹੱਲਾ ਗੁੱਲਾ ਨਾ ਕਰਨ ਦੀ

ਬਾਕੀ ਸਫ਼ਾ 29 'ਤੇ

# ਅਮਰੀਕਾ 'ਚ ਵੱਡੇ ਪੱਧਰ ਮਨਾਇਆ ਖਾਲਸੇ ਦਾ ਸਾਜਨਾ ਦਿਵਸ 'ਵਿਸਾਖੀ'

## *ਏ.ਜੀ.ਪੀ.ਸੀ. ਤੇ ਸਿੱਖ ਕਾਂਗਰੈਸ਼ਨਲ ਕਾਕਸ ਕਮੇਟੀ ਨੇ ਵੱਡੇ ਹੁੰਗਾਰੇ ਲਈ ਪ੍ਰਗਟਾਈ ਖੁਸ਼ੀ*



**ਵਾਸ਼ਿੰਗਟਨ ਡੀਸੀ/ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਕਮੇਟੀ ਨੇ ਅਮਰੀਕਾ 'ਚ ਖਾਲਸੇ ਦੇ ਸਿਰਜਣਾ ਦਿਵਸ ਵਿਸਾਖੀ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ 'ਤੇ ਖੁਸ਼ੀ ਅਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਅਮਰੀਕੀ ਕਾਂਗਰਸ ਦੇ ਰਿਪਬਲਿਕਨ ਤੇ ਡੈਮੋਕ੍ਰੇਟਿਕ ਪਾਰਟੀਆਂ ਦੇ ਸਤਿਕਾਰਯੋਗ ਪ੍ਰਤੀਨਿਧਾਂ, ਜਿਨ੍ਹਾਂ ਨੇ ਖਾਲਸੇ ਦੇ ਪ੍ਰਗਟ ਦਿਵਸ ਉਤੇ ਵਿਸ਼ਵ ਭਰ ਦੇ ਸਿੱਖਾਂ ਨੂੰ ਵਧਾਈ ਦਿੱਤੀ ਹੈ ਅਤੇ ਅਮਰੀਕਾ ਦੇ ਸਮਾਜ ਦੀ ਤਰੱਕੀ ਅਤੇ ਵਿਕਾਸ 'ਚ ਸਿੱਖ ਕੌਮ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਹੈ। ਅਮਰੀਕੀ ਸੰਸਦ ਦੇ ਸਪੀਕਰ ਪਾਲ ਰਿਆਨ ਨੇ ਆਪਣੇ ਸੰਦੇਸ਼ 'ਚ ਅਮਰੀਕਨ 'ਚ ਵੱਸਦੇ ਸਿੱਖਾਂ, ਗੁਆਂਢੀਆਂ ਤੇ ਦੋਸਤਾਂ ਨੂੰ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਦੇ ਮਹਾਨ ਦਿਨ ਦੇ ਖੁਸ਼ੀਆਂ ਭਰੇ ਮੌਕੇ ਦੀ ਵਧਾਈ ਦਿੱਤੀ, ਜਦੋਂ ਕਿ ਸੀਨੇਟ ਵਿਚ ਸੈਨੇਟਰ ਜੌਹਨ ਕੌਰਨਸਨ, ਸੈਨੇਟਰ ਪੈਟ ਟੂਮੀ ਸੈਨੇਟਰ ਫਿਲ ਮਰਫੀ ਅਤੇ ਸੈਨੇਟਰ ਡਿਕ ਡਰਬਨ ਨੇ ਵਧਾਈ ਰਾਹੀਂ ਆਪਣੀ ਸ਼ੁਕਰਗੁਜ਼ਾਰੀ ਦਾ ਖੁਲਾਸਾ ਕਰਦਿਆ ਸਮੂਹ ਸਿੱਖ ਕੌਮ ਨੂੰ ਇਸ ਵਿਸ਼ੇਸ਼ ਦਿਨ ਦੀ ਮੁਬਾਰਕਬਾਦ ਦਿੱਤੀ। ਉਨਾਂ ਕਿਹਾ

ਬਾਕੀ ਸਫ਼ਾ 28 'ਤੇ

## 'ਨਾਨਕ ਸ਼ਾਹ ਫ਼ਕੀਰ' ਬਾਰੇ ਸ਼੍ਰੋਮਣੀ ਕਮੇਟੀ ਕਾਰਨ ਪੰਥ 'ਚ ਫੈਲਿਆ ਰੋਸ

- ਸ਼ੋਸ਼ਲ ਮੀਡੀਆ ਤੇ ਅਕਾਲੀ ਲੀਡਰਸ਼ਿਪ ਉਤੇ ਡਿੱਗਿਆ ਸਾਰਾ ਨਜ਼ਲਾ
- ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਨੇ ਮਾਫੀ ਮੰਗੀ
- ਪੰਜਾਬ ਤੇ ਹੋਰਨਾਂ ਪ੍ਰਾਤਾਂ 'ਚ ਫ਼ਿਲਮ ਨਾ ਦਿਖਾਈ ਜਾ ਸਕੀ

**ਜਲੰਧਰ/ਬਿਊਰੋ ਨਿਊਜ਼:** ਗੁਰੂ ਨਾਨਕ ਦੇਵ ਜੀ ਦੇ ਜੀਵਨ ਉਪਦੇਸ਼ ਬਾਰੇ ਬਣੀ ਫ਼ਿਲਮ "ਨਾਨਕ ਸ਼ਾਹ ਫ਼ਕੀਰ" ਦੇ ਰਿਲੀਜ਼ ਹੋਣ ਬਾਰੇ ਛਿੜੇ ਰੇੜਕੇ ਨੇ ਸ਼੍ਰੋਮਣੀ ਕਮੇਟੀ ਅਕਾਲੀ ਲੀਡਰਸ਼ਿਪ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਕਾਰਨ ਸ਼ੋਸ਼ਲ ਮੀਡੀਆ 'ਤੇ ਅਕਾਲੀ ਲੀਡਰਸ਼ਿਪ ਉੱਪਰ ਸਾਰਾ ਨਜ਼ਲਾ ਡਿੱਗ ਰਿਹਾ ਹੈ। ਤੇ ਸਿੱਖ ਸੰਗਤ ਵੀ ਬਾਦਲ ਦਲ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਸਿੱਖ ਧਰਮ ਦੀਆਂ ਬੁਨਿਆਦੀ ਮਾਨਤਾਵਾਂ ਦੇ ਉਲਟ ਬਣੀ ਇਸ ਫ਼ਿਲਮ ਨੇ ਪੰਥਕ ਮਾਨਤਾਵਾਂ ਨੂੰ ਡੂੰਘੀ ਸੱਟ ਮਾਰੀ ਹੈ। ਹੈਰਾਨੀ ਭਰੀ ਗੱਲ ਇਹ ਹੈ ਕਿ ਅਕਾਲੀ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਨੁਮਾਇੰਦਿਆਂ ਨੇ ਫ਼ਿਲਮ ਨੂੰ ਹਰ ਪੱਖੋਂ ਦੇਖ-ਵਾਚ ਕੇ ਰਿਲੀਜ਼ ਕਰਨ ਲਈ ਨਾ ਸਿਰਫ਼ ਪ੍ਰਵਾਨਗੀ ਹੀ ਦਿੱਤੀ, ਸਗੋਂ ਸ਼੍ਰੋਮਣੀ ਕਮੇਟੀ ਨੇ ਫ਼ਿਲਮ ਦੇ ਪ੍ਰਚਾਰ ਵਿਚ ਹਿੱਸਾ ਪਾਇਆ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪ੍ਰਸੰਸਾ ਪੱਤਰ ਵੀ ਜਾਰੀ ਕੀਤਾ ਪਰ ਜਦ ਮਾਰਚ ਮਹੀਨੇ ਫ਼ਿਲਮ ਦੇ ਰਿਲੀਜ਼ ਹੋਣ ਲਈ 13 ਅਪ੍ਰੈਲ ਵਿਸਾਖੀ ਦਾ ਦਿਨ ਮਿੱਥ ਕੇ ਫ਼ਿਲਮ "ਟਰੇਲਰ" ਦਿਖਾਉਣੇ ਸ਼ੁਰੂ ਕੀਤੇ ਤਾਂ ਸਿੱਖ ਪੰਥ ਨੇ ਇਸ ਫ਼ਿਲਮ ਨੂੰ ਗੁਰੂ ਨਾਨਕ ਦੀ ਤੌਹੀਨ ਸਮਝ ਕੇ ਰੱਦ ਕਰ ਦਿੱਤਾ। ਉਨ੍ਹਾਂ ਦੀ ਧਾਰਨਾ ਸੀ ਕਿ

ਬਾਕੀ ਸਫ਼ਾ 21 'ਤੇ

## 'ਗੁਰੂ ਦੋਖੀ' ਹਰਿੰਦਰ ਸਿੱਕਾ ਨੂੰ ਪੰਥ ਵਿੱਚੋਂ ਛੇਕਿਆ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ 'ਤੇ ਬਣਾਈ ਫਿਲਮ ਵਿੱਚ ਗੁਰੂ ਸਾਹਿਬ ਤੇ ਗੁਰੂ ਪਰਿਵਾਰ ਨੂੰ ਫਿਲਮੀ ਕਲਾਕਾਰਾਂ ਦੇ ਰਾਹੀਂ ਪੇਸ਼ ਕਰਕੇ ਸਿੱਖ ਹਿਰਦਿਆਂ ਨੂੰ ਵਲੂੰਧਰਣ ਵਾਲੇ ਹਰਿੰਦਰ ਸਿੱਕਾ ਖਿਲਾਫ ਕਾਰਵਾਈ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਉਸਨੂੰ ਸਿੱਖ ਪੰਥ 'ਚੋਂ ਖਾਰਜ ਕਰ ਦਿੱਤਾ ਹੈ। ਇਸਦੇ ਨਾਲ ਹੀ ਵਿਵਾਦਤ ਫਿਲਮ ਨੂੰ ਪ੍ਰਵਾਨਗੀ ਦੇਣ

ਬਾਕੀ ਸਫ਼ਾ 21 'ਤੇ

















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਇਲੀਨੋਇ ਸਟੇਟ 'ਚ ਵੀ 'ਸਿੱਖ ਹੈਰੀਟਜ ਦਿਵਸ' ਵਜੋਂ ਮਨਾਇਆ ਜਾਵੇਗਾ ਖਾਲਸੇ ਦਾ ਜਨਮ ਦਿਹਾੜਾ 'ਵਿਸਾਖੀ'

## *ਗਵਰਨਰ ਬਰੂਸ ਰੌਉਂਨਰ ਵਲੋਂ ਗੁਰਦੁਆਰਾ ਸਾਹਿਬ ਪੈਲਾਟਾਇਨ ਵਿਖੇ ਸਮਾਗਮ ਦੌਰਾਨ ਅਹਿਮ ਐਲਾਨ*

ਸ਼ਿਕਾਗੋ/ਬਿਊਰੋ ਨਿਊਜ਼: ਇਲੀਨੋਇ ਸਟੇਟ ਦੇ ਗਵਰਨਰ ਬਰੂਸ ਰੌਉਂਨਰ ਵਲੋਂ ਖਾਲਸੇ ਦੇ ਜਨਮ ਦਿਹਾੜਾ ਵਿਸਾਖੀ ਨੂੰ ਸਿੱਖ ਹੈਰੀਟਜ ਦਿਵਸ ਐਲਾਨੇ ਜਾਣ ਦਾ ਸਿੱਖਾਂ ਨੇ ਭਰਵਾਂ ਸਵਾਗਤ ਕਰਦਿਆਂ ਤਹਿ ਦਿਲੋਂ ਧੰਨਵਾਦ ਕੀਤਾ



ਹੈ। ਗਵਰਨਰ ਵਲੋਂ ਇਹ ਅਹਿਮ ਐਲਾਨ ਉਨ੍ਹਾਂ ਦੀ ਨੁਮਾਇੰਦਗੀ ਕਰਨ ਲਈ ਗੁਰਦੁਆਰਾ ਸਾਹਿਬ ਪੈਲਾਟਾਇਨ ਵਿਖੇ ਵਿਸਾਖੀ ਦਿਹਾੜੇ ਸਬੰਧੀ ਸਮਾਗਮ ਵਿੱਚ ਪੁੱਜੇ ਲੈਫਟੀਨੈਂਟ ਗਵਰਨਰ ਏਵੇਲਈਨ ਸੰਗੁਏਟੀ ਵਲੋਂ ਕੀਤਾ ਗਿਆ। ਉਨ੍ਹਾਂ ਨੇ ਸਿੱਖ ਹੈਰੀਟਜ ਦਿਵਸ ਐਲਾਨਣ ਸਬੰਧੀ ਦਸਤਾਵੇਜ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਟਰੱਸਟੀਆਂ ਨੂੰ ਸੌਂਪੇ। ਗੁਰਦੁਆਰਾ ਸਾਹਿਬ ਪੈਲਾਟਾਇਨ ਦੇ ਪ੍ਰਧਾਨ ਡਾ. ਪ੍ਰਦੀਪ ਸਿੰਘ ਨੇ ਲੈਫਟੀਨੈਂਟ ਗਵਰਨਰ ਏਵੇਲਈਨ ਸੰਗੁਏਟੀ ਵਲੋਂ ਖੁਦ ਗੁਰੂ ਘਰ ਵਿਖੇ ਪੁੱਜਣ ਤੇ ਗਵਰਨਰ ਬਰੂਸ ਰੌਉਂਨਰ ਦੀ ਤਰਫੋਂ ਵਿਸਾਖੀ ਨੂੰ ਸਿੱਖ ਹੈਰੀਟਜ ਦਿਵਸ ਐਲਾਨੇ ਜਾਣ ਦਾ ਅਹਿਮ ਐਲਾਨ ਕਰਨ ਬਦਲੇ ਧੰਨਵਾਦ ਕੀਤਾ। ਪਹਿਲਾਂ ਲੈਫਟੀਨੈਂਟ ਗਵਰਨਰ ਏਵੇਲਈਨ ਸੰਗੁਏਟੀ ਦਾ ਗੁਰੂ ਘਰ ਪੁੱਜਣ ਮੌਕੇ ਸਿੱਖ ਸੰਡੇ ਸਕੂਲ ਦੇ ਬੱਚਿਆਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਲੈਫਟੀਨੈਂਟ ਗਵਰਨਰ ਨੇ ਗੁਰੂ ਘਰ ਵਿਖੇ ਲੰਗਰ ਦਾ ਦੌਰਾ ਕਰਕੇ ਪਰਸ਼ਾਦੇ ਬਣਦੇ ਵੇਖੇ। ਪੰਜਾਬੀ ਕਲਚਰਲ ਸੁਸਾਇਟੀ ਦੀ ਰੂਹ-ਏ-ਰਵਾਂ ਰਾਜਿੰਦਰ ਸਿੰਘ ਮਾਗੋ ਨੇ ਇਸ ਸਮਾਗਮ ਸਬੰਧੀ ਗਰਵਨਰ ਦਫ਼ਤਰ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਵਿਚਾਲੇ ਸਗਿਯੋਗ ਲਈ ਮੁੱਖ ਭੂਮਿਕਾ ਨਿਭਾਈ। ਗੁਰਦੁਆਰਾ ਸਾਹਿਬ ਪੈਲਾਟਾਇਨ ਵਿਖੇ ਵਿਸਾਖੀ ਸਮਾਗਮ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਪੁਜੀਆਂ ਹੋਈਆਂ ਸਨ। ਇੱਕ ਹਜ਼ਾਰ ਤੋਂ ਵੱਧ ਸੰਗਤ ਨੇ ਕੀਰਤਨ ਤੇ ਅਰਦਾਸ ਮੌਕੇ ਹਾਜ਼ਰ ਹੋਣ ਬਾਅਦ ਗੁਰੂ ਕਾ ਲੰਗਰ ਛਕਿਆ। 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਵਿਚਕਾਰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ। ਗੁਰਦੁਆਰਾ ਸਾਹਿਬ ਪੈਲਾਟਾਇਨ ਤੋਂ ਇਲਾਵਾ ਵੀਟਨ ਅਤੇ ਸ਼ਿਕਾਗੋ ਇਲੀਨੋਇ ਦੇ ਗੁਰਦੁਆਰਾ ਸਾਹਿਬਾਨ ਵਿੱਚ ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

# 24 ਵੇ ਸਲਾਨਾ ਨਗਰ ਕੀਰਤਨ ਮੌਕੇ ਖਾਲਸਾਈ ਰੰਗ 'ਚ ਰੰਗਿਆ ਸ਼ਹਿਰ ਸੈਲਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 24ਵੇਂ ਵਿਸਾਲ ਨਗਰ ਕੀਰਤਨ ਮੌਕੇ ਸਮੁੱਚਾ ਸ਼ਹਿਰ ਖਾਲਸਾਈ ਰੰਗ 'ਚ ਰੰਗਿਆ ਨਜ਼ਰ ਆਉਂਦਾ ਸੀ। ਇਸ ਦੌਰਾਨ ਗੁਰੂਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਤੋਂ ਸਮਾਪਤੀ ਤੱਕ ਵਿਸ਼ੇਸ਼ ਸਮਾਗਮ ਅਤੇ ਗੁਰਮਤਿ ਵਿਚਾਰਾ ਹੋਈਆਂ ਜਿਸ ਵਿੱਚ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜਥਿਆਂ ਨੇ ਸਿਰਕਤ ਕੀਤੀ। ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਦੂਸਰੇ ਦਿਨ ਇਲਾਕੇ ਭਰ ਦੀਆਂ ਸੰਗਤਾਂ ਨੂੰ ਗੁਰਮਤਿ ਨਾਲ ਜੋੜਦੇ ਹੋਏ ਗੁਰੂਘਰ ਵਿਖੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਬਹੁਤ ਸਾਰੇ ਪ੍ਰਾਣੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਨ੍ਹਾਂ ਸਮਾਗਮਾਂ ਦੌਰਾਨ ਗੁਰੂਘਰ ਵਿਖੇ ਹੋਰ ਬਹੁਤ ਸਥਾਨਕ ਗੁਰੂਘਰਾਂ ਦੇ ਕੀਰਤਨੀ ਜਥਿਆਂ ਨੇ ਹਾਜ਼ਰੀ ਭਰੀ ਅਤੇ ਗੁਰਮਤਿ ਵਿਚਾਰਾ ਨਾਲ ਵਿਸ਼ੇਸ਼ ਪ੍ਰੋਗਰਾਮ ਹੋਏ। ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ



ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ ਜਿਸ ਵਿੱਚ ਬੱਚਿਆਂ ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ।

ਇਸੇ ਦੌਰਾਨ ਕਰਮਨ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾ ਰਾਹੀ ਅਮੈਰੀਕਨ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ ਕੀਰਤਨ ਦੌਰਾਨ ਮੁੱਫਤ ਵੱਖ ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ ਜਿਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਵਸਤਾਂ ਅਤੇ ਰਸਦਾਂ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ।

ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾਂ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਪ੍ਰਬੰਧਕਾਂ ਨੇ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਦਾ ਦੰਨਵਾਦ ਕਰਦਿਆਂ ਕਿਹਾ ਕਿ ਸਭ ਮਾਈ-ਭਾਈ ਵਧਾਈ ਦੇ ਪਾਤਰ ਹਨ ਜਿਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਕੈਨੇਡਾ ਵਿੱਚ ਰੁਜ਼ਗਾਰ ਦੀ ਭਾਸ਼ਾ ਬਣੀ ਪੰਜਾਬੀ

## *ਪੰਜਾਬੀ ਲੈਂਗੂਏਜ ਐਜੂਕੇਸ਼ਨਲ ਐਸੋਸੀਏਸ਼ਨ (ਪਲੀ) ਦੇ ਮੁਖੀ ਸੰਘੇੜਾ ਨੇ ਕੀਤਾ ਦਾਅਵਾ*

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਨੇਡਾ ਵਿੱਚ ਪਿਛਲੇ 23 ਸਾਲਾਂ ਤੋਂ ਪੰਜਾਬੀ ਮਾਂ-ਬੋਲੀ ਲਈ ਜੱਦੋ-ਜਹਿਦ



ਕਰਦੇ ਆ ਰਹੇ ਪੰਜਾਬੀ ਲੈਂਗੂਏਜ ਐਜੂਕੇਸ਼ਨਲ ਐਸੋਸੀਏਸ਼ਨ (ਪਲੀ) ਦੇ ਮੁਖੀ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਕਿ ਅੱਜ ਪੰਜਾਬੀ ਭਾਸ਼ਾ ਕੈਨੇਡਾ ਵਿੱਚ ਰੁਜ਼ਗਾਰ ਦੀ ਭਾਸ਼ਾ ਬਣ ਗਈ ਹੈ ਤੇ ਉਥੇ ਸੈਂਕੜੇ ਕੰਮਾਂ ਲਈ ਪੰਜਾਬੀ ਭਾਸ਼ਾ ਬੋਲਣ, ਪੜ੍ਹਨ ਤੇ ਲਿਖਣ ਵਾਲਿਆਂ ਦੀ ਲੋੜ ਹੈ।

ਪੰਜਾਬ ਦੌਰੇ 'ਤੇ ਆਏ ਸੰਘੇੜਾ ਨੇ ਦੱਸਿਆ ਕਿ ਕੈਨੇਡਾ ਵਿੱਚ 13 ਲੱਖ ਦੇ ਕਰੀਬ ਸਾਊਥ ਏਸ਼ੀਅਨ ਵਸਦੇ ਹਨ, ਜਿਨ੍ਹਾਂ ਵਿੱਚੋਂ 11 ਲੱਖ ਭਾਰਤੀ ਹਨ ਤੇ ਉਨ੍ਹਾਂ ਵਿੱਚੋਂ 8 ਲੱਖ ਇਕੱਲੇ ਪੰਜਾਬੀ ਹਨ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਪੰਜਾਬੀਆਂ ਦੇ ਹਰੇਕ ਖੇਤਰ ਵਿੱਚ ਵਪਾਰ ਪ੍ਰਫੁੱਲਿਤ ਹੋ ਰਹੇ ਹਨ, ਉਵੇਂ ਉਵੇਂ ਪੰਜਾਬੀ ਭਾਸ਼ਾ ਦਾ ਪ੍ਰਸਾਰ ਹੋ ਰਿਹਾ ਹੈ ਅਤੇ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਬਣਦੀ ਜਾ ਰਹੀ ਹੈ। ਇਸ ਤਹਿਤ ਹੁਣ ਇਮੀਗ੍ਰੇਸ਼ਨ ਵਿੰਗ ਤੋਂ ਲੈ ਕੇ ਬੈਂਕਾਂ, ਅਦਾਲਤਾਂ ਤੇ ਗੋਰਿਆਂ ਦੀਆਂ

**ਬਾਕੀ ਸਫ਼ਾ 28 'ਤੇ**




# ਮੱਕਾ ਮਸਜਿਦ ਵਿਸਫੋਟ ਦੇ ਮਾਮਲੇ 'ਚ ਅਸੀਮਾਨੰਦ ਹੋਇਆ ਬਰੀ

## ਅਸੀਮਾਨੰਦ ਸਣੇ ਪੰਜ ਨੂੰ ਬਰੀ ਕਰਨ ਮਗਰੋਂ ਜੱਜ ਨੇ ਦਿੱਤਾ ਅਸਤੀਫ਼ਾ

**ਹੈਦਰਾਬਾਦ/ਬਿਊਰੋ ਨਿਊਜ਼:**
ਇਥੋਂ ਦੀ ਇਕ ਵਿਸ਼ੇਸ਼ ਦਹਿਸ਼ਤਗਰਦੀ-ਰੋਕੂ ਅਦਾਲਤ ਦੇ ਜੱਜ ਕੇ. ਰਵਿੰਦਰ ਰੈਡੀ ਨੇ ਮੱਕਾ ਮਸਜਿਦ ਬੰਬ ਕਾਂਡ ਕੇਸ ਵਿਚੋਂ ਆਰਐਸਐਸ ਪ੍ਰਚਾਰਕ ਅਸੀਮਾਨੰਦ ਸਣੇ ਪੰਜ ਮੁਲਜ਼ਮਾਂ ਨੂੰ ਬਰੀ ਤਾਂ ਕਰ ਦਿੱਤਾ ਪਰ ਬਾਅਦ ਵਿੱਚ ਖ਼ੁਦ ਵੀ ਨਾਟਕੀ ਢੰਗ ਨਾਲ ਅਹੁਦੇ ਤੋਂ ਅਸਤੀਫ਼ਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਹੈਦਰਾਬਾਦ ਤੋਂ ਐਮਪੀ ਤੇ ਏਆਈਐਮਆਈਐਮ ਦੇ ਮੁਖੀ ਅਸਦੂਦੀਨ ਓਵਾਇਸੀ ਨੇ ਆਪਣੀ ਟਵੀਟ ਰਾਹੀਂ ਇਸ ਪੂਰੇ ਮਾਮਲੇ ਵਿੱਚ 'ਸਾਜ਼ਿਸ਼' ਦਾ ਸ਼ੱਕ ਜ਼ਾਹਰ ਕੀਤਾ ਹੈ।

ਇਸ ਤੋਂ ਪਹਿਲਾਂ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਇਸਤਗਾਸਾ ਧਿਰ 2007 ਵਿੱਚ ਹੋਏ ਇਸ ਧਮਾਕੇ ਸਬੰਧੀ ਕੇਸ ਦੇ ਮੁਲਜ਼ਮਾਂ ਖ਼ਿਲਾਫ਼ 'ਇਕ ਵੀ ਦੋਸ਼' ਨੂੰ ਸਾਬਤ ਕਰਨ ਵਿੱਚ ਨਾਕਾਮ ਰਹੀ ਹੈ। ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ ਕਰ ਰਹੀ ਸੀ।

**ਕੀ ਹੈ ਮਾਮਲਾ**
ਦੱਸਣਯੋਗ ਹੈ ਕਿ ਇਥੇ ਸਥਿਤ ਚਾਰ ਸਦੀਆਂ ਪੁਰਾਣੀ ਮੱਕਾ ਮਸਜਿਦ ਵਿੱਚ 18 ਮਈ, 2007 ਨੂੰ ਜੁੰਮੇ ਦੀ ਨਮਾਜ਼ ਸਮੇਂ ਜ਼ੋਰਦਾਰ ਧਮਾਕਾ ਉਦੋਂ ਹੋਇਆ ਸੀ। ਇਸ ਕਾਰਨ ਨੌਂ ਵਿਅਕਤੀ ਮਾਰੇ ਗਏ ਤੇ 58 ਜ਼ਖ਼ਮੀ ਹੋਏ ਸਨ। ਧਮਾਕੇ ਤੋਂ ਬਾਅਦ ਹਿੰਸਕ ਮੁਜ਼ਾਹਰੇ ਤੇ ਫ਼ਸਾਦ ਭੜਕਣ ਕਾਰਨ ਪੁਲੀਸ ਕਾਰਵਾਈ ਵਿੱਚ ਪੰਜ ਹੋਰ ਜਾਨਾਂ ਗਈਆਂ ਸਨ। ਅਸੀਮਾਨੰਦ ਨੂੰ ਇਸ ਤੋਂ ਪਹਿਲਾਂ 2007 ਦੇ ਹੀ ਅਜਮੇਰ ਦਰਗਾਹ ਧਮਾਕਾ ਕੇਸ ਵਿੱਚੋਂ ਵੀ ਬੀਤੇ ਸਾਲ ਬਰੀ ਕਰ ਦਿੱਤਾ ਗਿਆ ਸੀ। ਉਹ ਉਸੇ ਵਰ੍ਹੇ ਦੇ ਸਮਝੌਤਾ ਐਕਸਪ੍ਰੈੱਸ ਧਮਾਕਾ ਕੇਸ ਵਿੱਚ ਵੀ ਮੁਲਜ਼ਮ ਹੈ। ਅਦਾਲਤ ਨੇ ਦੇਵੇਂਦਰ ਗੁਪਤਾ, ਲੋਕੇਸ਼ ਸ਼ਰਮਾ, ਭਾਰਤ ਮੋਹਨਲਾਲ ਰਤੇਸ਼ਵਰ ਉਰਫ਼ ਭਾਰਤ ਭਾਈ ਅਤੇ ਰਾਜੇਂਦਰ ਚੌਧਰੀ ਨੂੰ ਵੀ ਬਰੀ ਕੀਤਾ ਹੈ। ਸਵਾਮੀ ਅਸੀਮਾਨੰਦ ਖ਼ੁਦ ਨੂੰ ਸਾਧੂ ਕਹਿੰਦੇ ਸੀ ਅਤੇ ਉਹ ਰਾਸ਼ਟਰੀ ਸਵੈਮਸੇਵਕ ਸੰਘ ਦੇ ਕਾਰਕੁੰਨ ਵੀ ਰਹਿ ਚੁੱਕੇ ਹਨ। ਅਸੀਮਾਨੰਦ ਨੂੰ 2010 ਵਿੱਚ ਪਹਿਲੀ ਵਾਰ ਸੀਬੀਆਈ ਨੇ ਗ੍ਰਿਫ਼ਤਾਰ ਕੀਤਾ ਸੀ। ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਦੇ ਅਸੀਮਾਨੰਦ ਦਾ ਅਸਲੀ ਨਾਮ ਨਬ ਕੁਮਾਰ ਸਰਕਾਰ ਸੀ। ਅਸੀਮਾਨੰਦ ਨੇ ਵਨਸਪਤੀ ਵਿਗਿਆਨ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ ਸੀ। 1977 ਵਿੱਚ ਉਨ੍ਹਾਂ ਨੇ ਬੀਰਭੂਮ ਵਿੱਚ ਆਰਐਸਐਸ ਦੇ ਬਨਵਾਸੀ ਕਲਿਆਣ ਆਸ਼ਰਮ ਲਈ ਕੰਮ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਪੁਰੂਲੀਆ ਵਿੱਚ ਕੰਮ ਕੀਤਾ, ਕਰੀਬ ਦੋ ਦਹਾਕੇ ਤੱਕ ਮੱਧ ਪ੍ਰਦੇਸ਼, ਗੁਜਰਾਤ ਤੇ ਮਹਾਰਾਸ਼ਟਰ ਵਰਗੇ ਸੂਬਿਆਂ ਵਿੱਚ ਸਰਗਰਮ ਰਹੇ। ਪੁਲਿਸ ਮੁਤਾਬਿਕ ਅਸੀਮਾਨੰਦ ਸਾਲ 1995 ਵਿੱਚ ਗੁਜਰਾਤ ਦੇ ਡਾਂਗ ਜ਼ਿਲ੍ਹੇ ਦੇ ਮੁੱਖ ਦਫ਼ਤਰ ਆਹਵਾ ਆਏ ਹਿੰਦੂ ਸੰਗਠਨਾਂ ਨਾਲ 'ਹਿੰਦੂ ਧਰਮ ਜਾਗਰਣ ਅਤੇ ਸ਼ੁੱਧੀਕਰਣ' ਦਾ ਕੰਮ ਸ਼ੁਰੂ ਕੀਤਾ। ਅਸੀਮਾਨੰਦ ਆਦਿਵਾਸੀ ਬਹੁਲ ਇਲਾਕਿਆਂ ਵਿੱਚ ਹਿੰਦੂ ਧਰਮ ਦਾ ਪ੍ਰਸਾਰ ਕਰਨ ਅਤੇ 'ਆਦਿਵਾਸੀਆਂ ਨੂੰ ਇਸਾਈ ਬਣਨ' ਤੋਂ ਰੋਕਣ ਵਿੱਚ ਲੱਗੇ ਸੀ। ਮੱਕਾ ਮਸਜਿਦ ਧਮਾਕੇ ਦੀ ਜਾਂਚ ਦੇ ਘੇਰੇ ਵਿੱਚ ਆਉਣ ਤੋਂ ਇਲਾਵਾ ਅਸੀਮਾਨੰਦ ਦਾ ਨਾਮ ਅਜਮੇਰ, ਮਾਲੇਗਾਂਓ ਅਤੇ ਸਮਝੌਤਾ ਐਕਸਪ੍ਰੈੱਸ ਧਮਾਕੇ ਵਿੱਚ ਵੀ ਮੁਲਜ਼ਮ ਦੇ ਤੌਰ 'ਤੇ ਆਇਆ ਸੀ। ਦਿੱਲੀ ਦੀ ਤੀਸਹਜ਼ਾਰੀ ਕੋਰਟ ਵਿੱਚ 2010 ਵਿਚ ਇੱਕ ਮੈਟਰੋਪੋਲੀਟਨ ਜੱਜ ਦੇ ਸਾਹਮਣੇ ਅਸੀਮਾਨੰਦ ਨੇ ਧਮਾਕਾ ਕਰਨ ਦੀ ਗੱਲ ਮੰਨੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਉਹ ਹੋਰਾਂ ਸਾਥੀਆਂ ਨਾਲ ਅਜਮੇਰ ਸ਼ਰੀਫ਼, ਹੈਦਰਾਬਾਦ ਦੀ ਮੱਕਾ ਮਸਜਿਦ, ਸਮਝੌਤਾ ਐਕਸਪ੍ਰੈੱਸ ਅਤੇ ਮਾਲਗਾਂਓ ਧਮਾਕੇ ਵਿੱਚ ਸ਼ਾਮਲ ਸੀ। ਉਨ੍ਹਾਂ ਕਿਹਾ ਸੀ ਕਿ ਇਹ ਹਿੰਦੂਆਂ 'ਤੇ ਮੁਸਲਮਾਨਾਂ ਦੇ ਹਮਲਾ ਦਾ ਬਦਲਾ ਸੀ। ਹਾਲਾਂਕਿ ਬਾਅਦ ਵਿੱਚ ਉਨ੍ਹਾਂ ਨੇ ਐਨਆਈਏ ਦੀ ਅਦਾਲਤ ਵਿੱਚ ਕਿਹਾ ਕਿ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਸੀ ਇਸ ਲਈ ਡਰ ਦੇ ਮਾਰੇ ਉਨ੍ਹਾਂ ਨੇ ਇਹ ਬਿਆਨ ਦਿੱਤਾ ਸੀ।

ਦੋ ਮਾਮਲਿਆਂ ਵਿੱਚ ਬਰੀ ਹੋ ਜਾਣ ਤੋਂ ਬਾਅਦ ਅਸੀਮਾਨੰਦ ਹੁਣ ਸਿਰਫ਼ ਸਮਝੌਤਾ ਐਕਸਪ੍ਰੈੱਸ ਧਮਾਕੇ ਵਿੱਚ ਹੀ ਮੁਲਜ਼ਮ ਹਨ। ਸਮਝੌਤਾ ਐਕਸਪ੍ਰੈੱਸ ਦੇ ਦੋ ਕੋਚਾਂ ਵਿੱਚ 19 ਫਰਵਰੀ 2007 ਨੂੰ ਧਮਾਕਾ ਹੋਇਆ ਸੀ ਜਿਸ ਵਿੱਚ 68 ਲੋਕ ਮਾਰੇ ਗਏ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪਾਕਿਸਤਾਨੀ ਸੀ ਜਿਹੜੇ ਨਵੀਂ ਦਿੱਲੀ ਤੋਂ ਲਾਹੌਰ ਜਾ ਰਹੇ ਸੀ। ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਕਰੋਟ ਨੇ 2014 ਵਿੱਚ ਅਸੀਮਾਨੰਦ ਨੂੰ ਜ਼ਮਾਨਤ ਦੇ ਦਿੱਤੀ ਸੀ।



### ਕਾਂਗਰਸ ਨੇ ਉਠਾਏ ਸੁਆਲ

ਮੱਕਾ ਮਸਜਿਦ ਬੰਬ ਕਾਂਡ ਦੇ ਮੁਲਜ਼ਮਾਂ ਦੇ ਬਰੀ ਹੋਣ 'ਤੇ ਟਿੱਪਣੀ ਕਰਦਿਆਂ ਕਾਂਗਰਸ ਨੇ ਮੋਦੀ ਸਰਕਾਰ ਵਿੱਚ ਕੌਮੀ ਜਾਂਚ ਏਜੰਸੀ ਦੇ ਕੰਮ-ਢੰਗ ਉਤੇ ਸਵਾਲ ਉਠਾਏ ਹਨ। ਪਾਰਟੀ ਆਗੂ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਬਣਨ ਪਿੱਛੋਂ ਅਜਿਹੇ ਕੇਸਾਂ ਦੇ ਮੁਲਜ਼ਮ ਲਗਾਤਾਰ ਬਰੀ ਹੋ ਰਹੇ ਹਨ, ਜਿਸ ਕਾਰਨ ਲੋਕਾਂ ਦਾ ਜਾਂਚ ਏਜੰਸੀਆਂ ਤੋਂ ਭਰੋਸਾ ਉਠ ਰਿਹਾ ਹੈ। ਦੂਜੇ ਪਾਸੇ ਭਾਜਪਾ ਨੇ ਕਾਂਗਰਸ 'ਤੇ ਦੋਸ਼ ਲਾਇਆ ਕਿ ਇਸ ਦੀ ਹਿੰਦੂਆਂ ਨੂੰ 'ਬਦਨਾਮ' ਕਰਨ ਵਾਲੀ 'ਤੁਸ਼ਟੀਕਰਨ ਦੀ ਸਿਆਸਤ' ਦਾ ਪਰਦਾਫ਼ਾਸ਼ ਹੋ ਗਿਆ ਹੈ। ਪਾਰਟੀ ਤਰਜਮਾਨ ਸੰਬਿਤ ਪਾਤਰਾ ਨੇ ਕਿਹਾ ਕਿ ਇਸ ਲਈ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸੋਨੀਆ ਗਾਂਧੀ ਮੁਆਫ਼ੀ ਮੰਗਣ। ਸੀਪੀਆਈ ਨੇ ਵੀ ਇਸ ਸਬੰਧ ਵਿਚ ਐਨਆਈਏ ਦੀ ਸਖ਼ਤ ਨੁਕਤਾਚੀਨੀ ਕੀਤੀ ਹੈ।

## ਉਨਾਓ ਬਲਾਤਕਾਰ ਕਾਂਡ ਦੇ ਸਬੰਧ 'ਚ ਭਾਜਪਾ ਦਾ ਵਿਧਾਇਕ ਗ੍ਰਿਫਤਾਰ

**ਨਵੀਂ ਦਿੱਲੀ/ਨਿਊਜ਼ ਬਿਊਰੋ:** ਭਾਜਪਾ ਦੇ ਵਿਧਾਇਕ ਕੁਲਦੀਪ ਸਿੰਘ ਸੈਂਗਰ ਨੂੰ ਸੀਬੀਆਈ ਟੀਮ ਨੇ 17 ਸਾਲ ਦੀ ਲੜਕੀ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਸ਼ੁਕਰਵਾਰ ਸ਼ਾਮ ਨੂੰ ਗ੍ਰਿਫਤਾਰ ਕਰ ਲਿਆ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਲਖਨਊ ਸਥਿਤ ਦਫਤਰ ਵਿੱਚ ਇਸ ਤੋਂ ਪਹਿਲਾਂ ਦਿਨ ਵੇਲੇ ਉਸ ਕੋਲੋਂ 16 ਘੰਟੇ ਪੁੱਛਗਿੱਛ ਕੀਤੀ। ਇਸ ਮਾਮਲੇ ਨਾਲ ਸਬੰਧਤ ਤਿੰਨ ਕੇਸਾਂ ਦੀ ਸੀਬੀਆਈ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲਾ ਸੀਬੀਆਈ ਹਵਾਲੇ ਵੀਰਵਾਰ ਨੂੰ ਉੱਤਰ ਪ੍ਰਦੇਸ਼ ਸਰਕਾਰ ਉੱਤੇ ਪਏ ਭਾਰੀ ਦਬਾਅ ਤੋਂ ਬਾਅਦ ਕੀਤਾ ਗਿਆ ਹੈ। ਸੀਬੀਆਈ ਨੇ ਮੁੜ ਤੋਂ ਐਫਆਈਆਰਾਂ ਲਿਖ ਕੇ ਜਾਂਚ ਆਰੰਭ ਦਿੱਤੀ ਹੈ। ਚਾਰ ਵਾਰ ਵਿਧਾਇਕ ਬਣੇ ਸੈਂਗਰ ਨੂੰ ਸੀਬੀਆਈ ਨੇ ਸ਼ੁਕਰਵਾਰ ਸਵੇਰੇ 5:00 ਵਜੇ ਉਸ ਦੇ ਘਰ ਤੋਂ ਹਿਰਾਸਤ ਵਿੱਚ ਲੈ ਲਿਆ ਸੀ। ਇਸ ਦੌਰਾਨ ਅਲਾਹਾਬਾਦ ਹਾਈ ਕੋਰਟ ਨੇ ਸੀਬੀਆਈ ਨੂੰ ਹੁਕਮ ਦਿੱਤੇ ਹਨ ਕਿ ਵਿਧਾਇਕ ਸੈਂਗਰ ਨੂੰ ਤੁਰੰਤ ਗ੍ਰਿਤਾਰ ਕੀਤਾ ਜਾਵੇ। ਹਾਈ ਕੋਰਟ ਨੇ ਕਿਹਾ ਹੈ ਕਿ ਸਟੇਟਸ ਰਿਪੋਰਟ 2 ਮਈ ਤੱਕ ਅਦਾਲਤ ਨੂੰ ਸੌਂਪੀ ਜਾਵੇ। ਸੀਬੀਆਈ ਦੇ ਵਿਸ਼ੇਸ਼ ਮਾਹਿਰਾਂ ਨੇ ਜੇਲ੍ਹ ਵਿੱਚ ਘਟਨਾ ਸਥਾਨ ਦਾ ਦੌਰਾ ਕੀਤਾ ਹੈ ਜਿੱਥੇ ਪੀੜਤ ਲੜਕੀ ਦੇ ਪਿਤਾ ਦੀ ਮੌਤ ਹੋਈ ਸੀ। ਇਸ ਮੌਕੇ ਸੀਬੀਆਈ ਅਧਿਕਾਰੀਆਂ ਨੇ ਜੇਲ੍ਹ ਸਟਾਫ ਤੋਂ ਵੀ ਪੁੱਛਗਿੱਛ ਕੀਤੀ। ਸੀਬੀਆਈ ਵੱਲੋਂ ਪਹਿਲੀ ਦਰਜ ਕੀਤੀ ਐਫਆਈਆਰ ਵਿੱਚ ਬੰਗਰਮਾਓ ਦੇ ਵਿਧਾਇਕ ਕੁਲਦੀਪ ਸਿੰਘ ਸੈਂਗਰ ਤੇ ਇੱਕ ਔਰਤ ਸ਼ਸ਼ੀ ਸਿੰਘ ਦਾ ਨਾਂ ਮੁਲਜ਼ਮ ਵਜੋਂ ਸ਼ਾਮਲ ਹੈ। ਦੂਜੀ ਵਿੱਚ ਚਾਰ ਸਥਾਨਕ ਵਸਨੀਕ ਸ਼ਾਮਲ ਹਨ, ਜਿਨ੍ਹਾਂ ਨੇ ਲੜਕੀ ਦੇ ਪਿਤਾ ਦੀ ਕੁੱਟਮਾਰ ਕੀਤੀ ਸੀ ਅਤੇ ਇਨ੍ਹਾਂ ਉੱਤੇ ਉਸ ਦੀ ਜੁਡੀਸ਼ੀਅਲ ਹਿਰਾਸਤ ਦੌਰਾਨ ਹੱਤਿਆ ਕਰਨ ਦਾ ਵੀ ਦੋਸ਼ ਹੈ। ਤੀਜਾ ਮਾਮਲਾ ਪੀੜਤ ਦੇ ਪਿਤਾ ਵਿਰੁੱਧ ਦਰਜ ਆਰਮਜ਼ ਐਕਟ ਦਾ ਹੈ। ਇਸ ਦੌਰਾਨ ਹੀ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਵੀ ਭਰੋਸਾ ਦਿੱਤਾ ਹੈ ਕਿ ਉਨਾਓ ਬਲਾਤਕਾਰ ਕਾਂਡ ਦੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।




ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

# ਗਾਇਕ ਪਰਮੀਸ਼ ਵਰਮਾ ਉੱਤੇ ਕਾਤਲਾਨਾ ਹਮਲਾ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼:**
ਪੰਜਾਬੀ ਗਾਇਕ ਪਰਮੀਸ਼ ਵਰਮਾ ਨੂੰ ਇੱਕ ਗੈਂਗਸਟਰ ਨੇ ਰਸਤੇ ਵਿੱਚ ਘੇਰ ਕੇ ਸ਼ਰ੍ਹੇਆਮ ਗੋਲੀ ਮਾਰ ਦਿੱਤੀ ਪਰ ਗਾਇਕ ਦੀ ਕਿਸਮਤ ਚੰਗੀ ਸੀ ਕਿ ਉਹ ਬਚ ਗਿਆ। ਪੰਜਾਬੀ ਗੀਤ 'ਗਾਲ੍ਹ ਨੀ ਕੱਢਣੀ' ਨਾਲ ਮਸ਼ਹੂਰ ਹੋਏ ਗਾਇਕ ਤੇ ਅਦਾਕਾਰ ਪਰਮੀਸ਼ ਵਰਮਾ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਚਲਾ ਦਿੱਤੀ। ਉਸ ਨੂੰ ਤੁਰੰਤ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਉਸ ਦੇ ਗੋਡੇ ਵਿੱਚ ਗੋਲੀ ਲੱਗੀ ਪਰ ਡਾਕਟਰਾਂ ਅਨੁਸਾਰ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਹਾਲਾਂਕਿ ਪੁਲੀਸ ਹਮਲਾਵਰਾਂ ਦੀ ਭਾਲ ਕਰ ਹੀ ਰਹੀ ਸੀ ਕਿ ਐਨੇ ਵਿੱਚ ਦਿਲਪ੍ਰੀਤ ਸਿੰਘ ਉਰਫ਼ ਬਾਬਾ ਨਾਂਅ ਦੇ ਇੱਕ ਗੈਂਗਸਟਰ ਨੇ ਫੇਸਬੁੱਕ 'ਤੇ ਗਾਇਕ ਨੂੰ ਗੋਲੀ ਮਾਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਉਸ ਨੇ ਧਮਕੀ ਦਿੱਤੀ ਕਿ ਉਹ ਪਰਮੀਸ਼ ਨੂੰ ਜ਼ਿਊਂਦਾ ਨਹੀਂ ਛੱਡੇਗਾ। ਇਸ ਵਾਰ ਤਾਂ ਗਾਇਕ ਬਚ ਗਿਆ ਪਰ ਅਗਲੀ ਵਾਰ ਨਹੀਂ ਬਚੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਪਰਮੀਸ਼ ਵਰਮਾ ਦਾ ਸ਼ੁਕਰਵਾਰ ਸ਼ਾਮੀਂ ਚੰਡੀਗੜ੍ਹ ਐਲਾਂਤੇ ਮਾਲ ਵਿੱਚ ਪ੍ਰੋਗਰਾਮ ਸੀ ਅਤੇ ਉਹ ਰਾਤੀਂ ਕਰੀਬ ਸਾਢੇ 11:00 ਵਜੇ ਪ੍ਰੋਗਰਾਮ ਖ਼ਤਮ ਕਰ ਕੇ ਆਪਣੇ ਘਰ ਪਰਤ ਰਿਹਾ ਸੀ। ਦੱਸਿਆ ਗਿਆ ਹੈ ਕਿ ਗਾਇਕ ਮੁਹਾਲੀ ਦੇ ਸੈਕਟਰ-74 ਵਿੱਚ ਰਹਿੰਦਾ ਹੈ ਅਤੇ ਘਰ ਆਉਣ ਤੋਂ ਪਹਿਲਾਂ ਉਹ ਆਪਣੇ ਕਿਸੇ ਜਾਣਕਾਰ ਨੂੰ ਇੱਥੋਂ ਦੇ ਸੈਕਟਰ-91 ਵਿੱਚ ਛੱਡਣ ਜਾ ਰਿਹਾ ਸੀ ਕਿ ਰਸਤੇ ਵਿੱਚ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੀ ਕਾਰ ਦੇ ਬਰਾਬਰ ਕਾਰ ਖੜੀ ਕਰ ਦਿੱਤੀ ਅਤੇ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਵਿੱਚ ਤਕਰਾਰ ਹੋ ਗਈ ਅਤੇ ਦੇਖਦੇ ਹੀ ਦੇਖਦੇ ਹੀ ਗੈਂਗਸਟਰ ਦਿਲਪ੍ਰੀਤ ਸਿੰਘ ਨੇ ਗੋਲੀ ਚਲਾ ਦਿੱਤੀ। ਹਾਲਾਂਕਿ ਪਰਮੀਸ਼ ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਹੈ



ਕਿ ਉਹ ਹਮਲਾਵਰ ਨੂੰ ਨਹੀਂ ਜਾਣਦਾ ਹੈ ਪ੍ਰੰਤੂ ਫੇਸਬੁੱਕ 'ਤੇ ਗੈਂਗਸਟਰ ਦਿਲਪ੍ਰੀਤ ਸਿੰਘ ਨੇ ਗਾਇਕ ਨੂੰ ਗੋਲੀ ਮਾਰਨ ਦੀ ਗੱਲ ਕਬੂਲ ਕੇ ਸਾਰੀ ਸਥਿਤੀ ਸਪੱਸ਼ਟ ਕਰ ਦਿੱਤੀ।

ਪਰਮੀਸ਼ ਵਰਮਾ 'ਤੇ ਹੋਏ ਕਾਤਲਾਨਾ ਹਮਲੇ ਦੇ ਮਾਮਲੇ ਵਿੱਚ ਮੁਹਾਲੀ ਪੁਲੀਸ ਵੱਲੋਂ ਬੱਦੀ ਵਿੱਚੋਂ ਗ੍ਰਿਫ਼ਤਾਰ ਕੀਤੇ ਗਏ ਹਰਵਿੰਦਰ ਸਿੰਘ ਉਰਫ਼ ਹੈਪੀ ਸੋਮਵਾਰ ਮੁਹਾਲੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਹੈਪੀ ਨੂੰ ਪੰਜ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਅਦਾਲਤ ਵਿੱਚ ਪੇਸ਼ ਜਾਂਚ ਅਧਿਕਾਰੀ ਅਤੇ ਸਰਕਾਰੀ ਵਕੀਲ ਨੇ ਹੈਪੀ ਦੇ 10 ਦਿਨ ਦੇ ਪੁਲੀਸ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਗਾਇਕ ਨੂੰ ਗੋਲੀ ਮਾਰਨ ਸਬੰਧੀ ਸੋਸ਼ਲ ਮੀਡੀਆ 'ਤੇ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਹੈ। ਇਸ ਸਬੰਧੀ ਹੈਪੀ ਤੋਂ ਦਿਲਪ੍ਰੀਤ ਦੇ ਟਿਕਾਣਿਆਂ ਬਾਰੇ ਪਤਾ ਕਰਨਾ ਹੈ, ਕਿਉਂਕਿ ਹੈਪੀ ਦਿਲਪ੍ਰੀਤ ਦੇ ਸੰਪਰਕ ਵਿੱਚ ਸੀ।

## ਮਾਮਲੇ ਨੂੰ ਧਰਮ ਨਾਲ ਨਾ ਜੋੜੋ-ਦਿਲਪ੍ਰੀਤ ਬਾਬਾ

ਉਧਰ, ਗੈਂਗਸਟਰ ਦਿਲਪ੍ਰੀਤ ਸਿੰਘ ਉਰਫ਼ ਬਾਬਾ ਅਜੇ ਤਾਈਂ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਇਸ ਸਬੰਧੀ ਪੁਲੀਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਗੁਪਤ ਸੂਚਨਾਵਾਂ ਨੂੰ ਆਧਾਰ ਬਣਾ ਕੇ ਕਾਫੀ ਥਾਵਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਇਸ ਤੋਂ ਇਲਾਵਾ ਪੁਲੀਸ ਵੱਲੋਂ ਸੋਸ਼ਲ ਮੀਡੀਆ 'ਤੇ ਅਪਲੋਡ ਹੋ ਰਹੀਆਂ ਖ਼ਬਰਾਂ ਅਤੇ ਟਿੱਪਣੀਆਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਇਸੇ ਦੌਰਾਨ ਦਿਲਪ੍ਰੀਤ ਨੇ ਫਿਰ ਆਪਣੇ ਫੇਸਬੁੱਕ ਅਕਾਊਂਟ ਦੀ ਵਰਤੋਂ ਕਰਦਿਆਂ ਨਵੀਂ ਸੂਚਨਾ ਅਪਲੋਡ ਕੀਤੀ ਹੈ, ਜਿਸ ਵਿੱਚ ਉਸਨੇ ਕਿਹਾ ਹੈ ਕਿ ਗਾਇਕ ਪਰਮੀਸ਼ ਵਰਮਾ ਨੂੰ ਉਸ ਨੇ ਹੀ ਗੋਲੀ ਮਾਰੀ ਸੀ ਅਤੇ ਪੁਲੀਸ ਬੇਕਸੂਰ ਲੋਕਾਂ ਨੂੰ ਤੰਗ-ਪ੍ਰੇਸ਼ਾਨ ਨਾ ਕਰੇ। ਉਸ ਨੇ ਗਾਇਕ 'ਤੇ ਹਮਲਾ ਕਰਨ ਵੇਲੇ ਉਸ ਨਾਲ ਮੌਜੂਦ ਆਪਣੇ ਤਿੰਨ ਹੋਰ ਸਾਥੀਆਂ ਦੇ ਨਾਂ ਵੀ ਨਸ਼ਰ ਕੀਤੇ ਹਨ, ਜਿਨ੍ਹਾਂ ਵਿੱਚ ਅਕਾਸ਼ ਮਹਾਰਾਸ਼ਟਰ, ਹਰਜਿੰਦਰ ਸਿੰਘ ਮਹਾਰਾਸ਼ਟਰ ਅਤੇ ਸੁਖਪ੍ਰੀਤ ਸਿੰਘ ਬੁੱਢਾ ਸ਼ਾਮਲ ਹਨ। ਦਿਲਪ੍ਰੀਤ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਨੂੰ ਕਿਸੇ ਵਿਸ਼ੇਸ਼ ਧਰਮ ਨਾਲ ਨਾ ਜੋੜਨ ਅਤੇ ਨਾ ਹੀ ਇਸ ਮਾਮਲੇ ਨੂੰ ਗਲਤ ਰੰਗਤ ਦਿੱਤੀ ਜਾਵੇ। ਉਸ ਨੇ ਕਿਹਾ ਕਿ ਸਾਡੀ ਕਿਸੇ ਵੀ ਧਰਮ ਨਾਲ ਕੋਈ ਦੁਸ਼ਮਣੀ ਨਹੀਂ ਹੈ। ਇਸ ਪਿੱਛੇ ਗੱਲ ਕੋਈ ਹੋਰ ਵੀ ਹੋ ਸਕਦੀ ਹੈ।



ਉਧਰ, ਦੂਜੇ ਪਾਸੇ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਗਾਇਕ ਪਰਮੀਸ਼ ਵਰਮਾ ਨੇ ਵੀ ਆਪਣੇ ਪ੍ਰਸ਼ੰਸਕਾਂ ਲਈ ਸੋਸ਼ਲ ਮੀਡੀਆ 'ਤੇ ਇੱਕ ਫੋਟੋ ਅਪਲੋਡ ਕੀਤੀ ਹੈ, ਜਿਸ ਵਿੱਚ ਉਹ ਹਸਪਤਾਲ ਦੇ ਬੈੱਡ 'ਤੇ ਖਾਣਾ ਖਾ ਰਿਹਾ ਹੈ। ਉਸ ਨੇ ਫੋਟੋ ਉੱਤੇ ਜਲਦੀ ਠੀਕ ਹੋਣ ਦਾ ਸੁਨੇਹਾ ਵੀ ਦਿੱਤਾ ਹੈ।

# ਵਿਸਾਖੀ ਮੌਕੇ ਕਾਨਫਰੰਸਾਂ 'ਚ ਅਕਾਲੀਆਂ ਤੇ ਕਾਂਗਰਸੀਆਂ 'ਚ ਸਿਆਸੀ ਯੁੱਧ

**ਤਲਵੰਡੀ ਸਾਬੋ/ਬਿਊਰੋ ਨਿਊਜ਼:**
ਦਮਦਮਾ ਸਾਹਿਬ ਵਿਖੇ ਵਿਸਾਖੀ ਦਿਹਾੜੇ ਮੌਕੇ ਹੋਈ ਕਾਂਗਰਸ ਸਰਕਾਰ ਦੀ ਕਾਨਫ਼ਰੰਸ ਖ਼ੁਸ਼ਕ ਰਹੀ। ਇਸ 'ਚ ਨਾ ਕੋਈ ਏਜੰਡਾ, ਨਾ ਕੋਈ ਨਾਅਰਾ, ਨਾ ਕੋਈ ਜੋਸ਼ ਤੇ ਨਾ ਕੋਈ ਉਤਸ਼ਾਹ ਦਿਖਾਈ ਦਿੱਤਾ। ਅਫ਼ਸਰ ਆਪਣੀ ਡਿਊਟੀ ਵਜਾਉਂਦੇ ਰਹੇ ਤੇ ਲੀਡਰ ਸੁਸਤਾਉਂਦੇ ਰਹੇ। ਹਲਕਿਆਂ ਵਿੱਚੋਂ ਵਰਕਰ ਲਿਆਉਣ ਲਈ ਵੀ ਕੋਈ ਤਾਣ ਨਹੀਂ ਲੱਗਾ। ਕਾਨਫ਼ਰੰਸ 'ਚ ਨਾ ਕੋਈ ਨਾਅਰਾ ਗੂੰਜਿਆ ਤੇ ਨਾ ਹੀ ਲੋਕਾਂ ਨੇ ਲੀਡਰਾਂ ਦੇ ਭਾਸ਼ਣਾਂ ਦਾ ਹੁੰਗਾਰਾ ਭਰਿਆ। ਕਾਂਗਰਸ ਹਕੂਮਤ ਬਣਨ ਮਗਰੋਂ ਦੂਜੀ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਸਾਖੀ ਦਿਹਾੜੇ ਉੱਤੇ ਨਾ ਪੁੱਜੇ। ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਵਿਸਾਖੀ ਕਾਨਫ਼ਰੰਸ ਦੇ ਮੁੱਖ ਮਹਿਮਾਨ ਸਨ ਜਿਨ੍ਹਾਂ ਨੇ ਇੱਕ ਵਰ੍ਹੇ ਦੀ ਕਾਰਗੁਜ਼ਾਰੀ 'ਤੇ ਸਫ਼ਾਈ ਪੇਸ਼ ਕੀਤੀ। ਰਾਜ ਪੱਧਰੀ ਸਮਾਗਮਾਂ 'ਚ ਪੰਚਾਇਤੀ ਚੋਣਾਂ ਦੇ ਚਰਚੇ ਹੋਏ ਅਤੇ ਲੰਗਰ ਤੇ ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਦੇ ਮੁਆਫ਼ ਕੀਤੇ ਜੀਐਸਟੀ ਨੂੰ ਪ੍ਰਾਪਤੀ ਵਜੋਂ ਉਭਾਰਿਆ ਗਿਆ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਭਾਸ਼ਣ 'ਚ ਖ਼ਾਲਸਾ ਸਾਜਣਾ ਦਿਵਸ ਦੀ ਵਧਾਈ ਦਿੰਦੇ ਹੋਏ ਆਖਿਆ ਕਿ ਕਾਂਗਰਸ ਸਰਕਾਰ ਤਰਫ਼ੋਂ ਸਤੰਬਰ 2018 ਤੱਕ 10 ਲੱਖ ਛੋਟੇ ਅਤੇ ਮੱਧ ਵਰਗ ਦੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਦਿੱਤੇ ਜਾਣਗੇ, ਜਿਸ ਲਈ ਸਰਕਾਰ ਨੇ ਖ਼ੁਦ ਕਰਜ਼ਾ ਚੁੱਕਿਆ ਹੈ।

ਕਰਜ਼ਾ ਮੁਆਫ਼ੀ ਦੇ ਚਾਰ ਪੜਾਅ ਮੁਕੰਮਲ ਹੋ ਗਏ ਹਨ। ਇਸੇ ਤਰ੍ਹਾਂ ਦਲਿਤ ਪਰਿਵਾਰਾਂ ਵੱਲੋਂ ਐੱਸ ਸੀ/ਬੀ ਸੀ ਕਾਰਪੋਰੇਸ਼ਨ ਤੋਂ ਲਿਆ ਗਿਆ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਵੀ ਸੂਬਾ ਸਰਕਾਰ ਵੱਲੋਂ ਮੁਆਫ਼ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਨੇ ਆਖਿਆ ਕਿ ਸਰਕਾਰ ਨੇ ਇੱਕ ਵਰ੍ਹੇ ਵਿੱਚ ਆਪਣੇ ਖ਼ਰਚੇ 102 ਫ਼ੀਸਦੀ ਤੋਂ ਘਟਾ ਕੇ 88 ਫ਼ੀਸਦੀ ਕਰ ਲਏ ਹਨ ਅਤੇ ਜਲਦੀ ਪੰਜਾਬ ਨੂੰ ਪੈਰਾਂ ਸਿਰ ਖੜ੍ਹਾ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਦੋ ਮਹੀਨੇ ਹਕੂਮਤ ਦੇ ਮੰਗਣ ਵਾਲੇ ਸੁਖਬੀਰ ਬਾਦਲ ਦਾ ਢਿੱਡ 10 ਵਰ੍ਹਿਆਂ 'ਚ ਭਰਿਆ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸ਼ਾਹਪੁਰ ਕੰਢੀ ਡੈਮ ਭਾਗ-ਦੂਜਾ ਦੇ ਮੁਕੰਮਲ ਹੋਣ ਨਾਲ ਪੰਜਾਬ ਨੂੰ 200 ਮੈਗਾਵਾਟ ਸਸਤੀ ਅਤੇ ਪ੍ਰਦੂਸ਼ਣ ਰਹਿਤ ਵਾਧੂ ਬਿਜਲੀ ਮਿਲੇਗੀ। ਇਸ ਪ੍ਰਾਜੈਕਟ ਤੋਂ 75000 ਏਕੜ ਰਕਬੇ ਨੂੰ ਸਿੰਜਾਈ ਲਈ ਪਾਣੀ ਦਿੱਤਾ ਜਾਵੇਗਾ।

ਉਨ੍ਹਾਂ ਆਖਿਆ ਕਿ ਪੰਥਕ ਪਾਰਟੀ ਦੀ ਹਰਸਿਮਰਤ ਕੌਰ ਬਾਦਲ ਨੇ ਮੋਦੀ ਕੈਬਨਿਟ ਕੋਲ ਲੰਗਰ ਤੋਂ ਜੀਐਸਟੀ ਹਟਾਏ ਜਾਣ ਬਾਰੇ ਮੂੰਹ ਨਹੀਂ ਖੋਲ੍ਹਿਆ। ਤੇਲਗੂ ਦੇਸਮ ਦੇ ਦੋ ਵਜ਼ੀਰਾਂ ਨੇ ਆਂਧਰਾ ਪ੍ਰਦੇਸ਼ ਦੇ ਹਿਤਾਂ ਲਈ ਅਸਤੀਫ਼ੇ ਦੇ ਦਿੱਤੇ ਹਨ, ਹਰਸਿਮਰਤ ਨੂੰ ਕੇਂਦਰ 'ਚ ਬੈਠਣ ਦਾ ਕੀ ਅਧਿਕਾਰ ਹੈ ? ਉਨ੍ਹਾਂ ਕਿਹਾ ਕਿ ਇਸੇ ਵਿੱਦਿਅਕ ਸੈਸ਼ਨ ਤੋਂ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਬਠਿੰਡਾ ਅਤੇ ਮਾਨਸਾ ਬੱਸ ਅੱਡਿਆਂ ਦਾ ਵਿਕਾਸ ਅਤੇ ਸੁੰਦਰੀ-ਕਰਨ ਕੀਤਾ ਜਾਵੇਗਾ। ਉਨ੍ਹਾਂ ਤਲਵੰਡੀ ਸਾਬੋ ਅਤੇ ਰਾਮਾਂ ਵਿੱਚ ਵੱਡੇ ਪਾਰਕ ਵਿਕਸਿਤ ਕਰਨ ਲਈ 1 ਕਰੋੜ ਰੁਪਏ ਦੇ ਫ਼ੰਡ ਦੇਣ ਦਾ ਐਲਾਨ ਕੀਤਾ। ਤਲਵੰਡੀ ਸਾਬੋ ਦੇ ਕਾਂਗਰਸੀ ਇੰਚਾਰਜ ਖ਼ੁਸ਼ਬਾਜ਼ ਜਟਾਣਾ ਨੇ ਸਵਾਗਤ ਕਰਦਿਆਂ ਤਲਵੰਡੀ ਸਾਬੋ ਹਲਕੇ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

CAPITAL ACCOUNTING & TAX SERVICES

HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਰਾਜਾ ਸਵੀਟਸ ਦੇ ਮੱਖਣ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਵਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਨੂੰ ਐਂਬੂਲੈਂਸ ਵੈਨ ਭੇਂਟ

**ਨਵਾਂ ਸ਼ਹਿਰ/ਬਿਊਰੋ ਨਿਊਜ਼:** ਅਮਰੀਕਾ ਦੇ ਪੰਜਾਬੀ ਭਾਈਚਾਰੇ ’ਚ ਆਪਣੀਆਂ ਸਮਾਜ ਸੇਵੀ ਸੇਵਾਵਾਂ ਲਈ ਮਾਣ ਸਤਿਕਾਰ ਨਾਲ ਜਾਣੇ ਜਾਂਦੇ ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਵਲੋਂ ਆਪਣੀ ਕਿਰਤ ਕਮਾਈ ਦੇ ਹਿੱਸੇ ’ਚੋਂ ਗੁਰੂ ਨਾਨਕ ਮਿਸ਼ਨ ਹਸਲਪਤਾਲ ਨਵਾਂਗਰਾਂ ਕੁੱਲਪੁਰ (ਹੁਸ਼ਿਆਰਪੁਰ) ਨੂੰ ਇਕ ਐਂਬੂਲੈਂਸ ਵੈਨ ਲਈ ਨਕਦ ਰਾਸ਼ੀ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਬਾਨੀ ਅਤੇ ਨਵਾਂਗਰਾਂ ਕੁੱਲਪੁਰ ਦੇ ਮੁੱਖ ਪ੍ਰਬੰਧਕ ਬਾਬਾ ਬੁੱਧ ਸਿੰਘ ਢਾਹਾਂ ਨੂੰ ਭੇਂਟ ਕੀਤੀ ਗਈ। ਇਸ ਮੌਕੇ ਤੇ ਮੈਡਮ ਸੁਸ਼ੀਲ ਕੌਰ ਵੀ ਹਾਜ਼ਰ ਸਨ । ਇਹ ਰਾਸ਼ੀ ਐੱਸ.ਅਸ਼ੋਕ.ਭੌਰਾ ਰਾਹੀਂ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਮਰੀਜ਼ਾਂ ਦੇ ਲੰਗਰ ਲਈ ਅਤੇ ਕੈਂਸਰ ਤੇ ਹੋਰ ਕਈ ਖਤਰਨਾਕ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਮਾਲੀ ਇਮਦਾਦ ਵੀ ਦਿੱਤੀ ਗਈ। ਹਸਪਤਾਲ ਲਈ ਲੋੜੀਂਦੇ ਅਧੁਨਿਕ ਸਾਜ਼ੋ ਸਮਾਨ ਲਈ ਵੀ ਸਹਿਯੋਗ ਕੀਤਾ ਗਿਆ। ਬਿਮਾਰ ਅਵਸਥਾ ਵਿਚ ਚੱਲ ਰਹੇ ਬਾਬਾ ਬੁੱਧ ਸਿੰਘ ਢਾਹਾਂ ਭਾਵੇਂ ਆਪ ਤਾਂ ਗੱਲਬਾਤ ਕਰਨ ਤੋਂ ਅਸਮਰੱਥ ਸਨ ਪਰ ਬੀਬੀ ਸੁਸ਼ੀਲ ਕੌਰ ਤੇ ਰਘੁਬੀਰ ਸਿੰਘ ਨੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੰਢੀ ਖੇਤਰ ’ਚ ਪਛੜੇ ਵਰਗ ਦੇ ਲੋਕਾਂ ਲਈ ਚਲਾਏ ਜਾ ਰਹੇ ਇਸ ਹਸਪਤਾਲ ਲਈ ਮਾਲੀ ਮਦਦ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਹੋਰ ਵੀ ਦਾਨੀ ਮਹਾਂਪੁਰਸ਼ ਇਸ ਹਸਪਤਾਲ ਦੀ ਮਦਦ ਲਈ ਅੱਗੇ ਆਉਣਗੇ। ਮੱਖਣ ਸਿੰਘ ਬੈਂਸ ਨੇ ਕਿਹਾ ਕਿ ਜਦੋਂ ਐੱਸ.ਪੀ. ਸਿੰਘ ਓਬਰਾਏ ਅਮਰੀਕਾ ਆਏ ਸਨ ਤਾਂ ਉਨ੍ਹਾਂ ਇਹ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਸੀ ਤੇ ਉਹ ਆਪਣਾ ਵਾਅਦਾ ਪੂਰਾ ਕਰਕੇ ਮਨੋਂ ਸੰਤੁਸ਼ਟ ਹਨ।





## ਹੱਸਦਾ ਪੰਜਾਬ ਡੈਲਸ ਦਾ ਵਿਸਾਖੀ ਮੇਲਾ 5 ਮਈ ਸ਼ਨਿੱਚਰਵਾਰ ਨੂੰ

**ਡੈਲਸ-ਟੈਕਸਸ/ਹਰਜੀਤ ਢੇਸੀ:** ਸਥਾਨਕ ਪੰਜਾਬੀ ਸਭਿਆਚਾਰਕ ਸੰਸਥਾ ‘ਹੱਸਦਾ ਪੰਜਾਬ’ ਵਲੋਂ ਸਾਲਾਨਾ ਵਿਸਾਖੀ ਮੇਲਾ ਆਉਂਦੀ 5 ਮਈ, ਸ਼ਨਿੱਚਰਵਾਰ ਨੂੰ ਪਲੈਨੋ ਸਿਵਿਕ ਸੈਂਟਰ (2000 ਈਸਟ ਸਪਰਿੰਕ ਕਰੀਕ, ਪਲੈਨੋ) ਵਿਚ ਬਾਅਦ ਦੁਪਹਿਰ 3:00 ਵਜੇ ਤੋਂ ਦੇਰ ਰਾਤ ਤੱਕ ਕਰਵਾਇਆ ਜਾਵੇਗਾ। ਵਿਸਾਖੀ ਮੇਲੇ ਸਬੰਧੀ ਸੰਸਥਾ ਦੀ ਹੋਈ ਇਕ ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਦੀ ਰੂਪ-ਰੇਖਾ ਉਲੀਕੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੇਲੇ ਵਿਚ ਚੋਟੀ ਦੀਆਂ ਗਿੱਧਾ ਅਤੇ ਭੰਗੜਾ ਟੀਮਾਂ ਪਹੁੰਚ ਰਹੀਆਂ ਹਨ। ਪ੍ਰਸਿੱਧ ਲੋਕ ਗਾਇਕ ਸੁਖਸ਼ਿੰਦਰ ਸ਼ਿੰਦਾ ਅਤੇ ਗਾਈਕਾ ਜੈਨੀ ਜੌਹਲ ਇਸ ਮੌਕੇ ਪਹੁੰਚ ਰਹੇ ਹਨ। ਮੇਲੇ ਦਾ ਮੰਚ ਸੰਚਾਲਨ ਪੰਜਾਬੀ ਦੀ ਸਟੇਜਾਂ ਦੀ ਉੱਘੀ ਕਲਾਕਾਰ ਬੀਬੀ ਆਸ਼ਾ ਸ਼ਰਮਾ ਜੀ ਕਰਨਗੇ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਮੇਲੇ ਦੇ ਗਰੈਂਡ ਸਪਾਂਸਰ ਹਰਪ੍ਰੀਤਮ ਸਿੰਘ ਅਤੇ ਪਰਿਵਾਰ ਜਦਕਿ ਮੁੱਖ ਮਹਿਮਾਨ ਕਰਨੈਲ ਸਿੰਘ ਅਤੇ ਕਮਲਜੀਤ ਸਿੰਘ ਹੋਣਗੇ। ਪਰਾਊਡ ਸਪਾਂਸਰ ਗੁਰਦੇਵ ਹੇਅਰ, ਪਰਦੀਪ ਗਰਚਾ, ਲਾਲੀ ਸੰਧੂ, ਗੁਰਪ੍ਰੀਤ ਬਢਿਆਲ, ਪਲਾਟੀਨਮ ਸਪਾਂਸਰ ਸੁਰਜੀਤ ਸਿੰਘ, ਕੁਲਜੀਤ ਚੀਮਾ, ਡਾਇਮੰਡ ਸਪਾਂਸਰ ਰਤਨ ਸਿੰਘ ਅਤੇ ਕੁਲਦੀਪ ਮੱਟੂ ਤਹਿਸੀਲ ਧਾਲੀਵਾਲ ਅਤੇ ਰਮਨ ਸੈਣੀ ਸਿਲਵਰ ਸਪਾਂਸਰ ਹੋਣਗੇ।

ਹੋਰ ਜਾਣਕਾਰੀ ਲਈ ਬਿੱਲੂ ਬੈਨੀਪਾਲ ਫੋਨ ਨੰਬਰ 940-391-4517 ਅਤੇ ਹਰਦੀਪ ਗੁਰਨਾ 510-299-4747 ’ਤੇ ਸੰਪਰਕ ਕੀਤਾ ਜਾ ਸਕਦਾ ਹੈ।




# WHITE HAWK TRUCKING INC

***Need Drivers & Owner Operators***

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

***Call for more Info:***

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205


ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਤੇ ਪੰਜਾਬੀਆਂ ਨੂੰ ਵਿਸਾਖੀ ਦੀ ਵਧਾਈ ਨਾ ਦਿੱਤੀ

## ਟਰੂਡੋ ਨੇ ਦੁਨੀਆ ਭਰ ਵਿਚ ਵੱਸਦੇ ਸਿੱਖ ਭਾਈਚਾਰਿਆਂ ਨੂੰ ਦਿੱਤੀਆਂ ਵਿਸਾਖੀ ਦੀਆਂ ਵਧਾਈਆਂ




**ਜਲੰਧਰ/ਬਿਊਰੋ ਨਿਊਜ਼:** ਇਸ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਤੇ ਪੰਜਾਬੀਆਂ ਨੂੰ ਵਿਸਾਖੀ 'ਤੇ ਵਧਾਈ ਦੇਣ ਤੋਂ ਕਿਨਾਰਾ ਕਰ ਗਏ। ਇਸ ਸੰਬੰਧੀ ਸ਼ੋਸ਼ਲ ਮੀਡੀਏ 'ਤੇ ਸਿੱਖ ਭਾਈਚਾਰੇ ਨੇ ਤਿੱਖੀ ਬਹਿਸ ਛੇੜੀ ਹੋਈ ਹੈ। ਸ਼ੋਸ਼ਲ ਮੀਡੀਏ 'ਤੇ ਇਹ ਪੋਸਟ ਹੈ ਕਿ ਤੁਸੀਂ ਜਾਣਦੇ ਹੋ ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਸਿਖ ਪੰਥ ਤੇ ਪੰਜਾਬੀਆਂ ਨੂੰ ਖਾਲਸਾ ਪੰਥ ਦੀ ਸਿਰਜਣਾ ਦੀ ਵਧਾਈ ਨਹੀਂ ਦਿੱਤੀ। ਵਿਚਾਰੇ ਭੁਲ ਗਏ! ਮੋਦੀ ਸਾਬ ਜੇ ਪ੍ਰਧਾਨ ਮੰਤਰੀ ਹੋ ਕੇ ਭੁਲ ਗਏ ਤਾਂ ਦੇਸ ਕਿਵੇਂ ਚਲਾਉਣਗੇ? ਇਹ ਭੁਲਣ ਦੀ ਬਿਮਾਰੀ ਕਿਉਂ? ਵੈਸੇ ਉਹਨਾਂ ਨੂੰ ਆਪਣੇ ਚਹੇਤੇ ਸੰਤ ਰਾਮਦੇਵ ਕੋਲ ਦਿਮਾਗੀ ਸ਼ਕਤੀ ਤੇਜ਼ ਕਰਨ ਦੀ ਦਵਾਈ ਲੈ ਲੈਣੀ ਚਾਹੀਦੀ ਸੀ। ਅਸਲ ਵਿਚ ਇਹ ਮੁੱਦਾ ਨਹੀਂ ਜਿੰਝ ਤੁਸੀਂ ਸੋਚ ਰਹੇ ਹੋ। ਅਸਲ ਵਿਚ ਵਿਸਾਖੀ ਦੌਰਾਨ ਖਾਲਸਾ ਪੰਥ ਦੀ ਸਿਰਜਣਾ ਕਿਰਤੀਆਂ ਤੇ ਦਬੇ ਕੁਚਲਿਆਂ ਦਾ ਇਨਕਲਾਬ ਸੀ ਜੋ ਮਨੂੰਸਿਮਰਤੀ ਦੇ ਵਾਰਸਾਂ ਤੇ ਆਰੀਅਨ ਪੁੱਤਰਾਂ ਪਹਾੜੀ ਰਾਜਿਆਂ ਨੂੰ ਪਸੰਦ ਨਹੀਂ ਸੀ। ਮੋਦੀ ਸਾਹਿਬ ਵੀ ਆਰੀਅਨ ਪੁੱਤਰ ਨੇ। ਭਾਈ ਕੋਇਰ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਵਿਚ ਬ੍ਰਾਹਮਣਾਂ ਅਤੇ ਪਹਾੜੀ ਰਾਜਿਆਂ ਦੇ ਵਿਰੋਧ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਉਨ੍ਹਾਂ ਦਾ ਵੱਡਾ ਇਤਰਾਜ਼ ਇਹੀ ਸੀ ਕਿ ਛੋਟੇ-ਵੱਡੇ ਚਾਰ ਵਰਨਾਂ ਨੂੰ ਇਕ-ਸਮਾਨ ਕਿਉਂ ਕੀਤਾ ਹੈ? ਤੁਸੀਂ ਸਾਨੂੰ ਜੱਟਾਂ-ਬੂਟਾਂ ਤੇ ਨਾਈਆਂ ਝੀਰਾਂ ਨਾਲ ਮਿਲ ਬੈਠਣ ਲਈ ਕਹਿੰਦੇ ਹੋ-

ਹੋ ਰਾਜਪੂਤ ਕਰੈਂ ਜਟ ਸੋ ਮਿਲ ਭੋਜਨ<br>
ਔਰ ਸੁ ਨਾਈ ਕੇ ਸੰਗ ਮਿਲਾਹੀ।<br>
ਧ੍ਰਿੱਗ ਭਨੇ ਹਮ ਕੋ ਇਸ ਲੋਕ ਮੈ<br>
ਓਕ ਮੈ ਥਾਉਂ ਕਬੀ ਨਹਿ ਪਾਹੀ।<br>
(ਅਧਿ: ਨੌਵਾਂ)

ਦਸਮ ਪਾਤਸ਼ਾਹ ਨੇ ਕਿਹਾ ਕਿ ਮੈਂ ਤਾਂ ਜ਼ੁਲਮੀ ਰਾਜ ਦੀ ਜੜ੍ਹ ਪੁੱਟਣ ਲਈ ਸਮੂਹ ਸਮਾਜ ਨੂੰ ਸੰਗਠਿਤ ਕਰਨਾ ਚਾਹੁੰਦਾ ਹਾਂ। ਜੇ ਤੁਸੀਂ ਜਾਤ-ਅਭਿਮਾਨ ਨਹੀਂ ਤਿਆਗ ਸਕਦੇ ਤਾਂ ਜਾਓ, ਤੁਰਕਾਂ ਦੀਆਂ ਜੁੱਤੀਆਂ 'ਤੇ ਸਿਰ ਰਗੜਦੇ ਰਹੋ ਤੇ ਦੁੱਖ ਪਾਉਂਦੇ ਰਹੋ-

ਜਾਉ ਰੇ, ਸੀਸ ਨਿਵਾਉ ਰੇ ਤੁਰਕਨ<br>
ਤੋ ਅਬ ਕਰਮ ਕਰੈ ਦੁਖ ਪਾਹੀ।

ਮੈਂ ਖੜਗ ਧਾਰੀ ਗੁਰੂ ਤਾਂ ਹੀ ਕਹਾਵਾਂਗਾ ਜੇ ਚਿੜੀਆਂ ਤੋਂ ਬਾਜ਼ ਤੁੜਾਵਾਂਗਾ-

ਮੈਂ ਅਸਿਪਾਨਿਜ ਤਬ ਲਖੌਂ,<br>
ਕਰੋਂ ਐਸ ਯੌ ਕਾਮ।<br>
ਚਿੜੀਅਨ ਬਾਜ ਤੁਰਾਯੇ ਹੌਂ,<br>
ਸੱਸੇ ਕਰੋਂ ਸਿੰਘ ਸਾਮ।

## ਕਿਸ ਨੇ ਕੀ ਕਿਹਾ

- ਤਰਲੋਚਨ ਸਿੰਘ ਦੁਪਾਲਪੁਰ ਨੇ ਇਸ ਪੋਸਟ ਬਾਰੇ ਕਿਹਾ ਕਿ ਸਾਡੇ ਪ੍ਰਤੀ ਨਫਰਤ, ਉਨ੍ਹਾਂ ਦੇ ਰੋਮ ਰੋਮ ਵਿਚ ਭਰੀ ਪਈ ਹੈ ਜੀ।
- ਸਿੰਘ ਗਰੇਵਾਲ ਨੇ ਕਿਹਾ ਕਿ ਇਹ ਤਾਂ ਆਪਣੇ ਘਰਵਾਲੀ ਭੁੱਲ ਗਿਆ ਤੁਸੀਂ ਕੀ ਉਮੀਦ ਕਰਦੇ ਹੋ ਸਿੱਖੋ।
- ਮਨਜੀਤ ਗਰੇਵਾਲ ਨੇ ਕਿਹਾ ਕਿ ਅਗਲੇ ਤੁਹਾਨੂੰ ਸਿੱਖ ਨਹੀਂ ਮੰਨਦੇ ਤੁਸੀ ਵਧਾਈ ਭਾਲਦੇ। ਜੇ ਕੁਝ ਕਰਨਾ ਤਾ ਮੱਦਦ ਕਰੋ 2020 ਆਪਣਾ ਦੇਸ਼ ਬਣਾਉਣ ਦੀ।
- ਗੁਰਜੀਤ ਸਿੰਘ ਸਮਰਾ ਨੇ ਕਿਹਾ ਕਿ ਮੋਦੀ ਦੀ ਪਾਰਟੀ ਤਾਂ ਤੁਹਾਨੂੰ 2021 ਤਾਈ ਹਿੰਦੂ ਬਨਾਉਣ ਦਾ ਐਲਾਨ ਕਰ ਚੁਕੀ ਹੈ , ਤੁਸੀਂ ਵੈਸਾਖੀ ਦੀਆਂ ਵਧਾਈਆਂ ਟੋਲਦੇ ਹੋ ?
- ਬਲਕਰਨ ਸਿੰਘ ਸਿੱਧੂ ਨੇ ਕਿਹਾ ਕਿ ਖਾਲਸਾ ਪੰਥ ਕਿਸੇ ਦੁਨਿਆਵੀ ਮੰਤਰੀ ਦੀ ਵਧਾਈ ਦਾ ਮੁਹਤਾਜ ਨਹੀਂ।

## ਟਰੂਡੋ ਵੱਲੋਂ ਖਾਲਸਾ ਪੰਥ ਨੂੰ ਵਧਾਈਆਂ

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਤਿਓਹਾਰ ਮੌਕੇ ਦੁਨੀਆ ਭਰ ਵਿਚ ਵੱਸਦੇ ਸਿੱਖ ਭਾਈਚਾਰੇ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਫੇਸਬੁੱਕ ਤੇ ਟਵਿਟਰ 'ਤੇ ਵੀਡੀਓ ਸ਼ੇਅਰ ਕੀਤੀ ਹੈ। ਉਨ੍ਹਾਂ ਆਪਣੀ ਵੀਡੀਓ ਵਿਚ ਕਿਹਾ ਕਿ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਹੈਪੀ ਵਿਸਾਖੀ। ਅੱਜ ਕੈਨੇਡਾ ਤੇ ਪੂਰੀ ਦੁਨੀਆ ਵਿਚ ਵੱਸਦੇ ਸਿੱਖ ਭਾਈਚਾਰਿਆਂ ਲਈ ਬਹੁਤ ਹੀ ਖਾਸ ਦਿਨ ਹੈ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 319 ਸਾਲ ਪਹਿਲਾਂ ਸਿੱਖ ਪੰਥ ਦੀ ਸਾਜਨਾ ਕੀਤੀ ਸੀ। ਵਿਸਾਖੀ ਇਕ ਮੌਕਾ ਹੈ ਆਪਣੇ ਪਿਆਰਿਆਂ ਨਾਲ ਗੁਰਦੁਆਰਿਆਂ ਤੇ ਨਗਰ ਕੀਰਤਨਾਂ ਵਿਚ ਇਕੱਠੇ ਹੋ ਕੇ ਜਸ਼ਨ ਮਨਾਉਣ ਦਾ। ਉਨ੍ਹਾਂ ਨੇ ਆਪਣੀ ਵੀਡੀਓ ਵਿਚ ਭਾਰਤ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਜਾਣ ਦਾ ਵੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਕੈਨੇਡਾ ਨੂੰ ਬਹੁਤ ਕੁਝ ਦਿੱਤਾ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਿਸ ਤਰ੍ਹਾਂ ਸਖਤ ਮਿਹਨਤ ਕਰਕੇ ਕੈਨੇਡੀਅਨ ਮੁੱਲਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

## ਵਿਸ਼ਵ ਦੀ ਸਭ ਤੋਂ ਵੱਡੀ ਰਸੋਈ ਦਰਬਾਰ ਸਾਹਿਬ ਵਿਖੇ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸੰਸਾਰ ਦਾ ਸਭ ਤੋਂ ਵੱਡਾ ਲੰਗਰ ਸ੍ਰੀ ਦਰਬਾਰ ਸਾਹਿਬ ਵਿਚ ਬਣਦਾ ਹੈ। ਹਾਲਾਂਕਿ ਲੰਗਰ ਕਿੰਨਾ ਬਣਦਾ ਹੈ ਇਸ ਦਾ ਕੋਈ ਅੰਦਾਜ਼ਾ ਨਹੀਂ ਹੁੰਦਾ ਪਰ 3 ਘੰਟਿਆਂ ਵਿਚ 1 ਲੱਖ ਸ਼ਰਧਾਲੂਆਂ ਦਾ ਲੰਗਰ ਤਿਆਰ ਕਰਨ ਲਈ 24 ਘੰਟੇ ਲੰਗਰ ਭਵਨ ਦੇ 500 ਕਰਮਚਾਰੀ ਤਿਆਰ ਰਹਿੰਦੇ ਹਨ। 3 ਘੰਟਿਆਂ ਵਿਚ ਲੰਗਰ ਤਿਆਰ ਹੁੰਦਾ ਹੈ ਅਤੇ 2 ਘੰਟਿਆਂ ਵਿਚ ਵਰਤਾਇਆ



ਜਾਂਦਾ ਹੈ। ਲੰਗਰ ਘਰ ਦੇ ਕੋਲ ਆਟੋਮੈਟਿਕ ਸਾਦਾ ਪ੍ਰਸ਼ਾਦਾ (ਰੋਟੀ) ਬਣਾਉਣ ਵਾਲੀਆਂ ਮਸ਼ੀਨਾਂ ਹਨ। ਛੋਟੀਆਂ ਮਸ਼ੀਨਾਂ ਵਿਚ 1 ਘੰਟੇ ਵਿਚ 3 ਹਜ਼ਾਰ ਅਤੇ ਵੱਡੀਆਂ ਮਸ਼ੀਨਾਂ ਵਿਚ 1 ਘੰਟੇ ਵਿਚ 7 ਹਜ਼ਾਰ ਪ੍ਰਸ਼ਾਦੇ ਤਿਆਰ ਹੁੰਦੇ ਹਨ। ਲੰਗਰ ਦੀ ਦਾਲ ਜਿਨ੍ਹੇ ਵੀ ਇਕ ਵਾਰ ਖਾਂਧੀ ਉਹ ਜ਼ਿੰਦਗੀ ਭਰ ਭੁੱਲ ਨਹੀਂ ਸਕਦਾ। ਦਾਲ ਬਣਾਉਣ ਲਈ ਲੱਕੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਇਕ ਵਾਰ ਘੱਟ ਤੋਂ ਘੱਟ 5 ਕੁਇੰਟਲ ਅਤੇ ਵੱਧ ਤੋਂ ਵੱਧ 25 ਕੁਇੰਟਲ ਦਾਲ ਇਕ ਕੜਾਹੇ ਵਿਚ ਬਣ ਸਕਦੀ ਹੈ। ਸਵੇਰੇ 6 ਵਜੇ ਤੱਕ 13 ਕੁਇੰਟਲ ਲੰਗਰ ਤਿਆਰ ਹੋ ਜਾਂਦਾ ਹੈ, ਜਿਸ ਵਿਚ 4 ਕੁਇੰਟਲ ਦਾਲ, 5 ਕੁਇੰਟਲ ਪ੍ਰਸ਼ਾਦਾ (ਰੋਟੀ), 2 ਕੁਇੰਟਲ ਚੌਲ ਤੇ 2 ਕੁਇੰਟਲ ਖੀਰ ਜਾਂ ਕੜਾਹ ਸ਼ਾਮਲ ਹੁੰਦਾ ਹੈ। 24 ਘੰਟੇ ਚਾਹ ਦਾ ਲੰਗਰ ਜਾਰੀ ਰਹਿੰਦਾ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਭਾਈ ਰਣਜੀਤ ਸਿੰਘ ਤੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਬਣਾਈ ਨਵੀਂ ਪਾਰਟੀ ਪੰਥਕ ਅਕਾਲੀ ਲਹਿਰ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਅਤੇ ਸੰਤ ਸਮਾਜ ਦੇ ਮੁਖੀ ਰਹੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਧਾਰਮਿਕ ਪਾਰਟੀ ਪੰਥਕ ਅਕਾਲੀ ਲਹਿਰ' ਬਣਾਉਣ ਦਾ ਐਲਾਨ ਕਰਕੇ ਬਾਦਲਾਂ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ।

ਇਨ੍ਹਾਂ ਦੋਵਾਂ ਆਗੂਆਂ ਨੇ ਕਈ ਧਾਰਮਿਕ ਧਿਰਾਂ ਦੇ ਪ੍ਰਤੀਨਿਧਾਂ ਸਮੇਤ ਬੀਤੇ ਦਿਨ ਇੱਥੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਗੁਰੂਆਂ ਵੱਲੋਂ ਆਪਣੇ ਪਰਿਵਾਰ ਕੁਰਬਾਨ ਕਰਕੇ ਸਿਰਜੀ ਸਿੱਖ ਕੌਮ ਨੂੰ ਅੱਜ ਬਾਦਲ ਪਰਿਵਾਰ ਆਪਣੇ ਹਿੱਤਾਂ ਲਈ ਚਲਾ ਰਿਹਾ ਹੈ। ਇਸ ਕਾਰਨ ਧਰਮ ਉਪਰ ਰਾਜਨੀਤੀ ਭਾਰੂ ਹੋ ਗਈ ਹੈ ਅਤੇ ਸਿੱਖੀ ਦਾ ਵਜੂਦ ਖ਼ਤਰੇ ਵਿੱਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲ ਤਖਤ ਦੇ ਜਥੇਦਾਰ ਨੇ ਸਿਆਸੀ ਦਬਾਅ ਹੇਠ ਪਹਿਲਾਂ ਗੁਰਮੀਤ ਰਾਮ ਰਹੀਮ ਨੂੰ ਮੁਆਫ਼ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਅਤੇ ਫਿਰ ਸਿੱਖ ਸੰਗਤ ਦੇ ਰੋਹ ਤੋਂ ਬਾਅਦ ਵਾਪਸ ਲੈ ਲਿਆ। ਇਸੇ ਤਰ੍ਹਾਂ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਪਹਿਲਾਂ ਮਾਨਤਾ ਦਿੱਤੀ ਜਾਂਦੀ ਹੈ ਅਤੇ ਹੁਣ ਫਿਲਮ ਉਪਰ ਰੋਕ ਲਾ ਦਿੱਤੀ ਹੈ। ਜਥੇਦਾਰਾਂ ਦੀਆਂ ਅਜਿਹੀਆਂ ਕੋਤਾਹੀਆਂ ਨੇ ਅਕਾਲ ਤਖਤ ਦੀ ਹੋਂਦ ਨੂੰ ਖੋਰਾ ਲਾ ਕੇ ਸਿੱਖ ਕੌਮ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੇ ਆਗੂਆਂ ਕਾਰਨ ਨੌਜਵਾਨੀ ਜਾਂ ਤਾਂ ਪਤਿਤਪੁਣੇ ਤੇ ਨਸ਼ਿਆਂ ਵਿੱਚ ਧੱਸਦੀ ਜਾ ਰਹੀ ਹੈ ਅਤੇ ਜਾਂ ਫਿਰ ਰੋਟੀ-ਰੋਜ਼ੀ ਦੇ ਜੁਗਾੜ ਲਈ ਵਿਦੇਸ਼ਾਂ ਵਿੱਚ ਜਾ ਕੇ ਪਰਵਾਸ ਦੇ ਹੇਰਵੇ ਸਹਿਣ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦਾ ਕੰਮ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨਾ ਸੀ ਪਰ ਸਿਆਸਤ ਦੀ ਗੁਲਾਮ ਇਹ ਸੰਸਥਾ ਸਿੱਖ ਸਿਧਾਂਤਾਂ ਉਪਰ ਹੀ ਭਾਰੂ ਪੈ ਗਈ ਹੈ। ਇਸ ਕਾਰਨ ਸਿੱਖ ਨਿਰਾਸ਼ ਅਤੇ ਆਪਣੇ-ਆਪ ਨੂੰ ਬੇਸਹਾਰਾ ਸਮਝ ਰਹੇ ਹਨ।



ਭਾਈ ਰਣਜੀਤ ਸਿੰਘ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਐਲਾਨ ਕੀਤਾ ਕਿ ਪੰਥਕ ਅਕਾਲੀ ਲਹਿਰ ਦੇ ਬੈਨਰ ਹੇਠ ਐੱਸਜੀਪੀਸੀ ਚੋਣਾਂ ਲੜ ਕੇ ਇਸ ਸੰਸਥਾ ਨੂੰ ਬਾਦਲ ਘਰਾਣੇ ਤੋਂ ਆਜ਼ਾਦ ਕਰਵਾਇਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸੰਸਥਾ ਨਿਰੋਲ ਧਾਰਮਿਕ ਰਹੇਗੀ ਅਤੇ ਕਿਸੇ ਵੀ ਸਿਆਸੀ ਪਾਰਟੀ ਨਾਲ ਸਾਂਝ ਨਹੀਂ ਪਾਈ ਜਾਵੇਗੀ। ਦੋਵਾਂ ਆਗੂਆਂ ਨੇ ਕਿਹਾ ਕਿ ਬਾਦਲਾਂ ਵੱਲੋਂ ਹੀ ਉਨ੍ਹਾਂ ਉਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲੇ ਹੋਣ ਦਾ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਥਕ ਅਕਾਲੀ ਲਹਿਰ ਵੱਲੋਂ ਪਿੰਡ-ਪਿੰਡ ਜਾ ਕੇ ਮੈਂਬਰਸ਼ਿਪ ਸ਼ੁਰੂ ਕੀਤੀ ਜਾਵੇਗੀ ਅਤੇ ਇਸ ਵਾਰ ਚੰਡੀਗੜ੍ਹ ਬੈਠ ਕੇ ਟਿਕਟਾਂ ਵੰਡਣ ਦੀ ਥਾਂ ਜ਼ਮੀਨੀ ਹਕੀਕਤਾਂ ਦੇਖ ਕੇ ਉਮੀਦਵਾਰ ਬਣਾਏ ਜਾਣਗੇ। ਨਵੀਂ ਬਣਾਈ ਪਾਰਟੀ 'ਪੰਥਕ ਅਕਾਲੀ ਲਹਿਰ' ਲਈ ਭਾਈ ਰਣਜੀਤ ਸਿੰਘ ਨੂੰ ਪ੍ਰਧਾਨ ਅਤੇ ਬਾਬਾ ਬੇਦੀ ਨੂੰ ਸਰਪ੍ਰਸਤ ਬਣਾਇਆ ਗਿਆ। ਜਸਬੀਰ ਸਿੰਘ ਧਾਲੀਵਾਲ ਨੂੰ ਮੀਤ ਪ੍ਰਧਾਨ, ਜਸਜੀਤ ਸਿੰਘ ਸਮੁੰਦਰੀ ਨੂੰ ਸਕੱਤਰ, ਅੰਮ੍ਰਿਤ ਸਿੰਘ ਰਤਨਗੜ੍ਹ ਨੂੰ ਜੁਆਇੰਟ ਸਕੱਤਰ ਅਤੇ ਅਵਤਾਰ ਸਿੰਘ ਨੂੰ ਖ਼ਜ਼ਾਨਚੀ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਹਨ।

# ਮੁਤਵਾਜ਼ੀ ਜਥੇਦਾਰਾਂ ਨੇ ਪਹਿਲੀ ਜੂਨ ਨੂੰ ਬਰਗਾੜੀ ਵਿਚ ਪੰਥਕ ਇਕੱਠ ਸੱਦਿਆ



**ਤਲਵੰਡੀ ਸਾਬੋ/ਸਿੱਖ ਸਿਆਸਤ ਬਿਊਰੋ:** ਦਮਦਮਾ ਸਾਹਿਬ ਵਿਖੇ ਖ਼ਾਲਸਾ ਸਾਜਨਾ ਦਿਹਾੜੇ ਮੌਕੇ ਜੁੜੇ ਪੰਥਕ ਇਕੱਠ' ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲਿਆਂ ਖ਼ਿਲਾਫ਼ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ। ਇਸ ਦੌਰਾਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਵਿੱਚ ਪਹਿਲੀ ਜੂਨ ਨੂੰ ਬਰਗਾੜੀ ਵਿੱਚ ਪੰਥਕ ਸਮਾਗਮ' ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਪਹਿਲੀ ਜੂਨ ਦੇ ਸਮਾਗਮਾਂ ਵਿੱਚ ਅਗਲੀ ਰਣਨੀਤੀ ਐਲਾਨੀ ਜਾਣੀ ਹੈ। ਅੱਜ ਦੇ ਪੰਥਕ ਇਕੱਠ ਵਿੱਚ ਅਕਾਲੀ ਦਲ (ਅੰਮ੍ਰਿਤਸਰ), ਯੂਨਾਈਟਿਡ ਅਕਾਲੀ ਦਲ ਤੇ ਅਕਾਲੀ ਦਲ (1920) ਦੇ ਆਗੂ ਵੀ ਪੁੱਜੇ ਹੋਏ ਸਨ।

ਪੰਥਕ ਇਕੱਤਰਤਾ ਵਿੱਚ ਕੁਝ ਮਤੇ ਵੀ ਪਾਸ ਕੀਤੇ ਗਏ। ਇਸ ਦੌਰਾਨ ਬਹਿਬਲ ਕਲਾਂ ਕਾਂਡ ਅਤੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ ਗਿਆ ਤੇ ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਵੀ ਪ੍ਰਣ ਲਿਆ ਗਿਆ। ਆਗੂਆਂ ਨੇ ਕਿਹਾ ਕਿ ਮੌੜ ਕਾਂਡ ਵਿੱਚ ਪੁਲੀਸ ਨੇ ਡੇਰਾ ਸਿਰਸਾ ਦੇ ਪੈਰੋਕਾਰਾਂ ਦਾ ਹੱਥ ਦੱਸਿਆ ਹੈ, ਇਸ ਦੇ ਬਾਵਜੂਦ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਇਸ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਗੁਰਸੇਵਕ ਸਿੰਘ ਜਵਾਹਰਕੇ, ਪ੍ਰੋ. ਮਹਿੰਦਰਪਾਲ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਯੂਨਾਈਟਡ ਅਕਾਲੀ ਦਲ ਦੇ ਭਾਈ ਮੋਹਕਮ ਸਿੰਘ ਤੇ ਭਾਈ ਗੁਰਦੀਪ ਸਿੰਘ ਬਠਿੰਡਾ, ਚਮਕੌਰ ਸਿੰਘ ਭਾਈਰੂਪਾ, ਅਕਾਲੀ ਦਲ 1920 ਦੇ ਜਥੇਦਾਰ ਬੂਟਾ ਸਿੰਘ ਰਣਸੀਂਹ ਤੇ ਰਮਨਦੀਪ ਸਿੰਘ ਭੰਗਚਿੜੀ, ਸਦਭਾਵਨਾ ਦਲ ਦੇ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਆਜ਼ਾਦ, ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਬਾਬਾ ਹਰਦੀਪ ਮਹਿਰਾਜ ਨੇ ਸੰਬੋਧਨ ਕੀਤਾ।

# ਰਣਜੀਤ ਸਿੰਘ ਕਮਿਸ਼ਨ ਅੱਗੇ ਪੇਸ਼ ਹੋਣ ਨਹੀਂ ਹੋਵੇਗਾ ਵੱਡਾ ਬਾਦਲ

## ਕਹਿੰਦਾ : ਕਮਿਸ਼ਨ ਤਾਂ ਕਾਂਗਰਸ ਸਰਕਾਰ ਦੇ ਹੱਥਾਂ 'ਚ ਖੇਡ ਰਿਹੈ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਤੇ ਹੋਰਨਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਕੈਪਟਨ ਸਰਕਾਰ ਦੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਅਗਵਾਈ ਵਾਲੇ ਕਮਿਸ਼ਨ ਵੱਲੋਂ ਕੀਤੀ ਜਵਾਬਤਲਬੀ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਨੂੰ ਜਾਂਚ ਕਮਿਸ਼ਨ ਵੱਲੋਂ ਚਿੱਠੀ ਲਿਖ ਕੇ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਜਵਾਬ ਦੇਣ ਲਈ ਕਿਹਾ ਗਿਆ ਹੈ। ਕਮਿਸ਼ਨ ਦੀ ਚਿੱਠੀ ਦਾ ਜਵਾਬ ਦੇਣ ਦੀ ਥਾਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਮਿਸ਼ਨ ਦੇ ਮੁਖੀ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਨਿਸ਼ਾਨਾ ਸੇਧਿਆ ਗਿਆ ਹੈ। ਸ੍ਰੀ ਬਾਦਲ ਨੇ ਜਾਂਚ ਕਮਿਸ਼ਨ ਦੇ ਮੁਖੀ 'ਤੇ ਕਾਂਗਰਸ ਦੇ ਹੱਥਾਂ 'ਚ ਖੇਡਣ ਦੇ ਦੋਸ਼ ਲਾਉਂਦਿਆਂ ਕਮਿਸ਼ਨ ਦੇ ਮੁਖੀ ਵਜੋਂ ਤੁਰੰਤ ਲਾਂਭੇ ਹੋਣ ਲਈ ਕਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਇੱਕ ਬਿਆਨ ਰਾਹੀਂ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਮਿਸ਼ਨ ਦੇ ਮੁਖੀ ਨੂੰ ਪੇਸ਼ੇ ਦੀ ਮਰਿਆਦਾ ਰੱਖਣੀ ਚਾਹੀਦੀ ਹੈ ਤੇ ਇੱਕ ਪਾਰਟੀਆਂ ਦੀਆਂ ਸਿਆਸੀ ਖਾਹਿਸ਼ਾਂ ਤਹਿਤ ਕੰਮ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਨੂੰ ਕਾਂਗਰਸ ਅਤੇ ਪੰਜਾਬ ਅੰਦਰ ਇਸ ਦੀ ਸਰਕਾਰ ਦੇ ਸਿੱਖ ਵਿਰੋਧੀ ਏਜੰਡੇ ਦਾ ਹਿੱਸਾ ਨਹੀਂ ਬਣਨਾ ਚਾਹੀਦਾ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਿੱਖ ਵਿਰੋਧੀ ਏਜੰਡੇ ਤਹਿਤ ਨਿਆਂਪਾਲਿਕਾ ਦੇ ਵੱਕਾਰੀ ਨਾਂ ਦੀ ਦੁਰਵਰਤੋਂ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਮਿਸ਼ਨ ਦਾ ਮੁੱਖ ਮੰਤਵ ਕਾਂਗਰਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਵਾਸਤੇ ਸਿੱਖ ਜਥੇਬੰਦੀਆਂ ਅਤੇ ਸੰਗਠਨਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਸਿੱਖ ਭਾਈਚਾਰੇ ਅੰਦਰ ਭੰਬਲਭੂਸਾ ਖੜ੍ਹਾ ਕਰਨ ਦੀ ਆਪਣੀ ਸਿਆਸੀ ਚਾਲ ਨੂੰ ਕਾਨੂੰਨੀ ਚੋਲਾ ਪਹਿਨਾਉਣਾ ਹੈ। ਉਨ੍ਹਾਂ ਕਿਹਾ

ਬਾਕੀ ਸਫ਼ਾ 28 'ਤੇ

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਅਕਾਲੀ-ਭਾਜਪਾ ਦੇ 10 ਸਾਲਾਂ ਰਾਜ ਦੌਰਾਨ ਪੰਜਾਬ ਦਾ ਭੱਠਾ ਬਿਠਾਉਣ ਵਾਲੇ ਸੁਖਬੀਰ ਵਲੋਂ ਮੈਨੂੰ ਉਪਦੇਸ਼ ਦੇਣਾ ਬੇਤੁਕਾ ਤੇ ਹਾਸੋਹੀਣਾ-ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸ ਦੇ ਮੱਦੇਨਜ਼ਰ ਸੂਬਾਈ ਵਜ਼ਾਰਤ ਤੋਂ ਅਸਤੀਫ਼ਾ ਦੇਣ ਦੀ ਕੋਈ ਲੋੜ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੜਕ 'ਤੇ ਝਗੜੇ ਸਬੰਧੀ ਕੇਸ ਵਿੱਚ ਸੁਪਰੀਮ ਕੋਰਟ ਨੇ ਸਾਲ 2007 ਵਿੱਚ ਨਵਜੋਤ ਸਿੰਘ ਸਿੱਧੂ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਸੀ ਅਤੇ ਹਾਈ ਕੋਰਟ ਦੇ ਸਜ਼ਾ ਵਾਲੇ ਹੁਕਮਾਂ ਨੂੰ ਚੁਣੌਤੀ ਖ਼ਿਲਾਫ਼ ਸ੍ਰੀ ਸਿੱਧੂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਅਜੇ ਫ਼ੈਸਲਾ ਸੁਣਾਉਣਾ ਹੈ। ਉਨਾਂ ਕਿਹਾ ਕਿ ਇਸ 30 ਸਾਲ ਪੁਰਾਣੇ ਕੇਸ ਵਿੱਚ ਸੂਬਾਈ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਮਹਿਜ਼ ਆਪਣਾ ਸਟੈਂਡ ਦੁਹਰਾਏ ਜਾਣ ਦੇ ਆਧਾਰ ਉੱਤੇ ਮੰਤਰੀ ਕੋਲੋਂ ਅਸਤੀਫ਼ਾ ਮੰਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਕਿਹਾ " ਸਜ਼ਾ ਉਤੇ ਰੋਕ ਕਾਰਨ ਸ੍ਰੀ ਸਿੱਧੂ ਨੂੰ ਵਜ਼ਾਰਤ ਵਿੱਚ ਸ਼ਾਮਲ ਕਰਨ ਸਮੇਂ ਨਾ ਤਾਂ ਕੋਈ ਅੜਿੱਕਾ ਸੀ ਅਤੇ ਨਾ ਹੀ ਹੁਣ ਉਨਾਂ ਦੇ ਵਜ਼ੀਰ ਬਣੇ ਰਹਿਣ ਵਿੱਚ ਕੋਈ ਅੜਚਣ ਹੈ।" ਕੈਪਟਨ ਨੇ ਇਸ ਮਾਮਲੇ ਦੇ ਮੌਜੂਦਾ ਘਟਨਾਕ੍ਰਮ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਨਾਂ ਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕੇਵਲ ਕਾਨੂੰਨੀ ਤੌਰ 'ਤੇ ਵਿਹਾਰਕ ਸਟੈਂਡ ਹੀ ਲਿਆ ਹੈ।

ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਆਪਣੇ ਮੰਤਰੀ ਦਾ ਜਾਣ-ਬੁੱਝ ਬਚਾਅ ਨਾ ਕੀਤੇ ਜਾਣ ਬਾਰੇ ਰਿਪੋਰਟਾਂ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤੱਕ ਸਰਕਾਰੀ ਵਕੀਲ ਨੂੰ ਇਸ ਕੇਸ ਨਾਲ ਜੁੜੀ ਕੋਈ ਨਵੀਂ ਜਾਣਕਾਰੀ ਨਹੀਂ ਮਿਲਦੀ, ਉਦੋਂ ਤੱਕ ਉਸ ਲਈ ਨਵਾਂ ਪੈਂਤੜਾ ਲੈਣਾ ਕਾਨੂੰਨੀ ਤੌਰ 'ਤੇ ਸੰਭਵ ਨਹੀਂ ਹੈ।

ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਸੋਹੀਣੀ ਅਤੇ ਬੇਤੁਕੀ ਬਿਆਨਬਾਜ਼ੀ 'ਤੇ ਸਖ਼ਤ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਉਸ ਤੋਂ ਸਬਕ ਲੈਣ ਦੀ ਲੋੜ ਨਹੀਂ ਹੈ ਜਿਸ ਨੇ ਅਕਾਲੀ-ਭਾਜਪਾ ਦੇ 10 ਸਾਲਾਂ ਦੇ ਸ਼ਾਸਨ ਦੌਰਾਨ ਦੁਰਪ੍ਰਬੰਧਾਂ ਨਾਲ ਸੂਬੇ ਦਾ ਭੱਠਾ ਬਿਠਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਬੁਰੀ ਤਰਾਂ ਨਾਕਾਮ ਸਿੱਧ ਹੋਇਆ ਜਿਸ ਦਾ ਸਬੂਤ ਪਿਛਲੀ



ਸਰਕਾਰ ਸਮੇਂ ਸੂਬੇ ਵਿੱਚ ਫੈਲੀ ਹਨੇਰਗਰਦੀ ਤੋਂ ਮਿਲਦਾ ਹੈ। ਉਨਾਂ ਕਿਹਾ ਕਿ ਸੁਖਬੀਰ ਦਾ ਬਿਆਨ ਅਕਾਲੀ ਦਲ ਦੇ ਖੁੱਸੇ ਵੱਕਾਰ ਕਾਰਨ ਉਸ ਅੰਦਰ ਪੈਦਾ ਹੋਈ ਬੇਚੈਨੀ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇ ਉਨਾਂ ਪੁਲੀਸ ਨੂੰ ਖੁੱਲੀ ਛੁੱਟੀ ਨਾ ਦਿੱਤੀ ਹੁੰਦੀ ਤਾਂ ਸੂਬੇ ਵਿੱਚ ਗੈਂਗਸਟਰਾਂ ਦੀ ਗੁੰਡਾਗਰਦੀ, ਮਿੱਥ ਕੇ ਕਤਲ ਕਰਨ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ ਨਹੀਂ ਸੀ ਪੈਣੀ, ਜਿਨਾਂ ਘਟਨਾਵਾਂ ਨੇ ਅਕਾਲੀਆਂ ਦੇ ਸ਼ਾਸਨ ਦੌਰਾਨ ਸੂਬੇ ਦੀ ਕਾਨੂੰਨ ਵਿਵਸਥਾ ਤਹਿਸ-ਨਹਿਸ ਕਰ ਦਿੱਤੀ ਸੀ। ਕੈਪਟਨ ਨੇ ਕਿਹਾ ਕਿ ਇਸ ਸਮੇਂ ਅਫਸਰਸ਼ਾਹੀ ਪੂਰੀ ਪਾਰਦਰਸ਼ਤਾ ਨਾਲ ਕੰਮ ਕਰ ਰਹੀ ਹੈ । ਇਸੇ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਸੁਖਬੀਰ ਬਾਦਲ ਹੁਰੀਂ ਫੰਡਾਂ ਦਾ ਬੰਦੋਬਸਤ ਵਿੱਤੀ ਪ੍ਰਬੰਧ ਅਤੇ ਮਾਲੀਆ ਪੈਦਾ ਕਰ ਕੇ ਨਹੀਂ ਬਲਕਿ ਸੂਬੇ ਦੀ ਜਾਇਦਾਦ ਗਹਿਣੇ ਧਰ ਕੇ ਕਰਦੇ ਸਨ। ਅਕਾਲੀਆਂ ਨੇ ਸਿਰਫ਼ ਸੂਬੇ ਦੀਆਂ ਜਾਇਦਾਦਾਂ ਹੀ ਨਹੀਂ ਬਲਕਿ ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਵੀ ਗਹਿਣੇ ਧਰ ਦਿੱਤਾ ਹੈ। ਸੁਖਬੀਰ ਬਾਦਲ ਵੱਲੋਂ ਉਨਾਂ ਨੂੰ 'ਨਕਲੀ ਬਾਦਲ' ਕਹਿਣ 'ਤੇ ਮਨਪ੍ਰੀਤ ਬਾਦਲ ਨੇ ਕਿਹਾ ਕਿ 'ਬਾਦਲ' ਨਾਂ ਸੁਖਬੀਰ ਦੀ ਮਾਲਕੀ ਨਹੀਂ ਸਗੋਂ ਇਹ ਨਾਂ ਪੰਜਾਬ ਅਤੇ ਪੰਜਾਬੀਆਂ ਨਾਲ ਹੋਏ ਮਾੜੇ ਕੰਮਾਂ ਦਾ ਸਮਾਨਅਰਥ ਬਣ ਗਿਆ ਜਿਸ ਲਈ ਉਹ (ਸੁਖਬੀਰ) ਅਤੇ ਉਸ ਦਾ ਪਰਿਵਾਰ ਜ਼ਿੰਮੇਵਾਰ ਹੈ।

## 'ਨਵਜੋਤ ਸਿੱਧੂ ਮਾਮਲੇ 'ਚ ਸਰਕਾਰ ਨੂੰ ਪੁਰਾਣਾ ਸਟੈਂਡ ਹੀ ਲੈਣਾ ਪੈਣਾ ਸੀ'

**ਚੰਡੀਗੜ੍ਹ/ਨਿਊਜ਼ ਬਿਊਰੋ:** ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਆਪਣੇ ਹੀ ਮੰਤਰੀ ਨਵਜੋਤ ਸਿੰਘ ਸਿੱਧੂ ਵਿਰੁੱਧ ਸਟੈਂਡ ਲਏ ਜਾਣ ਕਾਰਨ ਭਾਵੇਂ ਸੂਬੇ ਵਿੱਚ ਰਾਜਸੀ ਤੂਫਾਨ ਪੈਦਾ ਹੋ ਗਿਆ ਹੈ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਟੈਂਡ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਸਰਕਾਰ ਸੁਪਰੀਮ ਕੋਰਟ 'ਚ ਇਸ ਤੋਂ ਬਿਨਾਂ ਹੋਰ ਕੋਈ ਸਟੈਂਡ ਨਹੀਂ ਸੀ ਲੈ ਸਕਦੀ। ਇੱਥੇ ਇਕ ਵਿਸ਼ੇਸ਼ ਇੰਟਰਵਿਊ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਕੋਈ ਰਾਜਨੀਤੀ ਨਹੀਂ ਖੇਡ ਸਕਦੇ। ਉਨ੍ਹਾਂ ਕਿਹਾ, "ਇਹ ਕੇਸ 30 ਸਾਲ ਪਹਿਲਾਂ ਦਰਜ ਹੋਇਆ ਸੀ। ਇਹ ਪਹਿਲਾਂ ਟਰਾਇਲ ਕੋਰਟ ਵਿੱਚ ਚੱਲਿਆ ਤੇ ਫਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ। ਪੰਜਾਬ ਸਰਕਾਰ ਦਾ ਸਟੈਂਡ ਦੋਵਾਂ ਅਦਾਲਤਾਂ ਵਿੱਚ ਇੱਕੋ ਰਿਹਾ ਹੈ ਅਤੇ ਹੁਣ ਕੇਸ ਸੁਪਰੀਮ ਕੋਰਟ ਵਿੱਚ ਚਲਾ ਗਿਆ ਹੈ। ਇਸ ਕੇਸ ਵਿੱਚ ਕੋਈ ਨਵੀਂ ਗਵਾਹੀ ਨਹੀਂ ਦਿੱਤੀ ਗਈ ਅਤੇ ਸੁਣਵਾਈ ਮਹਿਜ਼ ਕਾਨੂੰਨੀ ਨੁਕਤੇ ਤੋਂ ਹੋ ਰਹੀ ਹੈ। ਜੇ ਪੰਜਾਬ ਸਰਕਾਰ ਆਪਣਾ ਸਟੈਂਡ ਬਦਲਦੀ ਹੈ ਤਾਂ ਲੋਕ ਸਾਨੂੰ ਪੁੱਛਣਗੇ ਕਿ ਅਸੀਂ ਹੁਣ ਝੂਠ ਬੋਲ ਰਹੇ ਹਾਂ ਜਾਂ ਪਹਿਲਾਂ ਝੂਠੇ ਸਾਂ।"

ਉਨ੍ਹਾਂ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਛੋਟੇ ਹੁੰਦੇ ਤੋਂ ਜਾਣਦੇ ਹਨ ਅਤੇ ਉਨ੍ਹਾਂ ਉਸ ਨੂੰ ਵਿਸ਼ਵ ਕ੍ਰਿਕਟ ਵਿੱਚ ਛਾਏ ਨੂੰ ਵੀ ਦੇਖਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਸਿੱਧੂ ਦੀ ਖੇਡਾਂ ਵਿੱਚ 30 ਸਾਲ ਦੀ ਸੇਵਾ ਅਤੇ ਉਨ੍ਹਾਂ ਦੀ ਸਮਾਜ ਸੇਵਾ ਨੂੰ ਸੁਪਰੀਮ ਕੋਰਟ ਧਿਆਨ ਵਿੱਚ ਰੱਖੇਗੀ। ਉਨ੍ਹਾਂ ਕਿਹਾ, "ਉਹ (ਸਿੱਧੂ) ਵਿਲੱਖਣ ਸ਼ਖ਼ਸੀਅਤ ਹੈ ਅਤੇ ਵੱਡੀ ਸੋਚ ਦਾ ਮਾਲਕ ਹੈ। ਜੇ ਕੋਈ ਲੋੜਵੰਦ ਉਸ ਕੋਲ ਆਉਂਦਾ ਹੈ ਤਾਂ ਉਹ ਆਪਣੇ ਪੱਲਿਓਂ ਪੈਸੇ ਖਰਚ ਕੇ ਵੀ ਉਸਦੀ ਮੱਦਦ ਲਈ ਤਿਆਰ ਹੋ ਜਾਂਦਾ ਹੈ।"

**ਬਾਕੀ ਸਫ਼ਾ 28 'ਤੇ**

## ਮੇਰੀ ਡੋਰ ਪ੍ਰਮਾਤਮਾ ਦੇ ਹੱਥ- ਨਵਜੋਤ ਸਿੱਧੂ

**ਚੰਡੀਗੜ੍ਹ/ਨਿਊਜ਼ ਬਿਊਰੋ:** ਪੰਜਾਬ ਦੇ ਚਰਚਿਤ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ, "ਮੈਂ ਦੇਸ਼ ਦੀ ਨਿਆਂਪਾਲਿਕਾ ਨੂੰ ਸਮਰਪਿਤ ਹਾਂ ਤੇ ਅਦਾਲਤ ਜੋ ਵੀ ਫੈਸਲਾ ਕਰੇਗੀ, ਉਸ ਦੀ ਪਾਲਣਾ ਕਰਾਂਗਾ। ਮੈਂ ਸਾਰਾ ਕੁਝ ਪ੍ਰਮਾਤਮਾ 'ਤੇ ਛੱਡਿਆ ਹੋਇਆ ਹੈ ਤੇ ਮੈਨੂੰ ਭਰੋਸਾ ਹੈ ਕਿ ਸਾਰਾ ਕੁਝ ਸਹੀ ਹੋਵੇਗਾ। ਮੇਰੇ ਮੋਢੇ ਮੇਰਾ ਭਾਰ ਚੁੱਕਣ ਲਈ ਕਾਫੀ ਮਜ਼ਬੂਤ ਹਨ।" ਆਪਣੇ ਵਿਰੁੱਧ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸ ਵਿੱਚ ਪੰਜਾਬ ਸਰਕਾਰ ਵੱਲੋਂ ਇਕ ਦਿਨ ਪਹਿਲਾਂ ਲਏ ਗਏ ਸਟੈਂਡ ਤੋਂ ਸ੍ਰੀ ਸਿੱਧੂ ਅੰਦਰੋਂ ਕਾਫ਼ੀ ਨਾਖੁਸ਼ ਜਾਪਦੇ ਸਨ ਪਰ ਉਨ੍ਹਾਂ ਇਹ ਨਾਖੁਸ਼ੀ ਚਿਹਰੇ 'ਤੇ ਝਲਕਣ ਨਹੀਂ ਦਿੱਤੀ ਤੇ ਪੂਰੇ ਵਿਸ਼ਵਾਸ ਨਾਲ ਕਿਹਾ ਕਿ ਉਹ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰਨ ਵਾਲੇ ਇਨਸਾਨ ਹਨ ਤੇ ਉਹ ਸਹੀ ਮਾਰਗ 'ਤੇ ਚਲਦੇ ਰਹਿਣਗੇ। ਪੰਜਾਬ ਸਰਕਾਰ ਦੇ ਵਕੀਲ ਨੇ ਸੁਪਰੀਮ ਕੋਰਟ ਵਿੱਚ ਕੈਬਨਿਟ ਮੰਤਰੀ ਵਿਰੁੱਧ ਕੇਸ ਵਿੱਚ ਪੇਸ਼ ਹੁੰਦਿਆਂ ਕਿਹਾ ਸੀ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿੱਧੂ ਨੂੰ ਤਿੰਨ ਸਾਲ ਦੀ ਸਜ਼ਾ ਦੇਣ ਦਾ ਫੈਸਲਾ ਸਹੀ ਸੀ ਤੇ ਸਰਕਾਰ ਆਪਣੇ ਪਹਿਲੇ ਸਟੈਂਡ 'ਤੇ ਕਾਇਮ ਹੈ। ਸਰਕਾਰ ਦੇ ਇਸ ਸਟੈਂਡ ਕਾਰਨ ਰਾਜਨੀਤਕ ਤੇ ਖਾਸ ਕਰਕੇ ਕਾਂਗਰਸ ਹਲਕਿਆਂ ਵਿੱਚ ਤਿੱਖੀ ਚਰਚਾ ਚੱਲ ਰਹੀ ਹੈ ਤੇ ਹਰ ਕੋਈ ਆਪੋ ਆਪਣੀ ਸਮਝ ਮੁਤਾਬਕ ਵਿਆਖਿਆ ਕਰ ਰਿਹਾ ਹੈ। ਇਸ ਮੁੱਦੇ 'ਤੇ ਪੰਜਾਬ ਸਰਕਾਰ ਵੱਲੋਂ ਲਏ ਸਟੈਂਡ ਸਬੰਧੀ ਵਕੀਲਾਂ ਦੀ ਇਤਫਾਕ ਰਾਏ ਨਹੀਂ ਹੈ । ਸੀਨੀਅਰ ਵਕੀਲ ਆਰ.ਐਸ. ਬੈਂਸ ਦਾ ਕਹਿਣਾ ਹੈ ਕਿ ਕਿਸੇ ਵੀ ਸਰਕਾਰ ਨੂੰ ਫੌਜਦਾਰੀ ਕੇਸਾਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ।



**ਬਾਕੀ ਸਫ਼ਾ 28 'ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਦਲਿਤਾਂ ਨੇ ਮੇਨਕਾ ਦੀ ਫੇਰੀ ਮਗਰੋਂ ਅੰਬੇਡਕਰ ਦੇ ਬੁੱਤ ਦੀ ਕੀਤੀ 'ਸ਼ੁੱਧੀ'

**ਦਲਿਤ ਭਾਈਚਾਰੇ 'ਚ ਭਾਜਪਾ ਪ੍ਰਤੀ ਫੈਲੀ ਨਫ਼ਰਤ**

ਵਡੋਦਰਾ/ਬਿਊਰੋ ਨਿਊਜ਼: ਕੇਂਦਰੀ ਮੰਤਰੀ ਮੇਨਕਾ ਗਾਂਧੀ ਤੇ ਭਾਜਪਾ ਦੇ ਕੁਝ ਆਗੂਆਂ ਵੱਲੋਂ ਬੀਤੇ ਹਫ਼ਤੇ ਇੱਥੇ ਬੀ ਆਰ ਅੰਬੇਡਕਰ ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕਰਨ ਤੋਂ ਕੁਝ ਦੇਰ ਬਾਅਦ ਦਲਿਤ ਭਾਈਚਾਰੇ ਦੇ ਮੈਂਬਰਾਂ ਨੇ ਬੁੱਤ ਧੋ ਕੇ ਸਾਫ਼ ਕੀਤਾ ਤੇ ਕਿਹਾ ਕਿ ਭਾਜਪਾਈਆਂ ਦੀ ਮੌਜੂਦਗੀ ਨਾਲ ਮਾਹੌਲ "ਗੰਦਾ" ਹੋ ਗਿਆ ਸੀ। ਕੇਂਦਰੀ ਮੰਤਰੀ ਮੇਨਕਾ ਗਾਂਧੀ ਭਾਜਪਾ ਐਮਪੀ ਰਾਜਨਾਬੇਨ ਭੱਟ, ਸ਼ਹਿਰ ਦੇ ਮੇਅਰ ਭਰਤ ਡਾਂਗਰ ਤੇ ਵਿਧਾਇਕ ਯੋਗੇਸ਼ ਪਟੇਲ ਆਦਿ ਨਾਲ ਸਵੇਰੇ ਡਾ. ਅੰਬੇਡਕਰ ਦੇ ਬੁੱਤ 'ਤੇ ਫੁੱਲ ਮਾਲਾ ਚੜ੍ਹਾ ਕੇ ਸ਼ਰਧਾਂਜਲੀ ਭੇਟ ਕਰਨ ਪੁੱਜੇ ਤਾਂ ਉੱਥੇ ਮੌਜੂਦ ਦਲਿਤ ਕਾਰਕੁਨਾਂ ਨੇ ਸਰਕਾਰ ਖ਼ਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਐਸਸੀ ਐਸਟੀ ਐਂਪਲਾਈਜ਼ ਯੂਨੀਅਨ ਆਫ਼ ਮਹਾਰਾਜਾ ਸਾਯਾਜੀਰਾਓ ਯੂਨੀਵਰਸਿਟੀ ਆਫ ਬੜੌਦਾ ਦੇ ਜਨਰਲ ਸਕੱਤਰ ਠਾਕੋਰ ਸੋਲੰਕੀ ਤੇ ਉਥੇ ਮੌਜੂਦ ਕੁਝ ਪੁਲੀਸ ਕਰਮੀਆਂ ਵਿਚਕਾਰ ਤਲਖ਼ ਕਲਾਮੀ ਹੋ ਗਈ। ਜਦੋਂ ਭਾਜਪਾ ਆਗੂ ਸ਼ਰਧਾਂਜਲੀ ਭੇਟ ਕਰ ਕੇ ਚਲੇ ਗਏ ਤਾਂ ਸੋਲੰਕੀ ਤੇ ਹੋਰਨਾਂ ਨੇ ਦੁੱਧ ਤੇ ਪਾਣੀ ਨਾਲ ਬੁੱਤ ਧੋ ਕੇ ਸਾਫ਼ ਕੀਤਾ।

# ਰਾਮ ਰਹੀਮ ਨੂੰ ਜੇਲ੍ਹ 'ਚ ਪਾਉਣੇ ਪੈਂਦੇ ਨੇ ਕੈਦੀਆਂ ਵਾਲੇ ਕੱਪੜੇ

## *ਮੁਲਜ਼ਮ ਹੋਣ ਕਾਰਨ ਹਨੀਪ੍ਰੀਤ ਨੂੰ ਡਿਜ਼ਾਈਨਰ ਸੂਟ ਪਾਉਣ ਦੀ ਖੁਲ੍ਹ*

**ਚੰਡੀਗੜ੍ਹ/ਬਿਊਰੋ ਨਿਊਜ਼:**

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਇੰਸਾਂ ਅਤੇ ਉਸ ਦੀ ਮੂੰਹਬੋਲੀ ਧੀ ਹਨੀਪ੍ਰੀਤ ਹੌਲੀ-ਹੌਲੀ ਸਲਾਖਾਂ ਦੇ ਪਿੱਛੇ ਦੀ ਜ਼ਿੰਦਗੀ ਦੇ ਆਦੀ ਹੋਣ ਲੱਗ ਪਏ ਹਨ।

ਸੂਤਰਾਂ ਮੁਤਾਬਕ ਹਨੀਪ੍ਰੀਤ ਸ਼ੁਰੂ ਤੋਂ ਜ਼ੇਲ ਦੇ ਖਾਣੇ ਵਿਚ ਕਮੀਆਂ ਕੱਢਦੀਆਂ ਰਹਿੰਦੀ ਸੀ ਪਰ ਹੁਣ ਉਸ ਨੇ ਜੇਲ ਦੇ ਭੋਜਨ ਨੂੰ ਸਵੀਕਾਰ ਕਰ ਲਿਆ ਹੈ, ਦੋਸ਼ ਲਗਾਏ ਜਾ ਰਹੇ ਸਨ ਕਿ ਜੇਲ ਦੇ ਸਟਾਫ ਨੇ ਉਸ ਨੂੰ ਘਰ ਦਾ ਭੋਜਨ ਖਾਣ ਦੀ ਇਜਾਜ਼ਤ ਦੇ ਦਿੱਤੀ ਸੀ ਪਰ ਮੀਡੀਆ ਵਿਚ ਖਬਰਾਂ ਆਉਣ ਤੋਂ ਬਾਅਦ ਇਸ ਤਰ੍ਹਾਂ ਦੀਆਂ ਚੀਜ਼ਾਂ ਨੂੰ ਰੋਕ ਦਿੱਤਾ ਗਿਆ। ਇਕ ਹੋਰ ਸੂਤਰ ਨੇ ਦਾਅਵਾ ਕੀਤਾ ਕਿ ਹਨੀਪ੍ਰੀਤ ਜੇਲ੍ਹ ਵਿਚ ਇੱਕਲੀ ਰਹਿਣਾ ਪਸੰਦ ਕਰਦੀ ਹੈ ਅਤੇ ਸਾਥੀ ਕੈਦੀਆਂ ਨਾਲ ਬਹੁਤ ਘੱਟ ਗੱਲ ਕਰਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਹ ਉਸ ਸਮੇਂ ਖੁਸ਼ ਹੁੰਦੀ ਹੈ, ਜਦੋਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਮਿਲਣ ਆਉਂਦੇ ਹਨ। ਦੱਸ ਦਈਏ ਕਿ ਹਨੀਪ੍ਰੀਤ ਦਾ ਮਾਮਲਾ ਅਜੇ ਅੰਡਰਟ੍ਰਾਇਲ ਵਿਚ ਹੈ,






ਇਸ ਲਈ ਉਸ ਨੂੰ ਆਪਣੀ ਪਸੰਦ ਦੇ ਕੱਪੜੇ ਪਾਉਣ ਦੀ ਇਜਾਜ਼ਤ ਹੈ। ਅਦਾਲਤ ਵਿਚ ਪੇਸ਼ੀ ਦੌਰਾਨ ਹਨੀਪ੍ਰੀਤ ਨੂੰ ਡਿਜ਼ਾਈਨਰ ਸੂਟ ਪਾਏ ਹੋਏ ਦੇਖਿਆ ਗਿਆ ਹੈ।

ਜਿਥੇ ਹਨੀਪ੍ਰੀਤ ਨੇ ਜੇਲ ਦੇ ਹਾਲਾਤ ਵਿਚ ਰਹਿਣਾ ਸਵੀਕਾਰ ਕਰ ਲਿਆ ਹੈ ਉਥੇ ਹੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਵਿਚ ਅਨੁਸ਼ਾਸਿਤ ਅਤੇ ਚੰਗੇ ਵਿਵਹਾਰ ਵਾਲੇ ਕੈਦੀਆਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਉਸ ਨਾਲ ਜੇਲ੍ਹ ਵਿਚ ਮਜ਼ਦੂਰ ਵਰਗਾ ਵਿਵਹਾਰ ਕੀਤਾ ਜਾਂਦਾ ਹੈ ਅਤੇ ਹਰ ਰੋਜ਼ ਉਸ ਨੂੰ ਉਸ ਦੀ ਮਜ਼ਦੂਰੀ ਦੇ 20 ਰੁਪਏ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਰਾਮ ਰਹੀਮ ਅਜੇ ਜੇਲ੍ਹ ਦੇ ਕਿਚਨ ਗਾਰਡਨ ਵਿਚ ਸਬਜ਼ੀਆਂ ਉਗਾਉਣ ਦਾ ਕੰਮ ਕਰਦਾ ਹੈ। ਇਕ ਕੈਦੀ ਦੇ ਰੂਪ ਵਿਚ ਰਾਮ ਰਹੀਮ ਸਿਰਫ ਜੇਲ੍ਹ ਦੇ ਕੱਪੜੇ ਹੀ ਪਾ ਸਕਦਾ ਹੈ ਜਿਸ ਵਿਚ ਸਫੇਦ ਕੁਰਤਾ- ਪਜਾਮਾ ਸ਼ਾਮਲ ਹੈ। ਪਿਛਲੇ 8 ਮਹੀਨਿਆਂ ਵਿਚ ਉਸ ਦੀ ਦਾੜ੍ਹੀ ਅਤੇ ਬਾਲ ਵੀ ਭੂਰੇ ਹੋ ਗਏ ਹਨ, ਹਾਲ ਹੀ ਵਿਚ ਉਸ ਦੀ ਮਾਂ, ਪਤਨੀ ਅਤੇ ਪੁੱਤਰ ਉਸ ਨੂੰ ਮਿਲਣ ਵੀ ਆਏ ਸਨ। ਦੱਸਣਯੋਗ ਹੈ ਕਿ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ ਵਿਚ, ਜਦਕਿ ਹਨੀਪ੍ਰੀਤ ਅੰਬਾਲਾ ਦੀ ਸੈਂਟਰਲ ਜੇਲ ਵਿਚ ਕ੍ਰਮਵਾਰ ਅਗਸਤ ਅਤੇ ਅਕਤੂਬਰ 2017 ਤੋਂ ਸਜ਼ਾ ਕੱਟ ਰਹੀ ਹੈ। ਸਾਧਵੀਆਂ ਨਾਲ ਬਲਾਤਕਾਰ ਮਾਮਲੇ ਵਿਚ ਰਾਮ ਰਹੀਮ 20 ਸਾਲ ਦੀ ਸਜ਼ਾ ਕੱਟ ਰਿਹਾ ਹੈ, ਜਦਕਿ ਹਨੀਪ੍ਰੀਤ ਨੂੰ ਰਾਮ ਰਹੀਮ ਨੂੰ ਸਜ਼ਾ ਤੋਂ ਬਾਅਦ ਹਿੰਸਾ ਭੜਕਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

# ਸਿੱਕਮੀ ਬੋਧੀ ਗੁਰਦੁਆਰਾ ਗੁਰੂਡਾਂਗਮਾਰ 'ਤੇ ਕਬਜ਼ੇ ਤੋਂ ਬਾਅਦ ਗੁਰਦੁਆਰਾ ਚੁੰਗਥਾਂਗ 'ਤੇ ਕਬਜ਼ੇ ਦੀ ਸਾਜ਼ਿਸ਼ ਰਚਣ ਲੱਗੇ

## ਕਰਨਲ ਗਰੇਵਾਲ ਲੜ ਰਹੇ ਨੇ ਹਾਈਕੋਰਟ 'ਚ ਕੇਸ

ਲੁਧਿਆਣਾ/ਬਿਊਰੋ ਨਿਊਜ਼:

ਸਿੱਕਮ ਵਿਚ ਭਾਰਤ-ਚੀਨ ਸਰਹੱਦ ਦੇ ਨੇੜੇ ਗੁਰੂ ਨਾਨਕ ਸਾਹਿਬ ਦੀ ਯਾਤਰਾ ਦੀ ਯਾਦਗਾਰ ਵਜੋਂ ਗੁਰੂਡਾਂਗ ਮਾਰ ਝੀਲ ਕੰਢੇ ਬਣਾਏ ਗਏ ਗੁਰਦੁਆਰਾ ਗੁਰੂਡਾਂਗਮਾਰ ਸਾਹਿਬ 'ਤੇ ਪਿਛਲੇ ਵਰ੍ਹੇ ਕਬਜ਼ਾ ਕਰਨ ਤੋਂ ਬਾਅਦ ਹੁਣ ਸਿੱਕਮ ਦੇ ਕੁੱਝ ਫਿਰਕਾਪ੍ਰਸਤ ਬੋਧੀਆਂ ਦੀ ਗੁਰਦੁਆਰਾ ਚੁੰਗਥਾਂਗ ਸਾਹਿਬ 'ਤੇ ਵੀ ਕਬਜ਼ਾ ਕਰਨ ਦੀ ਮਨਸ਼ਾ ਹੈ। ਇਸ ਲਈ ਉਨ੍ਹਾਂ ਅਗਾਊਂ ਤਿਆਰੀ ਵਜੋਂ ਇਸ ਗੁਰਦੁਆਰਾ ਸਾਹਿਬ ਦੇ ਆਲ਼ੇ ਦੁਆਲ਼ੇ ਬੋਧੀ ਗੁਰੂ ਦੇ ਅੱਠਵੀਂ ਸਦੀ ਵਿਚ ਇੱਥੇ ਆਉਣ ਬਾਰੇ ਬੋਰਡ ਲਾ ਦਿੱਤੇ ਹਨ। ਦੱਸਣਯੋਗ ਹੈ ਕਿ ਬੋਧੀਆਂ ਨੇ ਪਿਛਲੇ ਵਰ੍ਹੇ ਗੁਰਦੁਆਰਾ ਗੁਰੂਡਾਂਗਮਾਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ, ਪਵਿੱਤਰ ਗੁਟਕੇ ਤੇ ਹੋਰ ਸਾਰਾ ਸਾਮਾਨ ਗਠੜੀਆਂ ਭਰ ਕੇ ਚੁੰਗਥਾਂਗ ਗੁਰਦੁਆਰਾ ਸਾਹਿਬ ਦੇ ਬਾਹਰ ਸੜਕ 'ਤੇ ਰੱਖ ਦਿੱਤੇ ਸਨ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਬੋਧੀ ਮੱਠ ਸਾਬਤ ਕਰਨ ਲਈ ਉੱਥੇ ਮਹਾਤਮਾ ਬੁੱਧ ਦੀ ਮੂਰਤੀ ਸਥਾਪਤ ਕਰ ਦਿੱਤੀ ਸੀ। ਗੁਰਦੁਆਰਾ ਗੁਰੂਡਾਂਗਮਾਰ ਸਾਹਿਬ ਦੀ ਉਸਾਰੀ, ਇਸ ਦੇ ਪ੍ਰਬੰਧਾਂ ਅਤੇ ਹੁਣ ਤਾਜ਼ਾ ਮਾਮਲੇ ਵਿਚ ਚੱਲ ਰਹੇ ਅਦਾਲਤੀ ਕੇਸਾਂ ਦੀ ਸਿੱਕਮ ਹਾਈਕੋਰਟ ਵਿਚ ਪੈਰਵਾਈ ਕਰ ਰਹੇ ਸੇਵਾ ਮੁਕਤ ਕਰਨਲ: ਦਲਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਕੇਸ ਦੀ ਸੁਣਵਾਈ ਲਈ ਸਿੱਕਮ ਜਾਣ ਸਮੇਂ ਉਸ ਨੂੰ ਗੰਗਟੋਕ ਤੋਂ ਚੁੰਗਥਾਂਗ ਜਾਣ ਦੀ ਮਨਜ਼ੂਰੀ ਤਾਂ ਮਿਲ ਗਈ ਪਰ ਗੁਰੂਡਾਂਗਮਾਰ ਨਾ ਜਾ ਸਕੇ ਕਿਉਂਕਿ ਸਿੱਖ ਯਾਤਰੂਆਂ ਨੂੰ ਉੱਥੇ ਜਾਣ ਲਈ ਮਨਜ਼ੂਰੀ ਦੇਣ ਵਿਚ ਅਧਿਕਾਰੀਆਂ ਵਲੋਂ ਜਾਣ ਬੁੱਝ ਕੇ ਦੇਰੀ ਕੀਤੀ ਜਾਂਦੀ ਹੈ। ਯਾਤਰੂਆਂ ਨੇ ਦੱਸਿਆ ਕਿ ਕੁੱਝ ਸਥਾਨਕ ਲੋਕਾਂ ਨੇ ਗੁਰਦੁਆਰਾ ਸਾਹਿਬ ਦੀ ਕੰਧ ਨਾਲ਼ ਇਕ ਦੁਕਾਨ ਖੋਲ੍ਹ ਲਈ ਹੈ ਜਿਸ ਵਿਚ ਸਿੱਖ ਧਰਮ ਲਈ ਵਰਜਿਤ ਵਸਤਾਂ ਦੀ ਵਿੱਕਰੀ ਵੀ ਕੀਤੀ ਜਾਂਦੀ ਹੈ। ਕਰਨਲ ਗਰੇਵਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜਦ ਪਟੀਸ਼ਨਰ ਵਕੀਲ ਗੁਰਪ੍ਰੀਤ ਸਿੰਘ ਖਾਲਸਾ ਹਾਈ ਕੋਰਟ ਦੇ ਹੁਕਮ ਲੈ ਕੇ ਗੁਰੂਡਾਂਗਮਾਰ ਦੀ ਯਾਤਰਾ ਲਈ ਲਾਚਿਨ ਵਿਚੋਂ ਦੀ ਲੰਘ ਰਹੇ ਸਨ ਤਾਂ ਉਨ੍ਹਾਂ ਨੂੰ ਵੀ ਡਰਾਇਆ ਧਮਕਾਇਆ ਗਿਆ ਸੀ, ਜਿਸ ਬਾਰੇ ਉਸ ਨੇ ਹਾਈ ਕੋਰਟ ਦੀ ਸੁਣਵਾਈ ਸਮੇਂ ਚੀਫ਼ ਜਸਟਿਸ ਨੂੰ ਵੀ ਦੱਸਿਆ ਸੀ। ਚੀਫ ਜਸਟਿਸ ਨੇ ਸਿੱਕਮ ਸਰਕਾਰ ਨੂੰ ਕਰੜੀ ਹਦਾਇਤ ਕੀਤੀ ਸੀ ਕਿ ਉਹ ਸਿੱਖ ਯਾਤਰੂਆਂ ਦਾ ਗੁਰੂਡਾਂਗਮਾਰ ਜਾਣਾ ਸੁਰੱਖਿਅਤ ਬਣਾਉਣ ਪਰ ਹੋਇਆ ਇਸ ਦੇ ਉਲਟ। ਗਰੇਵਾਲ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਸਿੱਖ ਆਗੂਆਂ ਦੇ ਤਿੰਨ ਵਫ਼ਦਾਂ ਨੂੰ ਮੁੱਖ ਮੰਤਰੀ ਜਾਂ ਮੁੱਖ ਸਕੱਤਰ ਨੇ ਮਿਲਣ ਤੱਕ ਦਾ ਸਮਾਂ ਨਹੀਂ ਦਿੱਤਾ। ਇਸ ਤੋਂ ਬਿਨਾਂ ਹੁਣ ਕੁੱਝ ਫਿਰਕੂ ਬੋਧੀਆਂ ਨੇ ਚੁੰਗਥਾਂਗ ਗੁਰਦਵਾਰੇ 'ਤੇ ਵੀ ਕਬਜ਼ੇ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਡਾ: ਗਰੇਵਾਲ ਨੇ ਦੱਸਿਆ ਕਿ ਇਸ ਸਭ ਦੇ ਪਿੱਛੇ ਕੁੱਝ ਮੁੱਠੀ ਭਰ ਫਿਰਕੂ ਸੋਚ ਵਾਲ਼ੇ ਬੋਧੀਆਂ ਤੋਂ ਬਿਨਾਂ ਇੱਥੋਂ ਦੇ ਐਸ. ਡੀ. ਐਫ. ਪਾਰਟੀ ਦੇ ਰਾਜ ਸਭਾ ਵਿਚ ਐਮ. ਪੀ. ਤੇ ਤਿੰਨ ਸੂਬਾਈ ਮੰਤਰੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਿਲ ਹਨ। ਐਸ. ਡੀ. ਐਫ. ਪਾਰਟੀ ਭਾਜਪਾ ਨਾਲ ਭਾਈਵਾਲ ਹੈ।




HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਪੰਜਾਬੀ ਤੇਜ਼ੀ ਨਾਲ ਕਰ ਰਹੇ ਨੇ ਵਿਦੇਸ਼ਾਂ ਵੱਲ ਪਰਵਾਸ

- ਵਿਦਿਆਰਥੀ ਤੇ ਬਿਜਨਸਮੈਨ ਵੱਡੀ ਗਿਣਤੀ 'ਚ ਸ਼ਾਮਲ
- ਪੰਜਾਬੀਆਂ ਦਾ ਪੈਸਾ ਲਗ ਰਿਹਾ ਏ ਵਿਦੇਸ਼ਾਂ 'ਚ

**ਸਾਲ 2017 ਦੌਰਾਨ ਹੀ ਇੱਕ ਲੱਖ ਤੋਂ ਵੱਧ ਪੰਜਾਬੀ ਵਿਦੇਸ਼ੀ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਦੇ ਨਾਮ 'ਤੇ ਵਿਦੇਸ਼ ਗਏ ਪੰਜਾਬ ਵਿੱਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪ੍ਰਵਾਸ ਕਰਦੇ ਹਨ**



**ਜਲੰਧਰ/ਬਿਊਰੋ ਨਿਊਜ਼:** ਪੰਜਾਬੀ ਹੁਣ ਤੇਜ਼ੀ ਨਾਲ ਵਿਦੇਸ਼ਾਂ ਵਿਚ ਬੇਰੁਜ਼ਗਾਰੀ ਤੇ ਭਾਰਤ ਦੇ ਫਿਰਕੂ ਮਾਹੌਲ ਕਾਰਨ ਪ੍ਰਵਾਸ ਕਰ ਰਹੇ ਹਨ। ਫਰਾਂਸ ਦੀ ਇੱਕ ਸੰਸਥਾ ਨਾਲ ਮਿਲ ਕੇ ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈੱਲਪਮੈਂਟ (ਕ੍ਰਿਡ) ਵੱਲੋਂ ਕੀਤੇ ਸਰਵੇਖਣ ਦੌਰਾਨ ਸਾਹਮਣੇ ਆਏ ਤੱਥਾਂ ਅਨੁਸਾਰ ਪੰਜਾਬ ਦੇ ਸਾਰੇ 55 ਲੱਖ ਪਰਿਵਾਰਾਂ ਵਿੱਚੋਂ 11 ਫ਼ੀਸਦ ਪਰਿਵਾਰਾਂ ਦੇ ਇੱਕ ਜਾਂ ਇੱਕ ਤੋਂ ਵੱਧ ਜੀਅ ਵਿਦੇਸ਼ ਵਿੱਚ ਹਨ। ਦੋਆਬੇ ਵਿੱਚ 23.7 ਫ਼ੀਸਦ ਪਰਿਵਾਰਾਂ ਵਿੱਚੋਂ, ਮਾਝੇ ਵਿੱਚੋਂ 11.5 ਫ਼ੀਸਦ ਤੇ ਮਾਲਵੇ ਦੇ 5 ਫ਼ੀਸਦ ਘਰਾਂ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਜੀਅ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਪੇਂਡੂ 13 ਫ਼ੀਸਦ ਅਤੇ ਸ਼ਹਿਰੀ 6 ਫ਼ੀਸਦ ਪਰਿਵਾਰਾਂ ਦੇ ਇੱਕ ਜਾਂ ਇਸ ਤੋਂ ਵੱਧ ਵਿਅਕਤੀ ਵਿਦੇਸ਼ਾਂ ਰਹਿ ਰਹੇ ਹਨ। ਇਨ੍ਹਾਂ ਵਿੱਚੋਂ 60 ਫ਼ੀਸਦ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂਕੇ ਤੇ ਹੋਰ ਦੇਸ਼ਾਂ ਵਿੱਚ ਹਨ, ਜਦੋਂਕਿ 40 ਫ਼ੀਸਦ ਦੇ ਕਰੀਬ ਮੱਧ ਪੂਰਬੀ ਦੇਸ਼ਾਂ ਵਿੱਚ ਹਨ। ਪ੍ਰੋਜੈਕਟ ਡਾਇਰੈਕਟਰ ਅਸ਼ਵਨੀ ਕੁਮਾਰ ਨੰਦਾ ਅਨੁਸਾਰ ਸੂਬੇ ਦੇ 133 ਪਿੰਡਾਂ ਤੇ 73 ਸ਼ਹਿਰਾਂ ਵਿੱਚੋਂ ਅੱਠ ਹਜ਼ਾਰ ਤੋਂ ਵੱਧ ਵਿਅਕਤੀਆਂ ਤੋਂ ਕੀਤੇ ਅਧਿਐਨ ਵਿੱਚ ਸਾਹਮਣੇ ਆਏ ਤੱਥਾਂ ਤਹਿਤ ਰੋਜ਼ੀ-ਰੋਟੀ ਤੋਂ ਇਲਾਵਾ ਪੰਜਾਬੀਆਂ ਲਈ ਕਿਸੇ ਮੈਂਬਰ ਨੂੰ ਬਾਹਰ ਭੇਜਣਾ 'ਸਟੇਟਸ ਸਿੰਬਲ' ਵੀ ਬਣਿਆ ਹੋਇਆ ਹੈ।

ਵਿਦਵਾਨਾਂ ਦਾ ਮੰਨਣਾ ਹੈ ਕਿ ਪਹਿਲਾਂ ਪੰਜਾਬ ਵਿੱਚੋਂ ਹੁਨਰ ਬਾਹਰ ਜਾਣ ਲੱਗ ਪਿਆ ਤੇ ਹੁਣ ਪੂੰਜੀ ਵੀ ਜਾ ਰਹੀ ਹੈ। ਸਾਲ 2017 ਦੌਰਾਨ ਹੀ ਇੱਕ ਲੱਖ ਤੋਂ ਵੱਧ ਪੰਜਾਬੀ ਵਿਦੇਸ਼ੀ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਦੇ ਨਾਮ 'ਤੇ ਵਿਦੇਸ਼ ਗਏ ਹਨ। ਕ੍ਰਿਡ ਦੇ ਸਰਵੇਖਣ ਅਨੁਸਾਰ 2007 ਤੋਂ 2010 ਦੇ ਲਗਪਗ ਸਾਢੇ ਤਿੰਨ ਸਾਲ ਦੌਰਾਨ 51 ਫ਼ੀਸਦ ਪਰਵਾਸੀਆਂ ਨੇ ਪੰਜਾਬ ਵਿੱਚ ਔਸਤਨ ਇੱਕ ਲੱਖ ਰੁਪਏ ਕਿਸੇ ਨਾ ਕਿਸੇ ਰੂਪ ਵਿੱਚ ਭੇਜੇ ਸਨ। 12.2 ਫ਼ੀਸਦ ਨੇ ਦਸ ਹਜ਼ਾਰ ਰੁਪਏ ਤੱਕ ਹੀ ਭੇਜੇ। ਬਾਕੀਆਂ ਨੇ ਦਸ ਹਜ਼ਾਰ ਤੋਂ ਇੱਕ ਲੱਖ ਰੁਪਏ ਤੱਕ ਭੇਜੇ। 19ਵੀਂ ਸਦੀ ਦੇ ਆਖ਼ਰੀ ਦਹਾਕੇ ਤੋਂ ਚੱਲੇ ਪਰਵਾਸ ਦੇ ਦੌਰ ਸਮੇਂ ਤੋਂ ਜ਼ਿਆਦਾਤਰ ਲੋਕ ਵਾਪਸ ਆਉਣ ਲਈ ਜਾਂਦੇ ਸਨ, ਪਰ ਹੁਣ ਲਗਪਗ ਸਾਰੇ ਹੀ ਸਥਾਈ ਤੌਰ 'ਤੇ ਵਿਦੇਸ਼ ਰਹਿਣ ਲਈ ਜਾਂਦੇ ਹਨ। ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਸ਼ਿੰਦਰ ਸਿੰਘ ਥਾਂਦੀ ਦਾ ਕਹਿਣਾ ਹੈ ਕਿ ਪੰਜਾਬੀ ਮੁੱਖ ਤੌਰ 'ਤੇ 2.5 ਕਰੋੜ ਦੇ ਲਗਪਗ ਪਰਵਾਸੀ ਭਾਰਤੀਆਂ ਵਿੱਚੋਂ 20 ਲੱਖ ਭਾਵ ਅੱਠ ਫ਼ੀਸਦ ਦੇ ਕਰੀਬ ਹਨ। ਪਰਵਾਸੀ ਪੰਜਾਬੀਆਂ ਵੱਲੋਂ ਮਕਾਨ ਬਣਾਉਣ ਤੇ ਛੋਟੀਆਂ ਵਪਾਰਕ ਗਤੀਵਿਧੀਆਂ ਉੱਤੇ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 20 ਤੋਂ 30 ਫ਼ੀਸਦ ਹਿੱਸਾ ਬਣ ਜਾਂਦਾ ਸੀ, ਜੋ ਪੰਜਾਬ ਦੀ ਅਰਥ-ਵਿਵਸਥਾ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਸੀ, ਪਰ ਹੁਣ ਪਿਛਲੇ ਦੋ ਦਹਾਕਿਆਂ ਤੋਂ ਇਹ ਟਿਕਾਊ ਨਹੀਂ ਰਹਿ ਸਕਿਆ। ਹੁਣ ਵਿਦੇਸ਼ਾਂ ਵਿੱਚ ਜੰਮੀ ਪੰਜਾਬੀ ਪੀੜ੍ਹੀ ਲਈ ਆਪਣਾ ਮੂਲ ਸੂਬਾ ਖਿੱਚ ਦਾ ਕੇਂਦਰ ਨਹੀਂ ਰਿਹਾ। ਪੰਜਾਬ ਵਿੱਚ ਪ੍ਰਸ਼ਾਸਨਿਕ ਪ੍ਰਬੰਧ ਵਿਗੜਨ, ਪਾਰਦਰਸ਼ਤਾ ਦੀ ਕਮੀ ਤੇ ਕਥਿਤ ਖੁਸ਼ਕ ਸੁਭਾਅ ਵਾਲੀ ਅਫ਼ਸਰਸ਼ਾਹੀ ਕਾਰਨ ਪਰਵਾਸੀਆਂ ਦਾ ਸੂਬੇ ਨਾਲੋਂ ਮੋਹ ਭੰਗ ਹੋ ਰਿਹਾ ਹੈ। ਇਹ ਪੀੜ੍ਹੀ ਪਿਛਲੇ ਇੱਕ ਦਹਾਕੇ ਤੋਂ ਆਪਣੀ ਜ਼ਮੀਨ, ਘਰ ਤੇ ਹੋਰ ਜਾਇਦਾਦ ਵੇਚ ਵੱਟ ਕੇ ਪੰਜਾਬ ਨਾਲੋਂ ਪੱਕਾ ਨਾਤਾ ਤੋੜਨ ਵਾਲੇ ਪਾਸੇ ਤੇਜ਼ੀ ਨਾਲ ਵਧ ਰਹੀ ਹੈ। ਪੰਜਾਬ ਸਰਕਾਰ ਅਤੇ ਪੰਜਾਬ ਲਈ ਇਹ ਵੱਡੀ ਚੁਣੌਤੀ ਹੈ। ਇੱਕ ਵੱਡਾ ਸੁਆਲ ਇਹ ਵੀ ਹੈ ਕਿ ਪੰਜਾਬ ਸਰਕਾਰ ਅਤੇ ਪਰਵਾਸੀ ਸਿੱਖਾਂ ਦਰਮਿਆਨ ਬੇਭਰੋਸਗੀ ਦਾ ਮਾਹੌਲ ਪਿਛਲੇ ਇੱਕ ਦਹਾਕੇ ਤੋਂ ਬਣਿਆ ਹੋਇਆ ਹੈ। ਅਕਾਲੀ-ਭਾਜਪਾ ਦੇ ਦਸ ਸਾਲ ਦੇ ਰਾਜ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਅਤੇ ਹੋਰ ਦੇਸ਼ਾਂ ਦੇ ਕਈ ਸਿੱਖਾਂ ਨਾਲ ਸਬੰਧਿਤ ਕਈ ਮੁੱਦਿਆਂ ਉੱਤੇ ਲਏ ਸਟੈਂਡ ਵੀ ਭਰੋਸਾ ਬਹਾਲ ਕਰਨ ਦੀ ਬਜਾਏ ਟਕਰਾਅ ਵਧਾਉਣ ਵੱਲ ਸੇਧਤ ਰਹੇ ਹਨ।

## ਦੁਬਈ ਨਾਲੋਂ ਇਰਾਕ ਵਿਚ ਕਈ ਗੁਣਾ ਵੱਧ ਤਨਖ਼ਾਹਾਂ

ਚੰਗੀ ਜ਼ਿੰਦਗੀ ਲਈ ਆਪਣਾ ਘਰ-ਬਾਹਰ ਛੱਡ ਕੇ ਇਰਾਕ ਗਏ 39 ਭਾਰਤੀਆਂ ਨੂੰ ਆਖਿਰਕਾਰ ਤਾਬੂਤਾਂ ਵਿਚ ਦੇਸ਼ ਪਰਤਣਾ ਪਿਆ, ਪਰ ਇਰਾਕ ਦੇ ਮੌਸੂਲ ਵਿਚ ਵਾਪਰੇ ਕਤਲੇਆਮ ਦੇ ਬਾਵਜੂਦ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਅਜੇ ਵੀ ਇਸ ਜੰਗ ਪ੍ਰਭਾਵਿਤ ਦੇਸ਼ ਵਿਚ ਰੁਜ਼ਗਾਰ ਦੀ ਉਮੀਦ ਹੈ ਤੇ ਬਹੁਤ ਸਾਰੇ ਅਜੇ ਵੀ ਗ਼ੈਰ-ਕਾਨੂੰਨੀ ਤਰੀਕਿਆਂ ਰਾਹੀਂ ਇਰਾਕ ਵਰਗੇ ਦੇਸ਼ਾਂ ਵਿਚ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਇਰਾਕ ਦੇ ਮੌਸੂਲ ਵਿਚ ਆਈ.ਐਸ. ਦੇ ਅੱਤਵਾਦੀਆਂ ਵਲੋਂ ਮਾਰੇ ਗਏ 39 ਭਾਰਤੀਆਂ ਵਿਚੋਂ 27 ਪੰਜਾਬ ਦੇ ਰਹਿਣ ਵਾਲੇ ਸਨ। ਇਸ ਸਬੰਧੀ ਟਰੈਵਲ ਏਜੰਟਾਂ ਦਾ ਕਹਿਣਾ ਹੈ ਕਿ ਖਤਰਿਆਂ ਦੇ ਬਾਵਜੂਦ ਅਜੇ ਵੀ ਹਜ਼ਾਰਾਂ ਨੌਜਵਾਨ ਕੰਮ ਦੀ ਭਾਲ ਲਈ ਇਰਾਕ ਵਰਗੇ ਜੰਗ ਪ੍ਰਭਾਵਿਤ ਦੇਸ਼ਾਂ ਵਿਚ ਜਾਣ ਦੀ ਯੋਜਨਾ ਬਣਾ ਰਹੇ ਹਨ। ਪੰਜਾਬ ਵਿਚ ਖੁੰਬਾਂ ਦੀ ਤਰ੍ਹਾਂ ਉੱਗ ਰਹੇ ਗੈਰ-ਕਾਨੂੰਨੀ ਟਰੈਵਲ ਏਜੰਟਾਂ ਲਈ ਸਖ਼ਤ ਲਾਈਸੈਂਸਿੰਗ ਪ੍ਰਣਾਲੀ ਦਾ ਸੱਦਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਨੌਜਵਾਨ ਇਨ੍ਹਾਂ ਟਰੈਵਲ ਏਜੰਟਾਂ ਰਾਹੀਂ ਹੀ ਗੈਰ-ਕਾਨੂੰਨੀ ਤਰੀਕਿਆਂ ਨਾਲ ਇਰਾਕ ਵਰਗੇ ਦੇਸ਼ਾਂ ਵਿਚ ਕੰਮ ਦੀ ਭਾਲ ਵਿਚ ਜਾ ਰਹੇ ਹਨ। ਇਸ ਸਬੰਧੀ ਪੰਜਾਬ ਟਰੈਵਲ ਏਜੰਟਸ ਐਸੋਸੀਏਸ਼ਨ ਦੇ ਪ੍ਰਧਾਨ ਕੁਲਜੀਤ ਸਿੰਘ ਹੇਅਰ ਨੇ ਦੱਸਿਆ ਕਿ ਪੰਜਾਬ ਦੇ ਨੌਜਵਾਨਾਂ ਦਾ ਕੰਮ ਦੀ ਭਾਲ ਵਿਚ ਦੂਸਰੇ ਦੇਸ਼ਾਂ ਵਿਚ ਜਾਣ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਉਹ ਗੈਰ-ਕਾਨੂੰਨੀ ਏਜੰਟਾਂ ਰਾਹੀਂ ਇਨ੍ਹਾਂ ਦੇਸ਼ਾਂ ਵਿਚ ਜਾਂਦੇ ਹਨ ਤਾਂ ਉਥੇ ਜਾ ਕੇ ਫਸ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਗੈਰ-ਕਨੂੰਨੀ ਟਰੈਵਲ ਏਜੰਟਾਂ ਦੇ ਬਾਵਜੂਦ ਜਿਹੜੇ ਲੋਕ ਇਰਾਕ ਵਿਚ ਮੌਜੂਦ ਖਤਰਿਆਂ ਨੂੰ ਜਾਨਣ ਦੇ ਬਾਵਜੂਦ ਇਥੇ ਗ਼ੈਰ-ਕਨੂੰਨੀ ਤਰੀਕੇ ਨਾਲ ਜਾਂਦੇ ਹਨ ਉਨ੍ਹਾਂ ਵਿਚ ਵੀ ਬਹੁਤ ਵੱਡੀ ਗਲਤੀ ਹੈ, ਕਿਉਂਕਿ ਉਹ ਅਜੇ ਵੀ ਇਰਾਕ ਵਰਗੇ ਦੇਸ਼ਾਂ ਵਿਚ ਜਾ ਰਹੇ ਹਨ। ਹਾਲਾਂਕਿ ਇਰਾਕ ਵਿਚੋਂ 39 ਭਾਰਤੀਆਂ ਦੀਆਂ ਲਾਸ਼ਾਂ ਲਿਆਉਣ ਤੋਂ ਬਾਅਦ ਵਿਦੇਸ਼ ਰਾਜ ਮੰਤਰੀ ਵੀ. ਕੇ. ਸਿੰਘ ਨੇ ਦੱਸਿਆ ਸੀ ਕਿ ਇਨ੍ਹਾਂ 39 ਭਾਰਤੀਆਂ ਜਾਂ ਉਥੋਂ ਬਚ ਕੇ ਨਿਕਲੇ ਲੋਕਾਂ ਦਾ ਕਿਸੇ ਵੀ ਭਾਰਤੀ ਅੰਬੈਸੀ ਕੋਲ ਕੋਈ ਰਿਕਾਰਡ ਨਹੀਂ ਹੈ ਕਿਉਂਕਿ ਉਹ ਗੈਰ-ਕਾਨੂੰਨੀ ਏਜੰਟਾਂ ਰਾਹੀਂ ਇਰਾਕ ਗਏ ਸਨ।

## ਪ੍ਰਵਾਸ ਕਾਰਨ ਮੌਤ ਦੇ ਸ਼ਿਕਾਰ ਪੰਜਾਬੀ ਗੱਭਰੂ

ਪੰਜਾਬ ਦੇ ਲੋਕਾਂ ਨੂੰ ਦੋ ਦਹਾਕੇ ਪਹਿਲਾਂ ਮਾਲਟਾ ਕਿਸ਼ਤੀ ਕਾਂਡ ਨੇ ਹਿਲਾ ਕੇ ਰੱਖ ਦਿੱਤਾ ਸੀ ਜਦੋਂ 120 ਘਰਾਂ ਦੇ ਚਿਰਾਗ ਬੁਝ ਗਏ ਸਨ। ਕੌਮਾਂਤਰੀ ਪੱਧਰ 'ਤੇ ਇਸ ਕਾਂਡ ਦੀਆਂ ਬਹੁਤ ਪੜਤਾਲਾਂ ਹੋਈਆਂ ਪਰ ਮਨੁੱਖੀ ਤਸਕਰਾਂ ਮੂਹਰੇ ਆਮ ਲੋਕਾਂ ਦੀ ਪੇਸ਼ ਨਹੀਂ ਚੱਲਦੀ ਅਤੇ ਭੁੱਖਣ ਭਾਣੇ ਲੋਕ ਮੁੜ ਆਪਣੇ ਆਪ ਨੂੰ ਤਸਕਰਾਂ ਮੂਹਰੇ ਸੁੱਟਦੇ ਹਨ। ਮਾਲਟਾ ਕਿਸ਼ਤੀ ਕਾਂਡ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਸੀ। ਉਸ ਤੋਂ ਬਾਅਦ ਵੀ ਹਰ ਇੱਕ ਜਾਂ ਦੋ ਵਰ੍ਹਿਆਂ ਬਾਅਦ ਅਜਿਹੀ ਘਟਨਾ ਜ਼ਰੂਰ ਵਾਪਰਦੀ ਹੈ, ਜਦੋਂ ਰੁਜ਼ਗਾਰ ਦੀ ਭਾਲ ਵਿੱਚ ਘਰੋਂ ਨਿਕਲੇ ਨੌਜਵਾਨਾਂ ਨੂੰ ਮੌਤ ਨਿਗਲ ਲੈਂਦੀ ਹੈ। ਇਰਾਕ ਵਿੱਚ ਮਾਰੇ ਗਏ ਨੌਜਵਾਨਾਂ ਦੇ ਮਾਮਲੇ ਨੇ ਪੁਰਾਣੇ ਜ਼ਖ਼ਮ ਵੀ ਤਾਜ਼ਾ ਕਰ ਦਿੱਤੇ।

ਪੰਜਾਬ ਸਰਕਾਰ ਦਾ ਦਾਅਵਾ ਹੈ ਕਿ 1 ਅਪਰੈਲ 2017 ਤੋਂ 28 ਫਰਵਰੀ 2018 ਤੱਕ ਪਰਵਾਸ ਨਾਲ ਸਬੰਧਿਤ ਧੋਖਾਧੜੀ ਦੇ 752 ਮਾਮਲੇ ਵੱਖ-ਵੱਖ ਕਾਨੂੰਨਾਂ ਤਹਿਤ ਦਰਜ ਕੀਤੇ ਗਏ ਸਨ। ਇਹ ਵੀ ਤੱਥ ਸਾਹਮਣੇ ਆਏ ਹਨ ਕਿ ਮਨੁੱਖੀ ਤਸਕਰੀ ਨਾਲ ਜੁੜੇ ਵੱਡੇ ਤਸਕਰਾਂ ਤੱਕ ਕਾਨੂੰਨ ਦੇ ਲੰਬੇ ਹੱਥ ਨਹੀਂ ਪਹੁੰਚੇ ਤੇ ਕਾਨੂੰਨ ਸਿਰਫ਼ ਕਰਿੰਦਿਆਂ ਨੂੰ ਹੀ ਹੱਥ ਪਾਉਣ 'ਚ ਕਾਮਯਾਬ ਹੁੰਦਾ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ' (ਯੂ.ਐੱਨ.ਓ.ਡੀ.ਸੀ.) ਵੱਲੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਵਿੱਚੋਂ ਗੈਰ-ਕਾਨੂੰਨੀ ਪਰਵਾਸ ਕਰਨ ਵਾਲੇ ਵਿਅਕਤੀਆਂ ਸਬੰਧੀ ਕਰਵਾਏ ਵਿਸ਼ੇਸ਼ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਪੰਜਾਬ ਵਿੱਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਯੂ.ਐੱਨ.ਓ.ਡੀ.ਸੀ. ਵੱਲੋਂ ਪੰਜਾਬ ਦੇ ਕਈ ਪਿੰਡਾਂ ਵਿੱਚ ਮੋਹਤਬਰ ਵਿਅਕਤੀਆਂ ਤੇ ਉਨ੍ਹਾਂ ਬਜ਼ੁਰਗਾਂ ਨਾਲ ਵੀ ਗੱਲਬਾਤ ਕੀਤੀ ਗਈ, ਜਿਨ੍ਹਾਂ ਦੇ ਪੁੱਤਰ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਗਏ ਹਨ।

ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਮਨੁੱਖੀ ਤਸਕਰੀ ਰੋਕਣ ਲਈ ਤਿੰਨ ਤਰ੍ਹਾਂ ਦੇ ਕਾਨੂੰਨਾਂ ਤਹਿਤ ਪੁਲੀਸ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ- 20 13, ਇਮੀਗਰੇਸ਼ਨ ਐਕਟ,1983 ਅਤੇ ਭਾਰਤੀ ਦੰਡਾਵਲੀ (ਆਈ .ਪੀ .ਸੀ) ਤਹਿਤ ਮੁਕੱਦਮੇ ਦਰਜ ਕੀਤੇ ਜਾਂਦੇ ਹਨ। ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ- 2013 ਤਿਆਰ ਕੀਤਾ ਗਿਆ ਹੈ, ਜਿਸ ਨੂੰ ਪਹਿਲਾਂ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ-2012 ਦਾ ਨਾਮ ਦਿੱਤਾ ਗਿਆ ਸੀ। ਪੁਲੀਸ ਦਾ ਦਾਅਵਾ ਹੈ ਕਿ ਗੈਰਕਾਨੂੰਨੀ ਪਰਵਾਸ ਰੋਕਣ ਲਈ ਇਹ ਵਿਆਪਕ ਐਕਟ ਹੈ, ਜੋ ਵਿਸਥਾਰਤ ਪ੍ਰਕਿਰਿਆਵਾਂ ਪ੍ਰਦਾਨ ਕਰਦਾ ਹੈ। ਇਸ ਐਕਟ ਤਹਿਤ ਟਰੈਵਲ ਏਜੰਸੀ ਚਲਾਉਣ ਵਾਸਤੇ ਲਾਇਸੈਂਸ ਪ੍ਰਾਪਤ ਕਰਨ ਲਈ ਲੋੜ ਸਮਰੱਥ ਅਥਾਰਟੀ ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਹੈ। ਕਾਨੂੰਨ ਦੀ ਧਾਰਾ (13) ਤਹਿਤ ਇਸ ਐਕਟ ਦੀ ਉਲੰਘਣਾ ਕਰਕੇ ਟਰੈਵਲ ਏਜੰਸੀ ਦਾ ਕਾਰੋਬਾਰ ਸ਼ੁਰੂ ਕਰਨ ਵਾਲੇ ਲੋਕਾਂ ਲਈ ਸਜ਼ਾ ਦਾ ਪ੍ਰਬੰਧ ਹੈ। ਇਸ ਐਕਟ ਵਿੱਚ ਪੀੜਤ ਲੋਕਾਂ ਲਈ ਮੁਆਵਜ਼ੇ ਦੀ ਉਚਿਤ ਮਾਤਰਾ ਟਰੈਵਲ ਏਜੰਟਾਂ ਦੁਆਰਾ ਭੁਗਤਾਨ ਕੀਤੇ ਜਾਣ ਦਾ ਉਪਬੰਧ ਹੈ। ਇਸ ਐਕਟ ਅਧੀਨ ਗੈਰਕਾਨੂੰਨੀ ਕੰਪਨੀਆਂ/ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

ਇਮੀਗਰੇਸ਼ਨ ਐਕਟ-1983 (ਭਾਰਤ ਦੀ ਸੰਸਦ ਦੁਆਰਾ ਬਣਾਇਆ ਗਿਆ): ਕਿਸੇ ਵੀ ਵਿਅਕਤੀ ਨੂੰ ਵਿਦੇਸ਼ ਵਿੱਚ ਮਜ਼ਦੂਰੀ ਕਰਨ ਲਈ ਭੇਜਣ ਦੇ ਮਕਸਦ ਨਾਲ ਟਰੈਵਲ ਏਜੰਸੀ ਦੇ ਉਪਰੋਕਤ ਕਾਰੋਬਾਰ ਸ਼ੁਰੂ ਕਰਨ ਦੇ ਚਾਹਵਾਨ ਵਿਅਕਤੀ ਨੂੰ ਭਾਰਤ ਦੀ ਪ੍ਰੋਟੈਕਟੋਰੇਟ ਜਨਰਲ ਅਤੇ ਵਿਦੇਸ਼ੀ ਮਾਮਲਿਆਂ, ਭਾਰਤ ਸਰਕਾਰ ਨਾਲ ਰਿਕਰੂਟਿੰਗ ਏਜੰਟ ਵਜੋਂ ਖੁਦ ਨੂੰ ਰਜਿਸਟਰ ਕਰਾਉਣਾ ਚਾਹੀਦਾ ਹੈ ਅਤੇ ਲਾਇਸੈਂਸ ਪ੍ਰਾਪਤ ਕਰਨਾ ਚਾਹੀਦਾ ਹੈ। ਅਜਿਹੇ ਲਾਇਸੈਂਸ ਦੇਣ ਲਈ ਪੰਜਾਬ ਦੇ ਅਧਿਕਾਰ ਖੇਤਰ ਦੇ ਪ੍ਰੋਟੈਕਟੋਰੇਟ ਜਨਰਲ (ਪੀ ਓਈ) ਦੇ ਚੰਡੀਗੜ੍ਹ ਦਫਤਰ ਦਾ ਅਧਿਕਾਰ ਖੇਤਰ ਹੈ। ਇਹ ਐਕਟ ਮੁੱਖ ਤੌਰ 'ਤੇ ਵਿਦੇਸ਼ਾਂ (ਖਾਸ ਕਰ ਅਰਬ ਮੁਲਕਾਂ) ਵਿੱਚ ਜਾ ਰਹੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਵਿਦੇਸ਼ਾਂ ਵਿੱਚ ਮਾਲਕ ਤੋਂ ਮਜ਼ਦੂਰਾਂ ਦਾ ਸ਼ੋਸ਼ਣ ਰੋਕਣ ਲਈ ਹੈ। ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਇਸ ਐਕਟ ਦੀ ਧਾਰਾ 24 ਤਹਿਤ ਅਪਰਾਧਿਕ ਕੇਸ ਦਰਜ ਕੀਤਾ ਜਾ ਸਕਦਾ ਹੈ।

## 'ਆਪ' ਵਲੋਂ ਠੱਗ ਟ੍ਰੈਵਲ ਏਜੰਟਾਂ ਵਿਰੁੱਧ ਮੁਹਿੰਮ

**ਚੰਡੀਗੜ੍ਹ/ਬਿਊਰੋ ਨਿਊਜ਼:**

ਵਰਕ ਵੀਜ਼ਾ ਦਿਵਾਉਣ ਦੇ ਨਾਂ 'ਤੇ ਠੱਗ ਬਣੇ ਟਰੈਵਲ ਏਜੰਟਾਂ ਕਾਰਨ ਭੁਲੱਥ ਦਾ ਇਕ ਨੌਜਵਾਨ ਦੁਬਈ ਵਿੱਚ ਲਾਪਤਾ ਹੋ ਗਿਆ ਹੈ ਜਦੋਂ ਕਿ 27 ਪੰਜਾਬੀ ਨੌਜਵਾਨ ਯੂਏਈ ਅਤੇ ਸਾਊਦੀ ਅਰਬ ਵਿੱਚ ਕਈ ਹਫ਼ਤਿਆਂ ਤੋਂ ਫਸੇ ਹੋਏ ਹਨ। ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਹਰਜੋਤ ਸਿੰਘ ਬੈਂਸ ਨੇ ਇਸ ਮਾਮਲੇ ਸਬੰਧੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੋਂ ਦਖ਼ਲ ਮੰਗਿਆ ਹੈ ਤਾਂ ਜੋ ਇਹ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਕਪੂਰਥਲਾ ਵਿੱਚ ਭੁਲੱਥ ਦੇ ਵਾਸੀ ਨੌਜਵਾਨ ਖੁਸ਼ਵਿੰਦਰ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਪੱਧਰ 'ਤੇ ਖੁਸ਼ਵਿੰਦਰ ਨੂੰ ਲੱਭਣ ਦੇ ਬਹੁਤ ਯਤਨ ਕੀਤੇ ਪਰ ਪੰਜਾਬ ਸਰਕਾਰ ਜਾਂ ਪੁਲੀਸ ਵੱਲੋਂ ਉਨ੍ਹਾਂ ਨੂੰ ਕੋਈ ਮਦਦ ਨਹੀਂ ਮਿਲੀ। ਖੁਸ਼ਵਿੰਦਰ ਸਿੰਘ ਦੀ ਭੈਣ ਸਤਿੰਦਰਜੀਤ ਕੌਰ ਤੱਗੜ ਦਾ ਕਹਿਣਾ ਹੈ ਕਿ ਪੁਲੀਸ ਨੇ ਇਸ ਸਬੰਧੀ ਠੱਗ ਟਰੈਵਲ ਏਜੰਟ ਵਿਰੁੱਧ ਕੇਸ ਤਕ ਵੀ ਦਰਜ ਨਹੀਂ ਕੀਤਾ।

## ਲਾਪਤਾ ਭਾਰਤੀ ਪਰਿਵਾਰ ਦੇ ਆਖ਼ਰੀ ਜੀਅ ਦੀ ਵੀ ਲਾਸ਼ ਮਿਲੀ

**ਸੈਨ ਫਰਾਂਸਿਸਕੋ/ਬਿਊਰੋ ਨਿਊਜ਼:** ਕੈਲੀਫੋਰਨੀਆ ਵਿੱਚ ਲਾਪਤਾ ਭਾਰਤੀ ਪਰਿਵਾਰ ਦੇ ਆਖ਼ਰੀ ਮੈਂਬਰ 12 ਸਾਲ ਦੇ ਲੜਕੇ ਦੀ ਵੀ ਲਾਸ਼ ਮਿਲ ਗਈ ਹੈ। ਭਾਰਤੀ ਪਰਿਵਾਰ ਜਿਸ ਵਾਹਨ ਵਿੱਚ ਸਵਾਰ ਸੀ, ਉਹ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿੱਚ ਆਏ ਹੜ੍ਹ ਦੌਰਾਨ ਕਰੀਬ 11 ਦਿਨ ਪਹਿਲਾਂ ਦਰਿਆ ਵਿੱਚ ਹੜ੍ਹ ਗਿਆ ਸੀ। ਅਧਿਕਾਰੀਆਂ ਅਨੁਸਾਰ ਤੋਟਾਪਿਲੇ ਪਰਿਵਾਰ ਲਾਸ ਏਂਜਲਣ ਨੇੜਲੇ ਸੈਂਟਾ ਕਲੈਰੀਤੀਆ ਤੋਂ 6 ਅਪਰੈਲ ਨੂੰ ਹੌਂਡਾ ਪਾਇਲਟ ਗੱਡੀ ਵਿੱਚ ਜਾਂਦਾ ਹੋਇਆ ਰੈੱਡਵੁੱਡ ਕੋਸਟ ਹਾਈਵੇਅ ਉੱਤੇ ਲਾਪਤਾ ਹੋ ਗਿਆ ਸੀ। ਇਹ ਘਟਨਾ ਅਚਾਨਕ ਵਾਪਰੀ ਸੀ ਅਤੇ ਖ਼ਬਰਾਂ ਆਈਆਂ ਸਨ ਕਿ ਵਾਹਨ ਉੱਤਰੀ ਕੈਲੇਫੋਰਨੀਆ ਦੇ ਈਲ ਦਰਿਆ ਵਿੱਚ ਡੁੱਬ ਗਿਆ ਸੀ। ਇਸ ਪਰਿਵਾਰ ਦੇ ਚਾਰ ਮੈਂਬਰ ਲਾਪਤਾ ਸਨ ਅਤੇ ਹੁਣ ਖੋਜੀ ਟੀਮ ਨੇ ਸਿਧਾਂਤ ਤੋਟਾਪਿਲੈ ਦੀ ਲਾਸ਼ ਵੀ ਲੱਭ ਲਈ ਹੈ। ਪਰਿਵਾਰ ਦੇ ਆਖ਼ਰੀ ਮੈਂਬਰ ਦੀ ਲਾਸ਼ ਮਿਲਣ ਨਾਲ ਮਾਮਲਾ ਹੱਲ ਹੋ ਗਿਆ ਹੈ।



ਸੰਦੀਪ ਦੇ ਮਾਪੇ ਸੂਰਤ (ਗੁਜਰਾਤ) ਵਿੱਚ ਉਸ ਦੀ ਤਸਵੀਰ ਦਿਖਾਉਂਦੇ ਹੋਏ।

# ਅਦਾਲਤੀ ਫੁਰਮਾਨ ਅਤੇ ਹਿੰਦੁਸਤਾਨ ਦੇ 'ਬਦਨਸੀਬ'

The fact is that soon we shall have had seven years of crimes in Algeria and there has not yet been a single Frenchman indicted before a French court of justice for the murder of an Algerian. – Frantz Fenon

**ਡਾ. ਸਿਕੰਦਰ ਸਿੰਘ**

ਬਸਤੀਵਾਦ ਦੀ ਕਰੜੀ ਆਲੋਚਨਾ ਕਰਨ ਵਾਲਾ ਫਰਾਂਸੀਸੀ ਲੇਖਕ ਫਰਾਂਜ ਫੈਨਨ ਬਸਤੀਆਂ ਦੇ ਮੂਲ ਵਸ਼ਿੰਦਿਆਂ ਨੂੰ ਬਦਨਸੀਬ ਆਖਦਾ ਹੈ। ਉਸ ਦੀ ਮਕਬੂਲ ਕਿਤਾਬ 'ਦ ਰੈਚੱਡ ਆਫ ਦ ਅਰਥ' ਬਸਤੀਕਾਰਾਂ ਦੀਆਂ ਚਾਲਾਂ ਅਤੇ ਬਸਤੀਆਂ ਦੇ ਮੂਲ ਵਾਸੀਆਂ ਦੇ ਹਾਲ ਦੀਆਂ ਅਨੇਕਾਂ ਤੈਹਾਂ ਖੋਲ੍ਹਦੀ ਹੈ। ਮਰਹੂਮ ਕੌਮਾਂਤਰੀ ਸਿੱਖ ਚਿੰਤਕ ਪ੍ਰੋਫੈਸਰ ਅਤੇ ਸਾਬਕਾ ਮੁਖੀ, ਅੰਗਰੇਜੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਡਾ. ਗੁਰਭਗਤ ਸਿੰਘ ਨੇ ਇਸ ਦਾ ਪੰਜਾਬੀ ਤਰਜਮਾ 'ਧਰਤੀ ਦੇ ਬਦਨਸੀਬ' ਕੀਤਾ ਹੈ। ਫੈਨਨ ਦੀ ਇਹ ਕਿਤਾਬ ਬਸਤੀਵਾਦ ਦੀਆਂ ਕਈ ਅੰਦਰਲੀਆਂ ਗੱਲਾਂ ਲੋਕਾਂ ਸਾਹਮਣੇ ਲਿਆਉਂਦੀ ਹੈ ਕਿ ਕਿਵੇਂ ਬਸਤੀਕਾਰ ਮੂਲ ਨਿਵਾਸੀਆਂ ਨੂੰ ਜਾਨਵਰ ਤੋਂ ਵੱਧ ਕੁਝ ਨਹੀਂ ਸਮਝਦਾ, ਉਸ ਲਈ ਉਹ ਬੁਰਾਈ ਹਨ। ਇਸ ਕਿਤਾਬ ਦੇ ਸਾਲ 1963 ਦੀ ਅੰਗਰੇਜੀ ਛਾਪ ਦੀ ਭੂਮਿਕਾ ਵਿਚ ਪ੍ਰਸਿੱਧ ਦਾਨਸ਼ਵਰ ਜਾਂ ਪੱਲ ਸਾਰਤਰ ਕਹਿੰਦਾ ਕਿ ਬਸਤੀਆਂ ਵਿਚ ਕੀਤੀ ਜਾਣ ਵਾਲੀ ਹਿੰਸਾ ਕੇਵਲ ਉਨ੍ਹਾਂ ਨੂੰ ਗੁਲਾਮ ਬਣਾਉਣ ਲਈ ਹੀ ਨਹੀਂ ਹੁੰਦੀ ਸਗੋਂ ਇਹ ਉਨ੍ਹਾਂ ਨੂੰ ਅਸੱਭਿਅਕ ਬਣਾਉਣ ਦੀ ਕਵਾਇਦ ਹੁੰਦੀ ਹੈ। ਸਭ ਕੁਝ ਉਨ੍ਹਾਂ ਦੀਆਂ ਵਿਰਾਸਤਾਂ ਨੂੰ ਤਹਿਸ ਨਹਿਸ ਕਰਨ ਲਈ ਹੁੰਦਾ, ਬਸਤੀਕਾਰ ਦੀ ਬੋਲੀ ਨੂੰ ਉਨ੍ਹਾਂ ਦੀ ਬੋਲੀ ਬਣਾਉਣ ਲਈ ਹੁੰਦਾ ਅਤੇ ਉਨ੍ਹਾਂ ਦੇ ਸਭਿਆਚਾਰ ਨੂੰ ਖਤਮ ਕਰਨ ਲਈ ਹੁੰਦਾ ਹੈ। ਬਸਤੀਕਾਰ ਮੂਲ ਸਮਾਜ ਦੀ ਮੌਤ, ਸਭਿਆਚਾਰਕ ਨੇਸਤੀ ਅਤੇ ਉਸ ਦੇ ਲੋਕਾਂ ਦੇ ਪਥਰਾਅ ਜਾਣ 'ਤੇ ਏਕਤਾ ਖੜ੍ਹੀ ਕਰਦਾ ਹੈ। ਡਾ. ਗੁਰਭਗਤ ਸਿੰਘ ਫੈਨਨ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਬਸਤੀਵਾਦੀ ਸ਼ਾਸਕ ਮੂਲ ਨਿਵਾਸੀ ਕੌਮੀ ਸਭਿਆਚਾਰ ਨੂੰ ਬੜੇ ਵਿਧੀਪੂਰਵਕ ਢੰਗ ਨਾਲ ਖਤਮ ਕਰਨਾ ਚਾਹੁੰਦੇ ਹਨ। ਅਜਿਹੀ ਹਾਲਤ ਵਿਚ ਮੂਲ ਨਿਵਾਸੀ ਨੂੰ ਆਪਣਾ ਸਭਿਆਚਾਰ ਕਦਮ ਕਦਮ 'ਤੇ ਬਚਾਉਣਾ ਪੈਂਦਾ ਹੈ। ਉਸ ਦੇ ਵਿਸ਼ੇਸ ਚਰਿੱਤਰ ਨੂੰ ਆਪਣੇ ਖੂਨ ਦੀ ਸ਼ਿੱਦਤ ਨਾਲ ਉਭਾਰਨਾ ਪੈਂਦਾ ਹੈ। ਤਾਕਤ ਖਿਲਾਫ ਲੜ ਰਹੇ ਲੋਕਾਂ ਦੇ ਦੋ ਹੀ ਮੁੱਖ ਗੁਣ ਹੁੰਦੇ ਹਨ; ਇਕ ਹਠ ਅਤੇ ਦੂਜਾ ਆਪਣੇ ਸਭਿਆਚਾਰ ਦੇ ਅੰਦਰਲੇ ਦ੍ਰਿੜ੍ਹ ਤੱਤ 'ਤੇ ਜੋਰ। ਬਸਤੀਕਾਰ ਦੀਆਂ ਫੌਜਾਂ, ਪੁਲਸ, ਅਦਾਲਤਾਂ ਆਦਿ ਸਭ ਮੂਲ ਨਿਵਾਸੀਆਂ ਨੂੰ ਦਬਾਉਣ ਦੇ ਕਾਰਕ ਬਣਦੇ ਹਨ। ਉਸ ਉੱਪਰ ਸੈਆਂ ਤਰਕੀਬਾਂ ਵਰਤ ਕੇ ਦਹਿਸ਼ਤ ਪਾਈ ਜਾਂਦੀ ਹੈ, ਉਸ ਅੰਦਰ ਹਮਲੇ ਦਾ, ਤਸ਼ੱਦਦ ਦਾ ਸਹਿਮ ਭਰਿਆ ਜਾਂਦਾ ਹੈ। ਜੇਲ੍ਹਾਂ ਫਾਸੀਆਂ ਆਮ ਕਰਕੇ ਉਨ੍ਹਾਂ ਲਈ ਹੀ ਹੁੰਦੀਆਂ ਹਨ। ਉਨ੍ਹਾਂ ਦੀ ਦੇਹ ਨੂੰ ਸਜਾ ਦੇ ਜਾਂ ਸਜਾ ਦਾ ਸਹਿਮ ਖੜ੍ਹਾ ਕਰ ਕੇ ਕਾਬੂ ਕੀਤਾ ਜਾਂਦਾ ਹੈ। ਇਕ ਪਾਸੇ ਉਨ੍ਹਾਂ ਦੇ ਧਰਮ, ਸਭਿਆਚਾਰ ਅਤੇ ਪਵਿੱਤਰ ਵਿਸ਼ਵਾਸ਼ਾਂ ਨਾਲ ਖੇਡ ਕੇ ਉਨ੍ਹਾਂ ਨੂੰ ਉਕਸਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਫੌਜ ਦਾ ਸਹਿਮ ਦਿਖਾਇਆ ਜਾਂਦਾ ਹੈ, ਕਾਨੂੰਨ ਦੀ ਹੁਕਮ ਅਦੂਲੀ ਭਿਆਨਕ ਸਿੱਟੇ ਦਿਖਾਏ ਜਾਂਦੇ ਹਨ। ਮੁੱਕਦੀ ਗੱਲ ਇਹ ਕਿ ਉਹ ਜਿਸ ਧਰਤੀ 'ਤੇ ਪੈਦਾ ਹੋਏ ਹੁੰਦੇ ਹਨ, ਉਹ ਉਸੇ ਧਰਤੀ ਦੇ ਬਦਨਸੀਬ ਬਣ ਜਾਂਦੇ ਹਨ। ਉਨ੍ਹਾਂ ਲਈ ਸਿਰ ਚੁੱਕਣਾ ਤਸ਼ੱਦਦ ਦੀ ਮੌਤ ਹੁੰਦੀ ਹੈ। ਆਪਣੇ ਮੂਲ ਵਿਸ਼ਵਾਸਾਂ ਦੀ ਰਾਖੀ ਉਹ ਕੇਵਲ ਲਹੂ ਨਾਲ ਕਰ ਸਕਦੇ ਹਨ। ਫਰਿਆਦ, ਮੰਗ, ਤਰਕ ਉਨ੍ਹਾਂ ਦੇ ਹੱਕ ਨਹੀਂ ਹੁੰਦੇ।

ਹਿੰਦੁਸਤਾਨ ਵਿਚੋਂ ਫਰੰਗੀ ਬਸਤੀਕਾਰਾਂ ਨੂੰ ਗਿਆਂ ਤਾਂ 70 ਸਾਲਾਂ ਤੋਂ ਉੱਪਰ ਹੋ ਗਏ ਪਰ ਇੱਥੇ ਅਜੇ ਵੀ ਅਨੇਕਾਂ ਲੋਕ ਬਸਤੀਵਾਦ ਦੇ ਅਧੀਨ ਹਨ। ਉਨ੍ਹਾਂ ਨੂੰ ਆਪਣੇ ਸਭਿਆਚਾਰ, ਧਰਮ ਅਤੇ ਵਿਰਾਸਤ ਦੀਆਂ ਮਾਨਤਾਵਾਂ ਅਤੇ ਵਿਸ਼ਵਾਸਾਂ ਮੁਤਾਬਕ ਜਿਉਣ ਦਾ ਹੱਕ ਨਹੀਂ। ਦਲਿਤ, ਘੱਟਗਿਣਤੀਆਂ, ਗਰੀਬ, ਕਬੀਲੇ ਅਤੇ ਇਨ੍ਹਾਂ ਦੀਆਂ ਔਰਤਾਂ ਆਦਿ ਦੂਜੇ ਦਰਜੇ ਦੀ ਜਿੰਦਗੀ ਜਿਉਂ ਰਹੇ ਹਨ। ਅਦਾਲਤਾਂ ਉਨ੍ਹਾਂ ਦੀ ਫਰਿਆਦ ਨਹੀਂ ਸੁਣਦੀਆਂ। ਪ੍ਰਭਾਤ ਕੁਮਾਰ ਸ਼ਾਂਡਲਯ ਕਹਿੰਦਾ ਹੈ ਕਿ 'ਦਲਿਤਾਂ ਘੱਟਗਿਣਤੀਆਂ ਨੂੰ ਫਾਂਸੀ ਵਿਚ 100 ਫੀਸਦੀ ਰਾਖਵਾਂਕਰਣ ਦਿੱਤਾ ਗਿਆ ਹੈ ਅਰਥਾਤ ਹਿੰਦੁਸਤਾਨੀ ਅਦਾਲਤਾਂ ਵਲੋਂ ਮੌਤ ਦੀ ਸਜਾ ਉਨ੍ਹਾਂ ਨੂੰ ਹੀ ਹੁੰਦੀ ਹੈ। ਫੈਨਨ ਦੇ ਕਹਿਣ ਵਾਂਗ ਉਹ ਹਿੰਦੁਸਤਾਨ ਦੇ ਬਦਨਸੀਬ ਲੋਕ ਹਨ।

ਇਨ੍ਹਾਂ ਬਦਨਸੀਬਾਂ ਵਿਚੋਂ ਇਕ ਉਹ ਹਨ ਜਿਨ੍ਹਾਂ ਖਿਲਾਫ 'ਦੇਸ' ਦੀ ਸਰਵਉੱਚ ਅਦਾਲਤ ਦਾ ਤਾਜਾ ਫੁਰਮਾਨ ਆਇਆ ਹੈ। ਪਿਛਲੀਆਂ ਸਾਢੇ ਪੰਜ ਸਦੀਆਂ ਤੋਂ ਉਹ ਬੁੱਤ ਦਾ ਵਿਰੋਧ ਕਰਦੇ ਆ ਰਹੇ ਹਨ ਅਤੇ ਪਿਛਲੇ ਤਿੰਨ ਸਾਲਾਂ ਤੋਂ ਇਕ ਨਵੀਂ ਕਿਸਮ ਦੇ ਬੁੱਤ ਨੂੰ ਰੋਕਣ ਲਈ ਪੱਬਾਂ ਭਾਰ ਹੋਏ ਪਏ ਹਨ। ਇਹ ਨਵੀਂ ਕਿਸਮ ਦਾ ਬੁੱਤ ਵੀ ਉਨ੍ਹਾਂ ਦੇ ਉਸ ਗੁਰੂ ਦਾ ਹੈ ਜਿਸ ਨੇ ਆਪ ਬੁੱਤਾਂ ਵਿਚੋਂ ਲੋਕਾਂ ਨੂੰ ਬਾਹਰ ਹੀ ਨਹੀਂ ਕੱਢਿਆ ਸਗੋਂ 40 ਸਦੀਆਂ ਤੋਂ ਪਥਰਾਏ ਲੋਕਾਂ ਨੂੰ ਹੱਡ ਮਾਸ ਤੋਂ ਅਗਾਂਹ ਰੂਹ ਵਿਚ ਲੈ ਕੇ ਆਂਦਾ। ਉਸ ਗੁਰੂ ਨੇ ਆਪਣੇ ਤੋਂ ਪੂਰਵਲੇ ਉਨ੍ਹਾਂ ਭਗਤਾਂ ਨਾਲ ਸਾਂਝ ਪਾਈ ਜਿਨ੍ਹਾਂ ਨੇ ਕਿਹਾ ਕਿ ਪੱਥਰ ਦੇ ਬੁੱਤਾਂ ਨੇ ਧਰਤੀ ਡੋਬ ਦਿੱਤੀ ਹੈ ਤੇ ਬੁੱਤ ਪੂਜਕਾਂ ਨੇ ਇਸ ਨੂੰ ਰਾਹ ਵਿਚ ਹੀ ਲੁੱਟ ਲਿਆ। ਅੱਜ ਇਕ ਵਾਰੀ ਫਿਰ ਉਹੀ ਬੁੱਤ ਪੂਜਕ ਤਾਕਤ ਉਨ੍ਹਾਂ ਦੇ ਗੁਰੂ ਨੂੰ ਨਵੀਂ ਕਿਸਮ ਦੇ ਬੁੱਤ ਵਿਚ ਦਿਖਾ ਕੇ ਉਨ੍ਹਾਂ ਦੇ ਧਰਮ ਦਾ ਵਿਕਾਸ ਕਰ ਰਹੀ ਹੈ! ਉਹ ਬੜਾ ਰੌਲਾ ਪਾ ਰਹੇ ਹਨ ਕਿ ਉਨ੍ਹਾਂ ਨੂੰ ਅਜਿਹੇ ਫੈਲਾਅ ਦੀ ਲੋੜ ਨਹੀਂ, ਉਹ ਘੱਟ ਹੀ ਠੀਕ ਨੇ। ਜਦੋਂ ਉਨ੍ਹਾਂ ਨੇ ਇਸ ਨਵੀਂ ਕਿਸਮ ਦੇ ਬੁੱਤ ਦਾ ਵਿਰੋਧ ਕੀਤਾ ਕਿ ਇਹ ਉਨ੍ਹਾਂ ਦੀ ਰੂਹਾਨੀ ਖੁਦਕੁਸ਼ੀ ਹੈ ਤਾਂ ਸ਼ਾਹੀ ਸ਼ਿਖਰ ਅਦਾਲਤ ਉਨ੍ਹਾਂ ਨੂੰ ਕਾਨੂੰਨ ਮਰਿਆਦਾ ਵਿਚ ਰਹਿਣ ਦੀ ਤਾਕੀਦ ਕਰਦੀ ਹੈ। ਉਨ੍ਹਾਂ ਨੂੰ ਚੇਤਾ ਕਰਵਾਇਆ ਜਾ ਰਿਹਾ ਕਿ ਜਦ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ ਨੇ ਇਸ ਨਵੀਂ ਕਿਸਮ ਦੇ ਬੁੱਤ ਵਿਖਾਉਣ ਨੂੰ ਹਰੀ ਝੰਡੀ ਦੇ ਦਿੱਤੀ ਤਾਂ ਉਹ ਅਤੇ ਉਨ੍ਹਾਂ ਦੀ ਕੋਈ ਵੀ ਸੰਸਥਾ ਕੌਣ ਹੁੰਦੀ ਹੈ ਇਸ ਨੂੰ ਰੋਕਣ ਵਾਲੀ? ਸਰਵਉੱਚ ਅਦਾਲਤ ਨੇ ਕਿਹਾ ਕਿ ਕਿਸੇ 'ਕਲਾਕਾਰ ਦੀ ਪ੍ਰਗਟਾਵੇ ਦੀ ਅਜਾਦੀ' ਨੂੰ 'ਨਿੱਜੀ ਲੋਕਾਂ ਦੇ ਸਮੂਹ' ਵਲੋਂ ਦਬਾਇਆ ਨਹੀਂ ਜਾ ਸਕਦਾ। ਨਵੀਂ ਬੁੱਤਕਾਰੀ ਦੇ ਵਿਰੋਧੀਆਂ ਦੀ ਸਰਵਉੱਚ ਧਾਰਮਕ ਸੰਸਥਾ ਅਤੇ ਉਨ੍ਹਾਂ ਦੇ ਪਵਿੱਤਰ ਰੂਹਾਨੀ ਤਖਤ ਅਕਾਲ ਨੂੰ ਉਨ੍ਹਾਂ ਦੇ ਦੇਸ ਦੀ ਸਰਵਉੱਚ ਅਦਾਲਤ ਭਰਮ ਵਿਚੋਂ ਕੱਢਦੀ ਹੋਈ ਕਹਿੰਦੀ ਹੈ ਕਿ "ਕਿਸੇ ਵੀ ਸੂਰਤ ਵਿਚ ਇਹੋ ਜਿਹੀਆਂ ਸੰਸਥਾਵਾਂ, ਗਰੁੱਪ ਜਾਂ ਵਿਅਕਤੀ ਇਹ ਭਰਮ ਨਹੀਂ ਪਾਲ ਸਕਦੇ ਕਿ ਉਹ ਸਰਟੀਫਿਕੇਟ ਦੇਣ ਦੇ ਸਮਰੱਥ ਹਨ।" ਇਨ੍ਹਾਂ ਲੋਕਾਂ ਦੀ ਸਰਵਉੱਚ ਧਾਰਮਕ ਸੰਸਥਾ ਦੇ ਆਗੂ ਨੇ ਕਿਹਾ ਦੇਸ ਦੀ ਸਰਵਉੱਚ ਅਦਾਲਤ ਨੇ ਦੂਜੀ ਧਿਰ ਦਾ ਪੱਖ ਸੁਣਿਆ ਹੀ ਨਹੀਂ। ਵਿਡਾਣ ਇਹ



ਹੈ ਕਿ ਇਨ੍ਹਾਂ ਦੀ ਕੌਮ ਨੇ ਪੁਰਾਣੇ ਬਸਤੀਕਾਰਾਂ ਤੋਂ ਇਸ 'ਦੇਸ' ਨੂੰ ਅਜਾਦ ਕਰਵਾਉਣ ਲਈ ਆਪਣੀ ਗਿਣਤੀ ਤੋਂ ਕਈ ਗੁਣਾ ਜਿਆਦਾ ਕੁਰਬਾਨੀਆਂ ਦਿੱਤੀਆਂ। 'ਦੇਸ' ਦੇ ਹਾਕਮ ਤਾਂ ਇਹ ਵੀ ਕਹਿੰਦੇ ਨੇ ਕਿ ਇਨ੍ਹਾਂ ਨੇ ਪੁਰਾਣੇ ਬਸਤੀਕਾਰਾਂ ਤੋਂ ਵੀ ਪੁਰਾਣੇ ਧਾੜਵੀਆਂ ਖਿਲਾਫ 'ਦੇਸ' ਦੀ ਰਾਖੀ ਕੀਤੀ।

ਹੁਣ ਉਨ੍ਹਾਂ ਲੋਕਾਂ ਨੂੰ ਇਹ ਸਮਝਣ ਵਿਚ ਦਿੱਕਤ ਆ ਰਹੀ ਹੈ ਕਿ ਉਹ ਤਾਂ ਇਕ ਪੂਰਾ ਧਰਮ ਹਨ, ਸਮਾਜ ਹਨ, ਸਭਿਆਚਾਰ ਹਨ, ਕੌਮ ਹਨ; 'ਉਹ ਨਿੱਜੀ ਲੋਕਾਂ ਦਾ ਸਮੂਹ' ਕਿਵੇਂ ਹੋਏ। ਉਨ੍ਹਾਂ ਨੇ ਤਾਂ ਪੂਰਾ ਜੋਰ ਤਾਣ ਲਾ ਕੇ ਇਕ ਫਰੰਗੀ ਬਸਤੀਕਾਰ ਤੋਂ ਅਜਾਦੀ ਲਈ ਸੀ ਤਾਂ ਜੋ ਉਹ ਆਪਣੇ ਧਰਮ, ਵਿਸ਼ਵਾਸ ਅਤੇ ਵਿਰਾਸਤ ਮੁਜਬ ਜਿਉਂ ਸਕਣ! ਸਿੱਖਾਂ ਦੁਆਰਾ ਨਾਨਕ ਸ਼ਾਹ ਫਕੀਰ ਫਿਲਮ ਨੂੰ ਰੋਕਣ ਦੀ ਕਵਾਇਦ ਖਿਲਾਫ ਆਏ ਸਰਵਉੱਚ ਅਦਾਲਤ ਦੇ ਫੈਸਲੇ ਨੂੰ ਜੇਕਰ ਫਰਾਂਜ ਫੈਨਨ ਦੇ ਨਜਰੀਏ ਤੋਂ ਵੇਖਿਆ ਜਾਵੇ ਤਾਂ ਸਿੱਖ ਇੱਥੇ ਪੂਰੇ ਅਜਾਦ ਨਹੀਂ ਹਨ। ਉਹ ਆਪਣੇ ਧਰਮ, ਵਿਸ਼ਵਾਸ, ਬੋਲੀ, ਵਿਰਾਸਤ ਅਤੇ ਮਰਿਆਦਾ ਮੁਤਾਬਕ ਅਜਾਦ ਹੋ ਕੇ ਨਹੀਂ ਜਿਉਂ ਸਕਦੇ। ਕਿਉਂਕਿ ਇੱਥੇ ਸਮੂਹ ਨੂੰ ਅਜਾਦੀ ਦਾ ਹੱਕ ਨਹੀਂ ਵਿਅਕਤੀਗਤ ਅਜਾਦੀ ਦੀ ਗੱਲ ਉਭਾਰੀ ਜਾਂਦੀ ਹੈ। ਮੀਡੀਆ ਵੀ ਵਿਅਕਤੀਗਤ ਅਜਾਦੀ 'ਤੇ ਵਧੇਰੇ ਟੇਕ ਰੱਖਦਾ ਹੈ (ਬੇਸ਼ਕ ਬਦਨਸੀਬਾਂ ਲਈ ਵਿਅਕਤੀਗਤ ਅਜਾਦੀ ਵੀ ਨਹੀਂ ਹੈ)। ਇਹ ਗੱਲ ਇੱਥੋਂ ਦੇ ਰਾਸ਼ਟਰਵਾਦ ਦੇ ਬਹੁਤ ਸੂਤ ਆਉਂਦੀ ਹੈ। ਸਮੂਹ ਦਾ ਮਤਲਬ ਇਕੋ ਸਮੂਹ 'ਭਾਰਤੀਅਤਾ'। ਇਕ ਵਾਰੀ ਫਰਾਂਸ ਵਿਚ ਆਪੋ ਆਪਣੀ ਪਛਾਣ ਮੰਗਣ ਵਾਲੇ ਸਮੂਹਾਂ ਨੂੰ ਫਰਾਂਸੀਸੀ ਪ੍ਰਧਾਨ ਮੰਤਰੀ ਯਾਂ ਪੈਰੀ ਰੈਫਰੇਨ (Jean Pierre Reffrain) ਨੇ ਮਾਣ ਨਾਲ ਕਿਹਾ ਕਿ "ਅੱਜ, ਫਰਾਂਸ ਦੇ ਇਤਿਹਾਸ ਵਿਚ ਸਾਰੇ ਧਰਮਾਂ ਨੇ ਆਪਣੇ ਆਪ ਨੂੰ ਫਰਾਂਸੀਸੀ ਨਿਰਪੱਖਤਾਵਾਦ ਦੇ ਸਿਧਾਂਤ ਮੁਤਾਬਕ ਢਾਲ ਲਿਆ ਹੈ। ਨਿਰਪੱਖਤਾਵਾਦ ਇਕ ਮੌਕਾ ਹੈ ਫਰਾਂਸ ਦੇ ਧਰਮ ਵਿਚ ਰਲਣ ਦਾ।" ਇਸੇ ਤਰ੍ਹਾਂ ਸਿੱਖਾਂ ਦਾ ਰੂਹਾਨੀ ਅਤੇ ਸਭਿਆਚਾਰਕ ਨਾਸ਼ ਕਰਨ ਵਾਲੀ ਇਸ ਫਿਲਮ ਦੇ ਹੱਕ ਵਿਚ ਫੈਸਲਾ ਵਿਚ ਫੈਸਲਾ ਸੁਣਾ ਕੇ ਹਿੰਦੁਸਤਾਨ ਦੀ ਸਰਵਉੱਚ ਅਦਾਲਤ ਨੇ ਉਨ੍ਹਾਂ ਦੀ ਵੱਖਰੀ ਪਛਾਣ ਅਤੇ ਵੱਖਰੇ ਤਰ੍ਹਾਂ ਜਿਉਣ ਨੂੰ ਵੰਗਾਰਿਆ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਸ਼ਵਾਸ ਅਤੇ ਪਰੰਪਰਾ ਤੋਂ ਹਟ ਕੇ ਭਾਰਤੀਅਤਾ ਵਿਚ ਰਲਣ ਵਾਲੇ ਪਾਸੇ ਤੋਰਿਆ ਹੈ। ਸਰਵਉੱਚ ਅਦਾਲਤ ਵਲੋਂ 'ਇਕ ਕਲਾਕਾਰ ਦੇ ਪ੍ਰਗਟਾਵੇ ਦੀ ਅਜਾਦੀ' ਨੂੰ ਇਕ ਧਰਮ ਸਮੂਹ, ਕੌਮ ਨਾਲੋਂ ਵੱਧ ਤਰਜੀਹ ਦਿੱਤੀ ਗਈ ਹੈ; ਉਹ ਵੀ ਕੌਮ ਦੇ ਰੂਹਾਨੀ ਨਾਸ਼ ਦੀ ਕੀਮਤ 'ਤੇ। ਇਸ ਤੋਂ ਸਾਫ ਹੁੰਦਾ ਹੈ ਕਿ 'ਭਾਰਤੀ ਰਾਸ਼ਟਰ' ਬਾਕੀ ਸਮੂਹਾਂ, ਕੌਮਾਂ, ਧਰਮਾਂ ਅਤੇ ਸਭਿਆਚਾਰਾਂ ਨੂੰ ਮਾਨਤਾ ਨਹੀਂ ਦੇ ਰਿਹਾ। ਬੇਸ਼ਕ ਇਹ ਫਿਲਮ ਸਿੱਖਾਂ ਦੇ ਘਰ ਪੰਜਾਬ ਵਿਚ ਜਾਰੀ ਕਰਨ ਦੀ ਹਰੀ ਝੰਡੀ ਨਹੀਂ ਦਿੱਤੀ ਗਈ ਪਰ ਤਾਂ ਵੀ ਬਾਕੀ ਰਾਜਾਂ ਵਿਚ ਜਾਰੀ ਕਰਨ ਦਾ ਹੁਕਮ ਦੇ ਕੇ ਉਨ੍ਹਾਂ ਨੂੰ ਸਭਿਆਚਾਰਕ ਕੈਦ (cultural imprisonment) ਦਾ ਅਹਿਸਾਸ ਕਰਵਾ ਦਿੱਤਾ ਹੈ। ਇਕ ਬਸਤੀਕਾਰ ਹਕੂਮਤ ਲਈ ਆਪਣੇ ਅਧੀਨ ਮੂਲ ਨਿਵਾਸੀਆਂ ਨੂੰ ਇਹ ਅਹਿਸਾਸ ਕਰਵਾਉਣ ਦੀ ਕਵਾਇਦ ਬਹੁਤ ਪੁਰਾਣੀ ਹੈ।

ਦੂਸਰਾ, ਸਿੱਖਾਂ ਦੀ ਸਰਵਉੱਚ ਧਾਰਮਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਨੂੰ ਠੁਕਰਾ ਕੇ ਉਨ੍ਹਾਂ ਦੀ ਧਾਰਮਕ ਹਸਤੀ 'ਤੇ ਹਮਲਾ ਕੀਤਾ ਹੈ। ਇਹ ਸਿੱਖਾਂ ਦੇ ਗੁਰੂ ਦੇ ਬੁੱਤ ਬਣਾਉਣ ਦਾ ਮਾਮਲਾ ਹੈ ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਮੂਲੋਂ ਵਿਰੋਧੀ ਹੈ। ਸਿੱਖ ਪਰੰਪਰਾ ਦਾ ਇਸ ਕਵਾਇਦ ਨਾਲ ਜੜ੍ਹੋਂ ਵਿਰੋਧ ਹੈ। ਫਿਰ ਵੀ ਜੇਕਰ ਇਹ ਫਿਲਮ ਜਾਰੀ ਹੋਣ ਦਾ ਫੁਰਮਾਨ ਦਿੱਤਾ ਹੈ ਤਾਂ ਸਿੱਖਾਂ ਨੂੰ ਆਪਣੀ ਹੋਣੀ ਬਾਰੇ ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਕੀ ਉਹ ਸੱਚੀਂ ਕਿਸੇ 'ਜਮਹੂਰੀ ਰਾਜ' ਵਿਚ ਰਹਿ ਰਹੇ ਹਨ ਜਾਂ ਇਹ ਕੋਈ ਬਸਤੀਗਤ ਛਲਾਵਾ ਹੈ?

ਇਸ ਅਦਾਲਤੀ ਫੁਰਮਾਨ ਦਾ ਤੀਸਰਾ ਅਹਿਮ ਪੱਖ ਇਹ ਕਹਿਣਾ ਹੈ ਕਿ 'ਜਿੱਥੇ ਇਹ ਫਿਲਮ ਜਾਰੀ ਹੋਵੇ ਉੱਥੇ ਕਾਨੂੰਨ ਵਿਵਸਥਾ ਬਣਾਈ ਰੱਖੀ ਜਾਵੇ ਅਤੇ ਕਿਸੇ ਨੂੰ ਕਿਸੇ ਕਿਸਮ ਦਾ ਵਿਘਨ ਪਾਉਣ ਦੀ ਇਜਾਜਤ ਨਾ ਦਿੱਤੀ ਜਾਵੇ।" ਅਸਲੋਂ ਜਮਹੂਰੀ ਹਕੂਮਤਾਂ ਦੇ ਮੁਹਾਵਰੇ ਵਿਚ ਤਾਂ ਇਹੋ ਜਿਹੇ ਫੁਰਮਾਨ ਬਹੁਤ ਸੰਜੀਦਾ ਅਤੇ ਜਿੰਮੇਵਾਰੀ ਹੁੰਦੇ ਹਨ ਪਰ ਫਰਾਂਜ ਫੈਨਨ ਮੁਤਾਬਕ ਬਸਤੀਵਾਦੀ ਹਕੂਮਤਾਂ ਅੰਦਰ ਇਹੋ ਜਿਹੇ ਫੁਰਮਾਨ ਦਹਿਸ਼ਤ, ਸਹਿਮ, ਹਊਏ ਅਤੇ ਜੁਲਮ ਦੇ ਪ੍ਰਤੀਕ ਹੁੰਦੇ ਹਨ। ਇਹ ਹੁਕਮ ਸਿੱਖਾਂ ਨੂੰ ਆਪਣੇ ਵਿਸ਼ਵਾਸ ਮੁਤਾਬਕ ਜਿਉਣ ਦੀ ਅਜਾਦੀ 'ਤੇ ਰੋਕ ਲਾਉਂਦਾ ਹੈ। ਇਕ ਘੱਟਗਿਣਤੀ ਕੌਮ ਜੇ ਕਿਸੇ ਦੇਸ ਵਿਚ ਆਪਣੇ ਵਿਸ਼ਵਾਸ ਮੁਤਾਬਕ ਨਹੀਂ ਜਿਉਂ ਸਕਦੀ ਤਾਂ ਉਸ ਲਈ ਅਜਿਹੇ ਫੁਰਮਾਨਾਂ ਦੇ ਅਰਥ ਹੋਰ ਹਨ, ਜਮਹੂਰੀ ਹਕੂਮਤਾਂ ਵਿਚ ਰਹਿਣ ਵਾਲੇ ਲੋਕਾਂ ਵਾਲੇ ਨਹੀਂ। ਫੈਨਨ ਕਹਿੰਦਾ ਹੈ ਕਿ ਸਮਾਜਕ ਸ਼ਾਸਨ ਦੇ ਚਿੰਨ੍ਹ- ਪੁਲਸ, ਬੈਰਕਾਂ ਵਿਚ ਬਿਗਲ, ਫੌਜੀ ਤਾਕਤ ਦੇ ਵਿਖਾਵੇ, ਲਹਿਰਾਉਂਦੇ ਝੰਡੇ ਇਕੋ ਵੇਲੇ ਰੋਕਣ ਵਾਲੇ ਅਤੇ ਉਕਸਾਉਣ ਵਾਲੇ (same time inhibitory and stimulating) ਹੁੰਦੇ ਹਨ। ਉਹ ਇਹ ਨਹੀਂ ਕਹਿੰਦੇ ਕਿ 'ਹਿੱਲਣ ਦੀ ਜੁਰਅਤ ਨਾ ਕਰੋ' ਸਗੋਂ ਇਹ ਕਹਿੰਦੇ ਨੇ 'ਹਮਲੇ ਲਈ ਤਿਆਰ ਹੋਵੋ'। ਭਾਰਤੀ ਹਕੂਮਤ ਉਪਮਹਾਂਦੀਪ ਵਿਚ ਵਸਣ ਵਾਲੇ ਕੁਝ ਲੋਕਾਂ ਲਈ ਜਮਹੂਰੀ ਹਕੂਮਤ ਹੋ ਸਕਦੀ ਹੈ ਪਰ ਪੰਜਾਬ ਅਤੇ ਸਿੱਖਾਂ ਦੇ ਪ੍ਰਸੰਗ ਵਿਚ ਇਸ ਦਾ ਰਵੱਈਆ ਮੁੱਢ ਤੋਂ ਹੀ ਬਸਤੀਵਾਦੀ ਰਿਹਾ ਹੈ। ਇਸ ਦਾ ਆਪਣਾ ਇਕ ਇਤਿਹਾਸ ਹੈ। ਪਰ ਇੱਥੇ ਕੇਵਲ ਇਹੀ ਸਮਝਣਾ ਜਰੂਰੀ ਹੈ ਕਿ 'ਨਾਨਕ ਸ਼ਾਹ ਫਕੀਰ' ਫਿਲਮ ਦੇ ਜਾਰੀ ਕਰਨ ਦੇ ਹੱਕ ਵਿਚ ਦਿੱਤਾ ਹੁਕਮ ਫਰਾਂਜ ਫੈਨਨ ਦੇ ਕਹਿਣ ਮੁਜਬ 'ਹਮਲੇ ਲਈ ਤਿਆਰ ਹੋਵੋ' ਵਰਗਾ ਹੈ।

ਇਸ ਅਦਾਲਤੀ ਫੁਰਮਾਨ ਦਾ ਚੌਥਾ ਪੱਖ 'ਹਿੰਸਾ' ਹੈ ਜੋ ਸਰਵਉੱਚ ਅਦਾਲਤ ਦੇ ਹੁਕਮ ਵਿਚੋਂ ਕਿਤੋਂ ਵੀ ਨਜਰ ਨਹੀਂ ਆ ਰਿਹਾ, ਬਲਕਿ ਜਾਪਦਾ ਹੈ ਕਿ ਅਦਾਲਤ ਨੇ ਅਮਨ ਬਣਾਈ ਰੱਖਣ ਲਈ ਪੁਖਤਾ ਪ੍ਰਬੰਧ ਕਰਨ ਦੀ ਤਾਕੀਦ ਕੀਤੀ ਹੈ। ਕਿਸੇ ਕੌਮ ਦੇ ਵਿਸ਼ਵਾਸ ਨਾਸ਼ ਦਾ ਹੁਕਮ ਦੇ ਕੇ ਅਮਨ ਬਣਾਈ ਰੱਖਣ ਦੀ ਤਾਕੀਦ ਦੇਣਾ ਅਮਨ ਬਣਾਈ ਰੱਖਣਾ ਨਹੀਂ ਹੁੰਦਾ। ਬੇਅਮਨੀ-ਅਸ਼ਾਂਤੀ ਦੀ ਬੁਨਿਆਦ ਬੇਇਨਸਾਫੀ ਅਤੇ ਦਮਨ ਹੁੰਦੇ ਹਨ। ਬਰਾਜੀਲੀ ਵਿਦਵਾਨ ਅਤੇ ਦਰਸ਼ਨਵੇਤਾ ਪਾਅਲੋ ਫਰੇਰੀ ਆਪਣੀ ਮਕਬੂਲ ਪੁਸਤਕ 'ਪੇਡਾਗੋਗੀ ਆਫ ਦ ਔਪਰੈਸਡ' ਵਿਚ ਕਹਿੰਦਾ ਹੈ ਕਿ ਇਤਿਹਾਸ ਵਿਚ ਕਦੇ ਵੀ ਦਮਿਤਾਂ-ਦਲਿਤਾਂ ਵਲੋਂ ਹਿੰਸਾ ਸ਼ੁਰੂ ਨਹੀਂ ਕੀਤੀ ਗਈ। ਉਹ ਕਹਿੰਦਾ ਹੈ ਕਿ ਹਿੰਸਾ ਸਥਾਪਤੀ ਦੇ ਦਮਨਮੂਲਕ ਰਿਸ਼ਤਿਆਂ ਵਿਚੋਂ ਆਰੰਭ ਹੁੰਦੀ ਹੈ। ਜਾਤ-ਪਾਤ ਪੱਖੀ ਗ੍ਰੰਥਾਂ ਵਿਚ ਸ਼ੂਦਰਾਂ ਲਈ ਸਖਤ ਸਜਾਵਾਂ ਮਿਥੀਆਂ ਹੋਈਆਂ ਹਨ ਅਤੇ ਹਿੰਸਕ ਵੀ ਸ਼ੂਦਰਾਂ ਨੂੰ ਹੀ ਲਿਖਿਆ ਜਾਂਦਾ ਰਿਹਾ ਹੈ। ਇਸ ਵਿਚੋਂ ਸਮਝ ਪੈਂਦਾ ਹੈ ਹਿੰਸਾ ਦਾ ਆਰੰਭ ਤਾਕਤ ਵਲੋਂ ਹੁੰਦਾ ਹੈ ਪਰ ਹਿੰਸਕ ਸਦਾ ਹੀ ਮਜਲੂਮ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਲਈ ਹਿੰਸਾ ਤੋਂ ਬਿਨ੍ਹਾਂ ਬਾਕੀ ਸਾਰੇ ਰਾਹ ਬੰਦ ਹੁੰਦੇ ਹਨ। ਮਸਲਨ 06 ਜੂਨ, 1972 ਨੂੰ ਮਿਊਨਿਖ ਉਲੰਪਿਕ ਵੇਲੇ ਫਲਸਤੀਨੀਆਂ ਨੇ ਇਜਰਾਈਲ ਦੇ ਖਿਡਾਰੀਆਂ ਉੱਪਰ ਹਮਲਾ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਸੀ। ਫਰਾਂਸੀਸੀ ਚਿੰਤਕ ਜਾਂ ਪਾਲ ਸਾਰਤਰ ਨੇ ਇਸ ਘਟਨਾ ਉੱਪਰ ਪ੍ਰਤੀਕਰਮ ਦਿੰਦਿਆਂ ਲਿਖਿਆ ਕਿ ਫਲਸਤੀਨ ਸਵਾਲ ਨੂੰ ਇਜਰਾਈਲ ਹੱਲ ਨਹੀਂ ਹੋਣ ਦੇ ਰਿਹਾ ਜਿਸ ਵਜ੍ਹਾ ਕਰ ਕੇ ਦੋਵਾਂ ਦੇਸਾਂ ਵਿਚ ਲੜਾਈ ਹੈ। ਫਲਸਤੀਨ ਕੋਲ ਇਕੋ ਰਾਹ ਹਿੰਸਾ ਦਾ ਹੈ ਜੋ ਖਤਰਨਾਕ ਜਰੂਰ ਹੈ ਪਰ ਦਮਿਤ ਕਮਜੋਰ ਕੋਲ ਹਿੰਸਾ ਤੋਂ ਬਿਨ੍ਹਾਂ ਕੋਈ ਹੋਰ ਹੱਲ ਹੀ ਨਹੀਂ ਹੈ। ਸਾਰਤਰ ਇੱਥੇ ਹਿੰਸਾ ਦੀ ਮੂਲ ਜੜ੍ਹ ਇਜਰਾਈਲ ਨੂੰ ਮੰਨਦਾ ਹੈ ਪਰ ਬਦਨਾਮ ਫਲਸਤੀਨ ਵਾਲੇ ਕੀਤੇ ਜਾ ਰਹੇ ਸਨ। ਇਸ ਲਈ ਸਿੱਖਾਂ ਨੂੰ ਇਸ ਮਸਲੇ ਵਿਚ ਬਹੁਤ ਸੰਜਮ ਨਾਲ ਚੱਲਣਾ ਪਵੇਗਾ ਅਤੇ ਉਨ੍ਹਾਂ ਨਾਲ ਹੁੰਦੀ ਬੇਇਨਸਾਫੀ ਨੂੰ ਦੁਨੀਆ ਸਾਹਮਣੇ ਉਜਾਗਰ ਕਰਨਾ ਹੋਵੇਗਾ, ਨਹੀਂ ਉਹ ਬਸਤੀਵਾਦੀ ਰਾਜ ਵਿਚ ਹੋਰ ਬਦਨਸੀਬ ਹੋ ਜਾਣਗੇ।

ਅੱਜ ਦੀ ਘੜੀ ਵਿਚ ਸਿੱਖਾਂ ਲਈ ਇਹ ਤਣਾਅ ਝੱਲਣਾ ਬਹੁਤ ਔਖਾ ਹੈ। ਫੈਨਨ ਕਹਿੰਦਾ ਹੈ ਕਿ ਬਸਤੀਕਾਰ ਵਲੋਂ ਸਿਰਜਿਆ ਤਣਾਅ ਮੂਲ ਨਿਵਾਸੀ ਨੂੰ ਆਪਸੀ ਕਲੇਸ਼ਾਂ ਅਤੇ ਖਰੂਦੀ ਨਾਚਾਂ ਆਦਿ ਵਲ ਤੋਰ ਦਿੰਦਾ ਹੈ। ਇਹੋ ਜਿਹੇ ਤਣਾਅ ਨੂੰ ਆਪਣੀ ਇਕ ਸਾਂਝੀ ਤਾਕਤ ਦੇ ਰੂਪ ਵਿਚ ਘੜਨ ਦੇ ਰਾਹ 'ਤੇ ਪੈਣ ਦੀ ਲੋੜ ਹੈ।

**ਸਿੱਖਾਂ ਦੀ ਸਰਵਉੱਚ ਧਾਰਮਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਨੂੰ ਠੁਕਰਾ ਕੇ ਉਨ੍ਹਾਂ ਦੀ ਧਾਰਮਕ ਹਸਤੀ 'ਤੇ ਹਮਲਾ ਕੀਤਾ ਹੈ। ਇਹ ਸਿੱਖਾਂ ਦੇ ਗੁਰੂ ਦੇ ਬੁੱਤ ਬਣਾਉਣ ਦਾ ਮਾਮਲਾ ਹੈ ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਮੂਲੋਂ ਵਿਰੋਧੀ ਹੈ। ਸਿੱਖ ਪਰੰਪਰਾ ਦਾ ਇਸ ਕਵਾਇਦ ਨਾਲ ਜੜ੍ਹੋਂ ਵਿਰੋਧ ਹੈ। ਫਿਰ ਵੀ ਜੇਕਰ ਇਹ ਫਿਲਮ ਜਾਰੀ ਹੋਣ ਦਾ ਫੁਰਮਾਨ ਦਿੱਤਾ ਹੈ ਤਾਂ ਸਿੱਖਾਂ ਨੂੰ ਆਪਣੀ ਹੋਣੀ ਬਾਰੇ ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਕੀ ਉਹ ਸੱਚੀਂ ਕਿਸੇ 'ਜਮਹੂਰੀ ਰਾਜ' ਵਿਚ ਰਹਿ ਰਹੇ ਹਨ ਜਾਂ ਇਹ ਕੋਈ ਬਸਤੀਗਤ ਛਲਾਵਾ ਹੈ?**

## ਫਿਲਮ 'ਬਲੈਕ ਪ੍ਰਿੰਸ' ਡਿਜੀਟਲ ਰੂਪ ਵਿੱਚ ਸਾਰੇ ਸੰਸਾਰ ਵਿੱਚ ਰਿਲੀਜ਼

# ਸਿੱਖ ਰਾਜ ਨੂੰ ਮੁੜ ਹਾਸਲ ਕਰਨ ਦੀ ਤਾਂਘ ਜਗਾਉਂਦੀ ਹੈ ਇਹ ਫਿਲਮ

**ਕਰਮਜੀਤ ਸਿੰਘ**
(ਫੋਨ: 91-99150-91063)

ਚੰਡੀਗੜ੍ਹ, 12 ਅਪ੍ਰੈਲ : ਦੁਨੀਆਂ ਭਰ ਵਿੱਚ ਆਪਣੀ ਐਂਟਰਟੇਨਮੈਂਟ ਲਈ ਜਾਣੇ ਜਾਂਦੇ ਯੂਨੀ ਗਲੋਬ ਐਂਟਰਨੇਟਮੈਂਟ ਵਲੋਂ ਯੂ.ਕੇ. ਦੀ ਬਲੌਕਬਸਟਰ ਅਤੇ ਹਾਲੀਵੁੱਡ ਵਿੱਚ ਬਣੀ ਕਲਾਤਮਕ ਫਿਲਮ 'ਦਿ ਬਲੈਕ ਪ੍ਰਿੰਸ' ਨੂੰ 10 ਅਪ੍ਰੈਲ ਨੂੰ ਡਿਜਿਟਲ ਪਲੇਟਫਾਰਮਾਂ ਉੱਤੇ ਰਿਲੀਜ਼ ਕੀਤੇ ਜਾਣ ਤੋਂ ਬਾਅਦ ਹਰ ਪਾਸਿਓਂ ਭਰਵਾਂ ਹੁੰਗਾਰਾ ਮਿਲਣ ਦੀਆਂ ਰਿਪੋਰਟਾਂ ਮਿਲ ਰਹੀਆਂ ਹਨ। ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਉੱਤੇ ਆਧਾਰਿਤ ਇਸ ਇਤਿਹਾਸਕ ਫਿਲਮ, ਜਿਸ ਵਿੱਚ ਪੰਜਾਬ ਦੇ ਇਤਿਹਾਸ ਨੂੰ ਬਹੁਤ ਹੀ ਸੂਝ ਬੂਝ ਨਾਲ ਪੇਸ਼ ਕੀਤਾ ਗਿਆ ਹੈ, ਨੂੰ ਇਸੇ ਵਾਸਤੇ ਖਾਲਸਾ ਪੰਥ ਦੇ ਜਨਮ ਦਿਹਾੜੇ ਵਿਸਾਖੀ ਦੇ ਨੇੜੇ ਰਿਲੀਜ਼ ਕੀਤਾ ਗਿਆ ਹੈ।

ਪ੍ਰਾਪਤ ਖ਼ਬਰਾਂ ਅਨੁਸਾਰ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਦੇ ਫਿਲਮ ਸਟੋਰਾਂ ਵਿੱਚ ਦ ਬਲੈਕ ਪ੍ਰਿੰਸ' ਫਿਲਮ ਦੀਆਂ ਡੀਵੀਡੀਜ਼ ਨੂੰ ਨਵੀਆਂ ਰਿਲੀਜ਼ ਹੋਈਆਂ ਤੇ ਬਹੁਤ ਅਹਿਮ ਫਿਲਮਾਂ ਵਾਲੇ ਖਾਨਿਆਂ ਵਿੱਚ ਉੱਚੇਚਾ ਟਾਪ ਉੱਤੇ ਰੱਖਿਆ ਗਿਆ ਹੈ। ਸਿਰਫ਼ ਸਿੱਖ ਹੀ ਨਹੀਂ ਬਲਕਿ ਹੋਰਨਾਂ ਭਾਈਚਾਰਿਆਂ ਦੇ ਲੋਕ ਫਿਲਮ ਪ੍ਰਸ਼ੰਸਕ ਉੱਚੇਚਾ ਲਿਜਾ ਕੇ ਵੇਖ ਰਹੇ ਹਨ।

ਇਸ ਫਿਲਮ ਦੇ ਰੂਹੇ-ਰਵਾਂ ਅਸਲ ਵਿੱਚ ਕੈਲੀਫੋਰਨੀਆ ਸਥਿਤ ਭਾਈ ਜਸਜੀਤ ਸਿੰਘ ਹਨ ਅਤੇ ਸੀਮਤ ਸਾਧਨਾਂ ਦੇ ਬਾਵਜੂਦ ਇਹ ਫਿਲਮ ਬਣਾਉਣ ਦਾ ਵਿਚਾਰ ਕਈ ਸਾਲ ਪਹਿਲਾਂ ਉਨ੍ਹਾਂ ਦੇ ਦਿਲ ਵਿੱਚ ਆਇਆ ਸੀ। ਉਹ ਖੇਡਾਂ ਦੇ ਖੇਤਰ ਵਿੱਚ ਉੱਘੇ ਤੈਰਾਕ ਹਨ ਜਿਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ ਉਤੇ ਇਸ ਖੇਤਰ ਵਿੱਚ ਉੱਘਾ ਸਥਾਨ ਹਾਸਲ ਕੀਤਾ ਸੀ। ਜਸਜੀਤ ਦੇ ਮਨ-ਮੰਦਰ ਵਿਚ ਖ਼ਾਲਸਾ ਪੰਥ ਦੀਆਂ ਬੀਤ ਚੁੱਕੀਆਂ ਸੁਨਹਿਰੀ ਯਾਦਾਂ ਅਕਸਰ ਹੀ ਖੌਰੂ ਪਾਉਂਦੀਆਂ ਰਹਿੰਦੀਆਂ ਹਨ। ਨੋਬਲ ਇਨਾਮ ਜੇਤੂ ਵਿਲੀਅਮ ਫਾਕਨਰ ਦਾ ਇਹ ਕਥਨ ਰੱਬ ਵਰਗਾ ਪਿਆਰਾ ਹੈ ਕਿ ਅਤੀਤ ਕਦੇ ਵੀ ਮਰਦਾ ਨਹੀਂ। ਇਹ ਸਾਡੇ ਅੰਦਰ ਕੁਕਨਸ ਪੰਛੀ ਦੀ ਰਾਖ ਵਾਂਗ ਮੁੜ ਮੁੜ ਜਨਮ ਲੈਂਦਾ ਰਹਿੰਦਾ ਹੈ, ਵਾਰ-ਵਾਰ ਆਪਣੀ ਸਿਰਜਣਾ ਕਰਦਾ ਹੈ। ਜਦੋਂ ਹਰਿੰਦਰ ਸਿੰਘ ਮਹਿਬੂਬ ਦਸਮੇਸ਼ ਪਿਤਾ ਨੂੰ ਆਵਾਜ਼ਾਂ ਮਰਦਾ ਹੈ, 'ਤੂੰ ਬਹੁੜੀ ਕਲਗੀ ਵਾਲਿਆ, ਕੋਈ ਦੇਸ ਨਾ ਸਾਡਾ। ਸੁਪਨਾ ਪੁਰੀ ਅਨੰਦ ਦਾ, ਬੇਨੂਰ ਦੁਰਾਡਾ', ਤਾਂ ਕੌਣ ਹੈ ਜੋ ਕੌਮ ਦੀ ਲਹੂ ਭਿੱਜੀ ਤਕਦੀਰ ਉਤੇ ਹੰਝੂ ਨਹੀਂ ਕੇਰੇਗਾ। ਇਨ੍ਹਾਂ ਯਾਦਾਂ ਵਿਚੋਂ ਹੀ ਇੱਕ ਦਿਨ ਮਨੁੱਖੀ ਭੇਸ ਬਣਾ ਕੇ ਜਸਜੀਤ ਦੇ ਸਾਹਮਣੇ ਇਕ ਯਾਦ ਆਣ ਖਲੋਤੀ ਅਤੇ ਉਹ ਯਾਦ ਸੀ - ਮਹਾਰਾਜਾ ਦਲੀਪ ਸਿੰਘ ਯਾਨਿ ਖ਼ਾਲਸਾ ਰਾਜ ਦੀ ਆਖਰੀ ਯਾਦ, ਇਕ ਅਜਿਹੀ ਯਾਦ ਜੋ ਅੱਜ ਵੀ ਸੁੱਚੇ ਹੰਝੂਆਂ ਨੂੰ ਸੱਦਾ ਦਿੰਦੀ ਹੈ, ਇਕ ਦਰਦ ਭਿਜੀ ਦਾਸਤਾਨ ਜੋ ਅਸੀਂ ਭੁੱਲ-ਭੁਲਾ ਚੁੱਕੇ ਹਾਂ ਅਤੇ ਜਾਂ ਕਦੇ ਬਜ਼ੁਰਗਾਂ ਵਲੋਂ ਧੁੰਦਲੀ ਜਹੀ ਸ਼ਕਲ ਵਿਚ ਸੁਣਦੇ ਆ ਰਹੇ ਸਾਂ।

.....ਅਤੇ ਫਿਰ ਇਕ ਸ਼ਗਨਾਂ ਭਰੀ ਸਵੇਰ ਨੂੰ ਇਹ ਭੁੱਲੀ-ਵਿਸਰੀ ਯਾਦ 'ਦ ਬਲੈਕ ਪ੍ਰਿੰਸ' ਫ਼ਿਲਮ ਦਾ ਰੂਪ ਧਾਰ ਕੇ ਸਾਡੇ ਸਾਹਮਣੇ ਆਈ। ਫ਼ਿਲਮ ਬਣਾਉਣ ਦਾ ਵਿਚਾਰ ਤਾਂ ਵੱਡਾ ਸੀ, ਪਰ ਜਦੋਂ ਕਈ ਸਾਲ ਪਹਿਲਾਂ ਉਸ ਨੇ ਆਪਣੀ ਇਸ ਰੀਝ ਦਾ ਰਾਜ਼ ਖੋਲ੍ਹਿਆ ਤਾਂ ਮੈਨੂੰ ਲੱਗਿਆ, ਹਾਂ 'ਦਿਲ ਕੋ ਬਹਿਲਾਨੇ ਕੇ ਲੀਏ,ੜਯੇ ਖਿਆਲ ਅੱਛਾ ਹੈ।' ਮੈਂ ਆਪਣੀ ਥਾਂ 'ਤੇ ਠੀਕ ਸੀ, ਕਿਉਂਕਿ ਮੇਰੇ ਸਾਹਮਣੇ ਫ਼ਿਲਮ ਤਕਨੀਕ ਦੇ ਕਿੰਨੇ ਵੱਡੇ ਅਤੇ ਗੁੰਝਲਦਾਰ ਸੱਚ ਘੁੰਮ ਰਹੇ ਸਨ। ਇਹ ਸੂਚਨਾ ਮੇਰੇ ਲਈ ਸੁਭਾਵਕ ਹੀ ਸੀ ਕਿ ਕੀ ਖੇਡਾਂ ਵਾਲਾ ਇਹ ਜਸਜੀਤ ਇਹ ਜਾਣਦੈ ਪਈ ਮੂਵੀ ਕੈਮਰਾ ਕੀ ਹੁੰਦੈ? ਫ਼ਿਲਮ ਵਿਚ ਸਾਊਂਡ ਦਾ ਕੀ ਰੋਲ ਹੁੰਦੈ? ਸਕਰਿਪਟ ਕੌਣ ਤਿਆਰ ਕਰੇਗਾ? ਇਤਿਹਾਸ ਦੀਆਂ ਕਿਤਾਬਾਂ ਕੌਣ ਪੜ੍ਹੇਗਾ? ਸੰਗੀਤ ਕੌਣ ਤਿਆਰ ਕਰੇਗਾ? ਐਕਟਰ ਕਿਹੜੇ ਹੋਣਗੇ? ਐਡੀਟਿੰਗ ਕਲਾ ਕੀ ਹੁੰਦੀ ਹੈ? ਅਤੇ ਸਭ ਤੋਂ ਵੱਡੀ ਗੱਲ ਪੈਸਾ ਕਿਥੋਂ ਆਵੇਗਾ? ਫਰੀਮਾਂਟ ਵਿਚ ਕਿਰਾਏ ਦੇ ਮਕਾਨ ਵਿਚ ਰਹਿਣ ਵਾਲਾ ਕਰੋੜਾਂ ਡਾਲਰਾਂ ਦੇ ਸਾਧਨ ਕਿਥੋਂ ਜੁਟਾਏਗਾ?

ਪਰ ਹਾਲੀਵੁੱਡ ਦੇ ਕਿਸੇ ਫ਼ਿਲਮ ਡਾਇਰੈਕਟਰ ਦੀ ਹੁਣ ਮੈਨੂੰ ਇਹ ਗੱਲ ਯਾਦ ਆ ਰਹੀ ਹੈ ਕਿ ਫ਼ਿਲਮ ਬਣਾਉਣ ਲਈ ਬੰਦੇ ਕੋਲ ਦੋ ਬਰਕਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਕ ਤਾਂ ਉਸ ਦੇ ਅੰਦਰ ਸਿਰਜਣ ਕਲਾ ਦੀ ਸਿਖ਼ਰ ਦੁਪਹਿਰ ਹੋਵੇ ਅਤੇ ਦੂਜਾ ਉਸ ਦੇ ਧੁਰ ਅੰਦਰ ਮਰ-ਮਿਟਣ ਵਾਲਾ ਜਜ਼ਬਾ ਹੋਵੇ। ਬਿਨਾ ਸ਼ੱਕ ਜਸਜੀਤ ਸਿੰਘ ਕੋਲ ਇਨ੍ਹਾਂ ਦੋਵਾਂ ਚੀਜ਼ਾਂ ਦੀ ਸੌਗਾਤ ਸੀ। ਇਨ੍ਹਾਂ ਦੋਹਾਂ ਤੋਂ ਇਲਾਵਾ ਇਕ ਹੋਰ ਬਹੁਤ ਵੱਡੀ ਸੌਗਾਤ ਵੀ ਉਸ ਕੋਲ ਸੀ ਅਤੇ ਉਹ ਸੀ, ਵਿਚਾਰ ਜਾਂ ਆਇਡੀਆ। ਜਦੋਂ ਇਹ ਤਿੰਨੇ ਬਰਕਤਾਂ ਤੁਹਾਡੇ ਕੋਲ ਹੋਣ ਤਾਂ ਬਾਕੀ ਸਾਰੀਆਂ ਚੀਜ਼ਾਂ ਅਤੇ ਸਹੂਲਤਾਂ ਆਪਣੇ ਆਪ ਹੀ ਤੁਹਾਡੇ ਵੱਲ ਤੁਰੀਆਂ ਆਉਂਦੀਆਂ ਹਨ।

ਅਭਿਜੀਤ ਨਸਕਰ ਦੁਨੀਆਂ ਦੇ ਪ੍ਰਸਿੱਧ ਨਿਊਰੋਸੈਂਟਿਸਟਾਂ ਵਿਚੋਂ ਗਿਣਿਆ ਜਾਂਦਾ ਹੈ। ਫ਼ਿਲਮਾਂ ਬਾਰੇ ਉਸ ਦੀ ਇਕ ਗੱਲ ਕਦੇ ਨਹੀਂ ਭੁੱਲਦੀ ਤੁਸੀਂ ਕੋਈ ਵੀ ਕਿਹੋ ਜਿਹੀ ਵੀ ਫ਼ਿਲਮ ਤਿਆਰ ਕਰੋ। ਲੋਕ ਭੁੱਲ ਜਾਣਗੇ। ਪਰ ਜੇ ਤੁਸੀਂ ਫ਼ਿਲਮ ਵਿਚ ਕੋਈ ਵੱਡਾ ਵਿਚਾਰ ਪੇਸ਼ ਕਰ ਜਾਂਦੇ ਹੋ ਤਾਂ ਦਰਸ਼ਕਾਂ ਦੀ ਚੇਤਨਾ ਵਿਚ ਉਹ ਵਿਚਾਰ ਅਭੁੱਲ ਯਾਦਗਾਰ ਬਣ ਜਾਏਗਾ।' ਯਕੀਨਨ ਜਸਜੀਤ ਸਿੰਘ ਨੇ ਖ਼ਾਲਸਾ ਰਾਜ ਦਾ ਉਹ ਸੁਫ਼ਨਾ ਜਿਹੜਾ ਸਿੱਖ ਕੌਮ ਦੀ ਅਵਚੇਤਨਾ ਵਿਚ ਉਸਲਵੱਟੇ ਲੈ ਰਿਹਾ ਸੀ, ਉਸ ਨੂੰ ਜ਼ਮੀਨ 'ਤੇ ਲੈ ਆਂਦਾ। ਇਹੋ ਉਸ ਦੀ ਸ਼ਾਨਾਮੱਤੀ ਪ੍ਰਾਪਤੀ ਹੈ।



ਬਹੁਤ ਲੋਕ ਮਿਲ ਜਾਣਗੇ ਜੋ ਫ਼ਿਲਮ ਦੀ ਕਈ ਪੱਖਾਂ ਤੋਂ ਨੁਕਤਾਚੀਨੀ ਕਰਨਗੇ। ਅਤੇ ਕਰ ਵੀ ਰਹੇ ਹਨ। ਕਿਸੇ ਹੱਦ ਤੱਕ ਉਹ ਠੀਕ ਵੀ ਹੋ ਸਕਦੇ ਹਨ। ਪਰ ਸਿਆਣੇ ਕਹਿੰਦੇ ਹਨ ਕਿ ਵਿਚਾਰ ਤੀਰਾਂ ਵਰਗੇ ਹੁੰਦੇ ਹਨ, ਜਦੋਂ ਆਪਣੇ ਨਿਸ਼ਾਨੇ 'ਤੇ ਵੱਜਦੇ ਹਨ ਤਾਂ ਡੂੰਘੇ ਜ਼ਖ਼ਮ ਕਰ ਜਾਂਦੇ ਹਨ। ਜਸਜੀਤ ਇਹ ਤੀਰ ਨਿਸ਼ਾਨੇ 'ਤੇ ਚਲਾਉਣ ਵਿਚ ਸਫ਼ਲ ਹੋਇਆ। ਉਸ ਨੇ ਆਪਣੇ ਆਪ ਨੂੰ ਇਕੋ ਵਿਚਾਰ ਉੱਤੇ ਕੇਂਦਰਿਤ ਕੀਤਾ। ਆਸੇ-ਪਾਸੇ ਗਿਆ ਹੀ ਨਹੀਂ। ਫਰਾਂਸ ਦੇ ਇਕ ਫਿਲਾਸਫ਼ਰ ਅਲੇਨ ਦਾ ਕਹਿਣਾ ਹੈ ਕਿ ਜੇ ਤੁਹਾਡੇ ਅੰਦਰ ਇਕੋ ਹੀ ਕਿਸੇ ਵਿਚਾਰ ਨੇ ਆਪਣਾ ਪੱਕਾ ਘਰ ਬਣਾ ਲਿਆ ਹੈ ਤਾਂ ਉਸ ਵਿਚਾਰ ਤੋਂ 'ਖ਼ਤਰਨਾਕ' ਹੋਰ ਕੋਈ ਵਿਚਾਰ ਨਹੀਂ ਸਕਦਾ। ਕੀ ਇਹ ਸੱਚ ਨਹੀਂ, ਕਿ ਸਾਡੀ ਨੌਜਵਾਨ ਪੀੜ੍ਹੀ ਦੇ ਗੱਭਰੂਆਂ ਅਤੇ ਮੁਟਿਆਰਾਂ ਨੇ ਜਦੋਂ ਇਹ ਫ਼ਿਲਮ ਵੇਖੀ ਤਾਂ ਉਨ੍ਹਾਂ ਦੇ ਅੰਦਰ ਖੁੱਸੇ ਰਾਜ ਦਾ ਅਹਿਸਾਸ ਅਤੇ ਉਸ ਰਾਜ ਨੂੰ ਮੁੜ ਹਾਸਲ ਕਰਨ ਦਾ ਅਹਿਸਾਸ ਇਕੋ ਸਮੇਂ 'ਤੇ ਆ ਗਿਆ।

ਮੈਂ 'ਦ ਬਲੈਕ ਪ੍ਰਿੰਸ' ਫ਼ਿਲਮ ਉਤੇ ਪਹਿਲਾਂ ਹੀ ਦੋ-ਤਿੰਨ ਆਰਟੀਕਲ ਲਿਖ ਚੁੱਕਾ ਹਾਂ। ਮੈਂ ਇਹ ਵੀ ਲਿਖ ਚੁੱਕਾ ਹਾਂ ਕਿ 'ਦ ਬਲੈਕ ਪ੍ਰਿੰਸ' ਫ਼ਿਲਮ ਸਾਨੂੰ ਇਤਿਹਾਸ ਦੀਆਂ ਹੱਦਾਂ ਤੋਂ ਵੀ ਪਾਰ ਲੈ




ਗਈ ਹੈ। ਹੁਣ ਜਦੋਂ ਕਿ ਇਹ ਫ਼ਿਲਮ ਡਿਜ਼ੀਟਲ ਰੂਪ ਵਿਚ ਸਾਡੇ ਸਾਹਮਣੇ ਆਉਣ ਵਾਲੀ ਹੈ ਤਾਂ ਇਹ ਗੱਲ ਜਾਣਨੀ ਬੜੀ ਜ਼ਰੂਰੀ ਹੈ ਕਿ ਇਸ ਫ਼ਿਲਮ ਦੇ ਅਸਲ ਰੂਹੇ-ਰਵ੍ਹਾਂ ਨੇ ਆਪਣੇ ਚਾਰੇ ਪਾਸੇ ਖਿਲ੍ਹਰੇ ਕੰਡਿਆਂ ਵਿਚੋਂ ਆਪਣੇ ਰਾਹ ਕਿਵੇਂ ਬਣਾਏ? ਸ਼ਬਾਨਾ ਆਜ਼ਮੀ ਵਰਗੀ ਮਹਾਨ ਕਲਾਕਾਰ ਦਾ ਦਿਲ ਕਿਵੇਂ ਜਿੱਤਿਆ? ਮਹਾਰਾਜਾ ਦਲੀਪ ਸਿੰਘ ਵਰਗਾ ਨਾਇਕ ਚੁਣਨ ਲਈ ਸਰਤਾਜ ਵਰਗੇ ਕਲਾਕਾਰ ਨਾਲ ਕਿਵੇਂ ਸਾਂਝ ਪਈ? ਮੈਂ ਹਾਲੀਵੁੱਡ ਦੇ ਉੱਘੇ ਡਾਇਰੈਕਟਰ ਕੁਇੰਟਨ ਤਰਨਤਿਨੋ ਦੀ ਇਸ ਟਿੱਪਣੀ ਨਾਲ ਆਪਣੀ ਗੱਲ ਖ਼ਤਮ ਕਰਦਾ ਹਾਂ ਕਿ 'ਜੇ ਮੇਰੀ ਫ਼ਿਲਮ ਨੂੰ 10 ਲੱਖ ਲੋਕ ਵੇਖਦੇ ਹਨ ਤਾਂ ਸਮਝੋ ਉਨ੍ਹਾਂ ਨੇ ਮੇਰੀ ਇਕ ਫ਼ਿਲਮ ਰਾਹੀਂ ਹੀ 10 ਲੱਖ ਫ਼ਿਲਮਾਂ ਦੇਖ ਲਈਆਂ ਹਨ'। 'ਦ ਬਲੈਕ ਪ੍ਰਿੰਸ' ਨੂੰ ਵੇਖ ਕੇ ਜੇ ਤੁਹਾਡੇ ਅੰਦਰ ਖ਼ਾਲਸਾ ਰਾਜ ਦੇ ਹਜ਼ਾਰਾਂ ਪਹਿਲੂ ਰੌਸ਼ਨ ਹੋ ਜਾਂਦੇ ਹਨ ਤਾਂ ਸਮਝੋ ਅੱਗੇ ਜਾ ਕੇ ਹਜ਼ਾਰਾਂ ਫ਼ਿਲਮਾਂ ਦੇ ਰੂਪ ਵਿਚ ਪ੍ਰਗਟ ਹੋਣਗੇ। ਜਸਜੀਤ ਸਿੰਘ ਦੀ ਇਹ ਫ਼ਿਲਮ ਆਉਣ ਵਾਲੀਆਂ ਹਜ਼ਾਰਾਂ ਫ਼ਿਲਮਾਂ ਲਈ ਰਾਹ ਪੱਧਰਾ ਕਰੇਗੀ।

ਪੱਤਰਕਾਰ ਮਨਜੀਤ ਸਿੰਘ ਟਿਵਾਣਾ ਮੁਤਾਬਕ ਇਤਿਹਾਸ ਨੇ ਸੂਰਬੀਰ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨੂੰ ਸਿੱਖ ਕੌਮ ਦੇ ਹਮ ਰਾਖਤ ਪਾਤਸ਼ਾਹੀ ਦਾਵਾ' ਦੇ ਹਕੀਕਤ ਦਾ ਰੂਪ ਧਾਰਨ ਕਰਨ ਅਤੇ ਫਿਰ ਵਿਰਾਟ ਰੂਪ 'ਚ ਖੜ੍ਹੀ ਹੋਈ ਸਿੱਖ ਸਲਤਨਤ ਦੇ ਖੇਰੂੰ- ਖੇਰੂੰ ਹੋਣ ਤਕ ਨੂੰ ਵੱਖਰੇ-ਵੱਖਰੇ ਨਜ਼ਰੀਏ ਅਤੇ ਕੋਣਾਂ ਤੋਂ ਸੰਭਾਲਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਉਮਰ ਦੇ ਆਖਰੀ ਪੜਾਅ ਅਤੇ ਬਾਅਦ 'ਚ ਉਨ੍ਹਾਂ ਦੀ ਮੌਤ ਤੋਂ ਬਾਅਦ ਖਾਲਸਾ ਰਾਜ ਦੀਆਂ ਆਖਰੀ ਸ਼ਾਮਾਂ ਦੇ ਇਤਿਹਾਸਕ ਲਮਹਿਆਂ 'ਚੋਂ ਵਿਚਰਦਿਆਂ ਸਾਨੂੰ ਜਿਹੜੇ ਸਬਕ ਪੜ੍ਹਨ ਤੇ ਗੁਣਨ ਦੀ ਜ਼ਰੂਰਤ ਅੱਜ ਵੀ ਹੈ, ਉਨ੍ਹਾਂ ਤਰਕਾਂ ਤੇ ਵਿਤਰਕਾਂ ਨੂੰ ਲੈ ਕੇ ਪਿੱਛੇ ਜਿਹੇ ਸਿੱਖ ਸਲਤਨਤ ਦੇ ਆਖਰੀ ਸ਼ਹਿਜ਼ਾਦੇ ਮਹਾਰਾਜਾ ਦਲੀਪ ਸਿੰਘ 'ਤੇ ਬਣੀ ਬਹੁ-ਭਾਸ਼ਾਈ ਫਿਲਮ ਦ ਬਲੈਕ ਪ੍ਰਿੰਸ' ਨੇ ਪੂਰੇ ਵਿਸ਼ਵ ਦੇ ਫਿਲਮ ਸਮੀਖਿਅਕਾਂ ਦਾ ਧਿਆਨ ਖਿੱਚਿਆ ਹੈ। ਦ ਬਲੈਕ ਪ੍ਰਿੰਸ' ਇਕ ਇਤਿਹਾਸਕ ਫਿਲਮ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਅਧਾਰਤ ਹੈ। ਹੁਣ ਇਹ ਫਿਲਮ ਮਲਟੀ ਸਕਰੀਨਾਂ ਦੀ ਟਿਕਟ ਖਿੜਕੀ ਵਾਲਾ ਆਪਣਾ ਸਫਰ ਪੂਰਾ ਕਰਨ ਤੋਂ ਬਾਅਦ ਡਿਜ਼ੀਟਲ ਤਕਨੀਕ ਦੀ ਦੁਨੀਆ ਦੇ ਬੂਹੇ ਅੱਗੇ ਜਾ ਖੜ੍ਹੀ ਹੋਈ ਹੈ। ਬੌਧਿਕ ਹਲਕਿਆਂ ਵਿਚ ਇਹ ਫਿਲਮ ਹੁਣ ਤਕ ਕਾਫੀ ਨਾਮਣਾ ਖੱਟ ਚੁੱਕੀ ਹੈ। ਵਿਸ਼ਵ ਪ੍ਰਸਿੱਧ ਹਾਲੀਵੁੱਡ ਸਿਨੇਮਾ-ਤਕਨੀਕ ਨਾਲ ਕੀਤੀ ਗਈ ਕਮਾਲ ਦੀ ਪਿਕਚਰਾਈਜ਼ੇਸ਼ਨ ਸਮੇਤ ਇਸ ਦਾ ਵੱਡਾ ਕਾਰਨ ਸ਼ਾਇਦ ਇਸ ਫਿਲਮ ਦੀ ਕਹਾਣੀ ਦਾ ਇਤਿਹਾਸ ਦੇ ਉਸ ਦੌਰ (ਖਾਲਸਾ ਰਾਜ) ਨਾਲ ਸਬੰਧਤ ਹੋਣਾ ਵੀ ਹੈ, ਜੋ ਹਿੰਦੂਸਤਾਨ, ਇੰਗਲਿਸਤਾਨ ਸਮੇਤ ਪੂਰੇ ਵਿਸ਼ਵ 'ਚ ਆਪਣੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਕਰਕੇ ਹਮੇਸ਼ਾਂ ਦਿਲਚਸਪੀ ਦਾ ਕਾਰਨ ਰਿਹਾ ਹੈ। ਅਸਲ ਵਿੱਚ ਇਸ ਫਿਲਮ ਦੀ ਮੌਜੂਦਾ ਸਮੇਂ ਚ ਪ੍ਰਸੰਗਿਕਤਾ ਦਾ ਇਕ ਪੱਖ ਇਸ ਨੂੰ ਕੇਵਲ ਇਕ ਫਿਲਮ ਵੱਜੋਂ ਦੇਖਣ ਤੋਂ ਪਾਰ ਜਾ ਕੇ ਮਹਿਸੂਸ ਕਰਨ ਦਾ ਵੀ ਹੈ। ਇਹ ਵੀ ਹੈ ਕਿ ਅੱਜ ਜਦੋਂ ਦੇਸ਼ ਵਿਚ ਘੱਟ ਗਿਣਤੀਆਂ ਅੰਦਰ ਆਪਣੇ ਸੁਰੱਖਿਅਤ ਭਵਿੱਖ ਨੂੰ ਲੈ ਕੇ ਬਹੁਤ ਸਾਰੇ ਤੌਖਲੇ ਪਾਏ ਜਾ ਰਹੇ ਹਨ ਤਾਂ ਅਸੀਂ ਸਿੱਖ ਰਾਜ ਦੀਆਂ ਕਿਸੇ ਵੇਲੇ ਦੀਆਂ ਸ਼ਾਨਾਮੱਤੀਆਂ ਧਰਮ ਨਿਰਪੱਖ ਰਵਾਇਤਾਂ ਅਤੇ ਮਗਰੋਂ ਗੁਲਾਮ ਹੋ ਜਾਣ ਦੀਆਂ ਮਨਹੂਸ ਘੜੀਆਂ ਨੂੰ ਇਕ ਫਿਲਮ ਰਾਹੀਂ ਪਰਦੇ 'ਤੇ ਰੂਪਮਾਨ ਹੁੰਦਾ ਦੇਖਦੇ ਹਾਂ। ਇਹ ਫਿਲਮ ਸਾਨੂੰ ਇਕ ਤੁਲਨਾਤਮਕ ਅਧਿਐਨ ਦਾ ਮੌਕਾ ਦਿੰਦੀ ਹੈ ਕਿ ਅਸੀਂ ਕਿਥੋਂ ਤੁਰ ਕੇ ਕਿਥੇ ਅੱਪੜ ਗਏ ਹਾਂ।'

ਇਕ ਬਹੁਤ ਹੀ ਵੱਡੇ ਤੇ ਮਾਣਮੱਤੇ ਇਤਿਹਾਸ ਨਾਲ ਜੁੜੀ ਇਤਿਹਾਸਕ ਫਿਲਮ ਵੇਖਣ ਲਈ ਇਕ ਵੱਡੇ ਜਿਗਰੇ ਤੇ ਜੇਰੇ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਮਸਾਲਾ ਬਹੁਤ ਘੱਟ ਹੁੰਦਾ ਹੈ। ਹਾਂ ਜੇਕਰ ਬਾਲੀਵੁਡ ਵਾਲੇ ਕਿਸੇ ਨਿਰਦੇਸ਼ਕ ਨੇ ਫਿਲਮ ਬਣਾਈ ਹੁੰਦੀ ਤਾਂ ਸ਼ਾਇਦ ਸਾਰਿਆਂ ਨੂੰ ਬਹੁਤ ਹੀ ਚੰਗੀ ਲੱਗਦੀ, ਪਰ ਇਹ ਹਾਲੀਵੁੱਡ ਵਾਲਿਆਂ ਨਾਲ ਜੁੜੇ ਲੋਕਾਂ ਨੇ ਬਣਾਈ ਹੈ, ਜੋ ਮੇਰੇ ਮੁਤਾਬਕ ਸਾਡੇ ਨਾਲੋਂ ਜ਼ਿਆਦਾ ਸੂਝਬੂਝ ਰੱਖਦੇ ਨੇ। ਇਸੇ ਕਰਕੇ ਇਤਿਹਾਸ ਦੇ ਨੇੜੇ -ਤੇੜੇ ਹੀ ਦਰਸ਼ਕ ਨੂੰ ਰੱਖਣ ਦੀ ਕੋਸ਼ਿਸ ਕੀਤੀ ਗਈ ਹੈ। ਅਸਲ ਵਿਚ ਕਾਫੀ ਸਮੇਂ ਤੋਂ ਪੰਜਾਬੀ ਸਿਨੇਮਾ ਜੱਟਵਾਦ ਨਾਲ ਜੁੜਿਆ ਆ ਰਿਹਾ ਹੈ, ਫਿਰ ਪਰਵਾਸ ਦੇ ਵਿਸ਼ੇ ਨਾਲ ਜੁੜਿਆ ਰਿਹਾ ਅਤੇ ਉਸ ਤੋਂ ਬਾਅਦ ਹਸਾਉਣ ਵਾਲੀਆਂ ਫ਼ਿਲਮਾਂ ਨਾਲ ਜੋੜ ਦਿੱਤਾ ਗਿਆ। ਇਸ ਤੋਂ ਬਾਅਦ ਪੰਜਾਬੀ ਸੱਭਿਆਚਾਰ ਅਤੇ ਪੁਰਾਣੇ ਰੀਤੀ ਰਿਵਾਜਾਂ 'ਤੇ ਅਧਾਰਿਤ ਫ਼ਿਲਮਾਂ ਨਾਲ ਪੰਜਾਬੀ ਦਰਸ਼ਕਾਂ ਨੂੰ ਜੋੜਨ ਦੀ ਕੋਸਿਸ਼ ਹੋਈ। ਹਾਲਾਂਕਿ ਅਜਿਹੀਆਂ ਬਹੁਤੀਆਂ ਫਿਲਮਾਂ ਦੀ ਕੋਈ ਸਟੋਰੀ ਨਹੀਂ ਹੁੰਦੀ ਸੀ । ਕਿਉਂਕਿ ਅਸੀਂ ਲੋਕ ਆਪਣੇ ਪੁਰਾਣੇ ਵਿਰਸੇ ਨੂੰ ਭੁੱਲ ਗਏ ਸੀ, ਬਸ ਫਿਲਮ ਵਾਲਿਆਂ ਨੇ ਇਹੀ ਸਾਡੀ ਕਮਜ਼ੋਰੀ ਨੂੰ ਰੰਗੀਨ ਬਣਾ ਕੇ ਸਾਨੂੰ ਪਰੋਸ ਦਿੱਤਾ ਅਤੇ ਅਸੀਂ ਕਰੀਬ ਦੋ ਘੰਟੇ ਸਿਨੇਮਿਆਂ 'ਚੋਂ ਹੱਸਦੇ ਹਸਾਉਂਦੇ ਘਰਾਂ ਨੂੰ ਆ ਜਾਂਦੇ ਹਾਂ। ਸੰਸਾਰ ਦੇ ਲਗਭਗ ਸਾਰੇ ਸਿਆਣੇ ਲੋਕ ਇਸ ਗੱਲ ਤੇ ਇਕਮਤ ਹਨ ਕਿ ਅਸੀਂ ਦਿਨੋ ਦਿਨ ਸੰਵੇਦਨਹੀਣ ਹੁੰਦੇ ਜਾ ਰਹੇ ਹਾਂ। ਅਸੀਂ ਬਹੁਤ ਤਣਾਅ ਚੋਂ ਨਿਕਲ ਰਹੇ ਹਾਂ ਅਤੇ ਤਣਾਅਪੂਰਨ ਸਥਿਤੀ 'ਚੋਂ ਨਿਕਲਣ ਲਈ ਗੰਭੀਰ ਦੀ ਥਾਂ ਹਾਸਰਸ ਫ਼ਿਲਮਾਂ ਨੂੰ ਤਰਜੀਹ ਦਿੰਦੇ ਹਾਂ। "ਦੀ ਬਲੈਕ ਪ੍ਰਿੰਸ" ਵਿਚ ਅਜਿਹਾ ਕੁਝ ਵੀ ਦੇਖਣ ਨੂੰ ਨਹੀਂ ਹੈ। ਦਰਅਸਲ ਇਹ ਫਿਲਮ ਕਿਤੇ ਧੁਰ ਅੰਦਰਲੇ ਸਿੱਖ-ਮਨ ਵਿਚ ਆਪਣਾ ਰਾਜ ਮੁੜ ਤੋਂ ਸਥਾਪਿਤ ਕਰਨ ਦੀ ਖਿੱਚ ਅਤੇ ਗੁਰੂ ਨਾਲ ਮੁੜ ਜੁੜਨ ਦੀ ਤਾਂਘ ਨੂੰ ਝੰਜੋੜਦੀ ਹੈ। ਹੋ ਸਕਦਾ ਹੈ ਫਿਲਮ ਦਾ ਇਹੋ ਖਾਸਾ ਕਈਆਂ ਨੂੰ ਚੁਭਿਆ ਵੀ ਹੋਵੇਗਾ। ਇਸ ਕਰਕੇ ਇਸ ਫਿਲਮ ਦੀ ਪਰਖ ਪੜਚੋਲ ਕਰਨ ਵੇਲੇ ਰਵਾਇਤੀ ਕਮਰਸ਼ੀਅਲ ਸਿਨੇਮਾ ਵਾਲੇ ਮਾਪਦੰਡ ਵਰਤਣੇ ਅਨਿਆਂ ਹੀ ਹੋਵੇਗਾ। ਸਿਨੇਮਾ ਹਾਲ ਦੀਆਂ ਕਿੰਨੀਆਂ ਕੁਰਸੀਆਂ ਕਿੰਨੇ ਦਿਨ ਤਕ ਭਰੀਆਂ ਰਹਿੰਦੀਆਂ ਹਨ, ਜ਼ਰੂਰ ਹੀ ਕਿਸੇ ਫਿਲਮ ਦੇ ਲੋਕਾਂ ਦੀ ਪਸੰਦ 'ਤੇ ਖਰਾ ਉਤਰਨ ਦੀ ਇਕ ਕਸਵੱਟੀ ਹੁੰਦਾ ਹੈ ਪਰ "ਦੀ ਬਲੈਕ ਪ੍ਰਿੰਸ" ਨੂੰ ਇਸ ਕਸਵੱਟੀ 'ਚ ਅਪਵਾਦ ਮੰਨ ਲੈਣਾ ਹੀ ਤਰਕਸੰਗਤ ਹੋਵੇਗਾ । ਅਜਿਹੀਆਂ ਫਿਲਮਾਂ ਘੱਟ ਹੀ ਬਣਦੀਆਂ ਤੇ ਨਾ ਹੀ ਇਨ੍ਹਾਂ ਨੂੰ ਬਣਾਉਣਾ ਆਮ ਗੱਲ ਹੁੰਦੀ ਹੈ। ਅਜਿਹੀਆਂ ਫਿਲਮਾਂ ਬਣਾਉਣ ਵਾਲਿਆਂ ਦਾ ਜਿਗਰਾ ਵੱਡਾ ਹੁੰਦਾ ਹੈ।

"ਦੀ ਬਲੈਕ ਪ੍ਰਿੰਸ" ਭਾਵੇਂ ਮੂਲ ਰੂਪ ਵਿਚ ਇਕ ਬਹੁਭਾਸ਼ਾਈ ਫਿਲਮ ਹੈ ਜੋ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਤਿੰਨ ਭਾਸ਼ਾਵਾਂ ਚ ਹੈ ਪਰ ਪੰਜਾਬੀ ਸਿਨੇਮਾ ਲਈ ਇਹ ਕਥਾਨਕ, ਇਤਿਹਾਸ ਤੇ ਕਹਾਣੀ ਦੇ ਪੱਖ ਤੋਂ ਜ਼ਿਆਦਾ ਮਾਣ ਕਰਨ ਵਾਲੀ ਪ੍ਰਾਪਤੀ ਹੈ। ਇਸ ਦੇ ਪੰਜਾਬੀ ਰੂਪ ਦਾ ਗੀਤ-ਸੰਗੀਤ ਕਾਬਿਲੇ ਤਾਰੀਫ਼ ਹੈ। ਸ਼ਬਦ ਤੇ ਸੋਚ-ਪ੍ਰਧਾਨ ਪੰਜਾਬੀ ਗਾਇਕੀ ਦੇ ਸ਼ਾਹ-ਅਸਵਾਰ ਗਾਇਕ ਸਤਿੰਦਰ ਸਰਤਾਜ ਨੇ ਹਰ ਦ੍ਰਿਸ਼ ਨਾਲ ਢੁਕਵੀਂ ਕਾਵਿਕ ਸ਼ਬਦਾਵਲੀ ਵਿਚ ਲਿਖੇ ਗੀਤ ਦਿਲ ਨੂੰ ਧੂਹ ਪਾਉਣ ਵਾਲੀ ਆਵਾਜ਼ ਵਿਚ ਗਾਏ ਹਨ। ਇਕ ਇਤਿਹਾਸਕ ਪਾਤਰ ਪ੍ਰਿੰਸ ਦਲੀਪ ਸਿੰਘ ਦੇ ਰੋਲ ਵਿਚ ਸਰਤਾਜ ਨੇ ਅਦਾਕਾਰੀ ਦੇ ਵੀ ਚੰਗੇ ਜੌਹਰ ਦਿਖਾਏ ਹਨ। 'ਦਰਦਾਂ ਵਾਲਾ ਦੇਸ਼' ਗੀਤ ਜ਼ਿਹਨ 'ਚ ਵੱਜਦਾ ਹੈ ਤੇ ਇਕ ਪਲ ਲਈ ਸਮਾਂ ਠਹਿਰ ਜਾਂਦਾ ਹੈ। ਪ੍ਰੇਮ, ਹਰਦੀਪ ਦਾ ਸੰਗੀਤ ਚਾਰ-ਚੰਨ ਲਾਉਂਦਾ ਹੈ। ਜੌਰਜ ਕੈਲਿਸ ਦਾ ਪਿੱਠਵਰਤੀ ਸੰਗੀਤ ਉਦਾਸ ਕਹਾਣੀ ਦਾ ਮਾਹੌਲ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਮਨਮੋਹਕ ਸ਼ਾਹੀ ਅਜਾਇਬ ਘਰਾਂ, ਮਹਿਲਾਂ ਅਤੇ ਇਤਿਹਾਸਕ ਥਾਵਾਂ ਉੱਪਰ ਫ਼ਿਲਮਾਈ ਗਈ 'ਦ ਬਲੈਕ ਪ੍ਰਿੰਸ' ਦੇ ਦ੍ਰਿਸ਼ਾਂ ਨੂੰ ਸਿਨੇਮੈਟੋਗ੍ਰਾਫ਼ਰ ਐਰੋਨ ਸੀ. ਸਮਿੱਥ ਨੇ ਬਹੁਤ ਹੀ ਬਿਹਤਰੀਨ ਤਰੀਕੇ ਨਾਲ ਪਰਦੇ ਉੱਪਰ ਉਤਾਰਿਆ ਹੈ। ਜ਼ਿਆਦਾਤਰ ਮਹਿਲਾਂ ਦੇ ਅੰਦਰ ਫ਼ਿਲਮਾਏ ਗਏ ਦ੍ਰਿਸ਼ ਮੋਮਬੱਤੀਆਂ ਦੀ ਲੋਅ ਵਾਲੇ ਮਾਹੌਲ ਨੂੰ ਕਲਾਤਮਕਤਾ ਨਾਲ ਸਿਰਜਦੇ ਹਨ।

ਛੇ ਮਿਲੀਅਨ ਅਮਰੀਕਨ ਡਾਲਰ (ਲਗਭਗ 42 ਕਰੋੜ ਭਾਰਤੀ ਰੁਪਏ) ਨਾਲ ਬਣੀ ਇਹ ਫਿਲਮ ਅੰਗਰੇਜ਼ਾਂ ਦੁਆਰਾ ਸਿੱਖ ਇਤਿਹਾਸ ਚ ਪਾਏ ਗਏ ਬਹੁਤ ਸਾਰੇ ਭੁਲੇਖਿਆਂ ਅਤੇ ਝੂਠ ਦਾ ਪਰਦਾਫਾਸ਼ ਕਰਦੀ ਹੈ। ਇਹ ਫਿਲਮ ਸਾਨੂੰ ਸਾਡੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਉਣ ਦੇ ਨਾਲ-ਨਾਲ, ਸਿੱਖਾਂ ਦੀਆਂ ਆਜ਼ਾਦੀ ਦੀ ਤਾਂਘ ਦੀਆਂ ਵਿਰਾਸਤੀ ਭਾਵਨਾਵਾਂ ਅਤੇ ਦੇਸ਼ ਕੌਮ ਲਈ ਮਰ ਮਿਟਣ ਦੇ ਜਜ਼ਬਿਆਂ ਦੀ ਬਾਤ ਵੀ ਪਾਉਂਦੀ ਹੈ। ਫਿਲਮ ਚ ਤੱਥਾਂ ਤੇ ਸਬੂਤਾਂ ਨਾਲ ਬਰਤਾਨਵੀ ਹਾਕਮਾਂ ਦੁਆਰਾ ਸਿੱਖ ਰਾਜ ਨੂੰ ਹੜੱਪਣ, ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਅਤੇ ਪ੍ਰਿੰਸ ਦਲੀਪ ਸਿੰਘ ਦੀ ਆਜ਼ਾਦੀ ਲਈ ਕੀਤੀ ਗਈ ਵੱਡੀ ਘਾਲਣਾ ਨੂੰ ਬਹੁਤ ਹੀ ਕਲਾਤਮਕ ਤੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਗੌਰਤਲਬ ਹੈ ਕਿ ਇਹ ਫਿਲਮ ਵਿਸ਼ਵ ਪ੍ਰਸਿੱਧ 'ਕੇਨ ਫਿਲਮ ਫੈਸਟੀਵਲ' 'ਚ ਸ਼ਾਮਲ ਹੋ ਕੇ ਵੀ ਨਾਮਣਾ ਖੱਟ ਚੁੱਕੀ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ 'ਦ ਬਲੈਕ ਪ੍ਰਿੰਸ' ਨੇ ਸਿੱਖ ਇਤਿਹਾਸ ਦੇ ਅਣਫਰੋਲੇ ਵਰਕਿਆਂ ਨੂੰ ਨਵੀਂ ਪੀੜ੍ਹੀ ਦੇ ਲੋਕਾਂ ਦੇ ਸਨਮੁੱਖ ਕੀਤਾ ਹੈ।





# ਐਲਸਬਰਾਂਟੇ ਸਿੱਖ ਸੈਂਟਰ ਗੁਰਦੁਆਰਾ ਸਾਹਿਬ

**3550, Hillcrest Road, Elsobrante CA-94804 ਵਿਖੇ**



# ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ

**22 ਅਪ੍ਰੈਲ 2018, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।**



20 ਅਪ੍ਰੈਲ, 2018 ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 22 ਅਪ੍ਰੈਲ, 2018 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਣਗੇ। ਕੈਲੀਫੋਰਨੀਆ ਗਤਕਾ ਦਲ ਦੀਆਂ ਵੱਖ-ਵੱਖ ਟੀਮਾਂ ਗਤਕੇ ਦੇ ਜੌਹਰ ਵਿਖਾਉਣਗੀਆਂ।

**ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।**

ਬੇਨਤੀ ਕਰਤਾ : **SINGH TRANSPORT INC**

# ਅਮਰੀਕਾ 'ਚ ਖਾਲਸੇ ਦੇ ਜਨਮ ਦਿਹਾੜੇ 'ਵਿਸਾਖੀ' ਸਬੰਧੀ ਵੱਡੀ ਪੱਧਰ 'ਤੇ ਜਸ਼ਨ

**ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਕਮੇਟੀ ਵਲੋਂ ਅਮਰੀਕਾ 'ਚ ਖਾਲਸੇ ਦੇ ਸਿਰਜਣਾ ਦਿਵਸ 'ਵਿਸਾਖੀ' ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਵਾਸਤੇ 11 ਅਪ੍ਰੈਲ ਨੂੰ ਰੇਅਬਰਨ ਬਿਲਡਿੰਗ ਵਿਚ ਕੀਤੇ ਵਿਸ਼ੇਸ ਪ੍ਰਭਾਵਸ਼ਾਲੀ ਸਮਾਗਮ ਦੇ ਯਾਦਗਾਰੀ ਪਲਾਂ ਨੂੰ ਪੇਸ਼ ਕਰਦੀਆਂ ਤਸਵੀਰਾਂ।**















jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24X7
9X TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com


HASDA PUNJAB
VAISAKHI MELA 2018
Saturday May 5th
4.00 pm - 11.30 pm
Plano Civic Center
2000 East Spring Creek Parkway
Plano, TX 75074
Grand Sponsor
Aman Singh
Haripritam Singh
JENNY JOHAL
SUKSHINDER SHINDA
Bhangra & Giddha
For more info:
Billu Benipal (940) 391-4517
Hardip Gurna (510) 299-4747
www.HasdaPunjab.net
Karnail Singh
Kanwaljit Singh
Chief Guests
Tehsil Singh Dhaliwal
Diamond Sponsor
Host: Asha Sharma
American Press Club
972-900-4880
Harjit S Dhesi
Exclucive Media Partner
FUNASIA
WWW.FUNASIA.NET
RADIO
Hasda Punjab
Frequency : 1110 AM
Saturday 5 - 6 PM

# "ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦਾ ਵਿੱਦਿਆ ਦਾ ਚਿਰਾਗ ਸਾਜਸ਼ੀ ਲੋਕਾਂ ਦੀਆਂ ਫੂਕਾਂ ਨਾਲ ਨਹੀਂ ਬੁਝਣਾ"



## "ਕਲਗੀਧਰ ਟਰੱਸਟ ਬੜੂ ਸਾਹਿਬ ਸਿੱਖ ਕੌਮ ਅੰਦਰ ਰੌਸ਼ਨੀ ਦੀ ਅਨੋਖੀ ਮਿਸਾਲ"





ਹਰਵਿੰਦਰ ਰਿਆੜ
347 260 9090

*ਬਾਬਾ ਇਕਬਾਲ ਸਿੰਘ ਦੇ ਗਰੀਬ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਵਿੱਦਿਆ ਤੱਕ ਪਹੁੰਚਾਉਣ ਦੇ ਕੰਸੈਪਟ ਇਹ ਲੋਕ ਕਿਹਨਾਂ ਸ਼ਬਦਾਂ ਵਿੱਚ ਨਿੰਦ ਸਕਦੇ ਨੇ ਨਾ ਸਿਰਫ ਅਜਿਹੇ ਕੇਸਾਂ ਵਿੱਚ ਖੁੱਲ੍ਹ ਖੇਡ ਦੇ ਭੁੱਖੇ ਇਹ ਅਲੋਚਕ ਬਾਬਾ ਜੀ ਦੇ ਸੁੱਚੇ ਕੌਜ ਨੂੰ ਨਾ ਥੰਮ ਸਕੇ ਸਗੋਂ ਆਪਣੀ ਹਕੀਕਤ ਜੱਗ ਜਾਹਰ ਕਰ ਗਏ।*

ਕਲਗੀਧਰ ਟਰੱਸਟ ਬੜੂ ਸਾਹਿਬ ਬਾਰੇ ਆਦਿ ਤੋਂ ਲੈ ਕੇ ਸੰਗਤ ਵਿੱਚ ਕੌਣ ਨਹੀਂ ਜਾਣਦਾ? ਬਾਬਾ ਇਕਬਾਲ ਸਿੰਘ ਜੀ ਦਾ ਅਦੁੱਤੀ ਸੁਪਨਾ ਜੋ ਅਕਾਲ ਪੁਰਖ ਦੀ ਕ੍ਰਿਪਾ ਨਾਲ ਅਕਾਲ ਅਕੈਡਮੀ ਦੇ ਰੂਪ ਵਿੱਚ ਸ਼ੁਰੂ ਹੋਇਆ ਅਤੇ ਅਕਾਲ ਯੂਨੀਵਰਸਿਟੀ ਤੱਕ ਪਹੁੰਚ ਕੇ ਵੀ ਇਹ ਏਥੇ ਰੁਕਿਆ ਜਾਂ ਮੁਕੰਮਲ ਨਹੀਂ ਸਮਝਿਆ ਜਾਣਾ ਚਾਹੀਦਾ। ਬਾਬਾ ਜੀ ਦਾ ਇੱਕ-ਇੱਕ ਸਵਾਸ ਨਵੇਂ ਵਿੱਦਿਅਕ ਅਦਾਰੇ ਦੀ ਇੱਕ-ਇੱਕ ਇੱਟ ਹੈ। ਸਾਡਾ ਸਮਾਜ ਕੁਝ ਕਰ ਸਕੇ ਜਾਂ ਨਾ ਪਰ ਆਦਤ ਮੁਤਾਬਕ ਹਿਸਾਬ ਉਹ ਮੰਗਦਾ ਹੈ ਜਿਸ ਨੇ ਆਪ ਕਦੇ ਧੇਲਾ ਨਾ ਦਿੱਤਾ ਹੋਵੇ। ਕਲਗੀਧਰ ਟਰੱਸਟ ਬੜੂ ਸਾਹਿਬ ਤੇ ਕਈ ਹਨੇਰੀਆਂ ਝੁੱਲੀਆਂ ਬਹੁਤ ਸੌਦਾਗਰ ਲੋਕਾਂ ਨੇ ਇਲਜ਼ਾਮ ਤਰਾਸ਼ੀ ਵੀ ਕੀਤੀ। ਪਰ ਸੱਚ ਦੇ ਸੂਰਜ ਨੂੰ ਝੂਠ ਦੇ ਬੱਦਲ ਕਦੇ ਅਲੋਪ ਨਹੀਂ ਕਰ ਸਕਦੇ, ਵਾਂਗ ਵਿਦੇਸ਼ ਦਾ ਪਾਕਿ ਪਵਿੱਤਰ ਪਾਰਟੀਆਂ ਵਰਗਾ ਮੀਡੀਆ ਹਮੇਸ਼ਾ ਬਾਬਾ ਇਕਬਾਲ ਸਿੰਘ ਦੇ ਕਾਰਜ ਦੇ ਅੰਗ ਸੰਗ ਚੰਗੀ ਚਰਚਾ ਲਈ ਰਿਹਾ।

ਕਲਗੀਧਰ ਟਰੱਸਟ ਦੀ ਪਾਰਦਰਸ਼ੀ ਸੋਚ, ਪਾਰਦਰਸ਼ੀ ਕਾਰਗੁਜ਼ਾਰੀ ਤੇ ਲਾਲਚੀ ਅਤੇ ਹੋਛਲੇ ਧੰਧਰ ਦੇ ਲੋਕਾਂ ਨੇ ਕਈ ਨਾਂ ਯਕੀਨ ਕਰਨਯੋਗ ਇਲਜ਼ਾਮ ਵੀ ਲਾਏ, ਪ੍ਰੰਤੂ ਬਾਬਾ ਜੀ ਜਾਣਦੇ ਸਨ ਕਿ ਧਰਮ ਦੇ ਨਾਮ ਤੇ ਇਸ ਸੰਸਥਾ ਨੂੰ ਡੇਰਾ ਨਹੀਂ ਬਣਾਉਣਾ ਸਗੋਂ ਬਲਵਾਨ ਭਵਿੱਖ ਨੂੰ ਵੇਖਦੇ ਪੜ੍ਹੇ ਲਿਖੇ ਲੋਕਾਂ ਅੰਦਰ ਇਸ ਸੇਵਾ ਦੀ ਭਾਵਨਾ ਪੈਦਾ ਕਰਨੀ ਹੈ। ਪ੍ਰੰਤੂ ਧਰਮ ਅਤੇ ਧਰਮ ਦੀ ਹਕੀਕਤ ਨੂੰ ਰਾਹਾਂ ਵਿੱਚ ਘਸੀਟਣ ਵਾਲੇ ਕੌਮ ਦੇ ਅਖੌਤੀ ਦਰਦੀ ਚਿਹਰਿਆਂ ਤੇ ਨਕਾਬ ਪਹਿਨ ਕੇ ਇਹ ਭੁੱਲ ਬੈਠੇ ਕਿ ਉਕਤ ਅਦਾਰੇ ਤੇ ਨਕਲੀ ਇਲਜ਼ਾਮ ਲਾਉਣ ਤੋਂ ਪਹਿਲਾਂ ਲੋਕ ਉਹਨਾਂ ਦੀਆਂ ਹਕੀਕਤਾਂ ਵੱਲ ਨਜ਼ਰ ਮਾਰਦੇ ਨੇ ਕਿ ਉਹ ਕੌਣ ਹਨ?

ਚੌਧਰ ਅਤੇ ਕੁਰਸੀ ਦੇ ਭੁੱਖੇ ਵਸ਼ਿੰਗਟਨ ਮੈਟਰੋ ਪੋਲੀਟਨ (ਵਰਜੀਨੀਆ) 'ਚ ਇੱਕ ਸ਼ਖਸ ਜੋ ਸਿੱਖੀ ਦੇ ਭੇਸ ਅੰਦਰ ਅਜਿਹੇ ਚੱਕਰਵਿਊ ਵਿੱਚ ਵੀ ਫਸਿਆ ਰਿਹਾ ਕਿ ਆਪਣੀ ਗਾਹਕ ਨੂੰ ਕਾਰ ਵਿੱਚ ਸੀਕਰੇਟ ਡਵਾਈਸਾਂ ਨਾਲ ਰਿਕਾਰਡ ਕਰਕੇ ਬਲੈਕਮੇਲ ਤੱਕ ਦੀ ਨੌਬਤ ਦਾ ਦੋਸ਼ੀ ਹੋਵੇ। ਪਰਿਵਾਰਕ ਕਦਰਾਂ ਕੀਮਤਾਂ ਵਿੱਚ ਗਿਰ ਜਾਣ ਤੋਂ ਇਲਾਵਾ ਕਿਸੇ ਗੁਰੂਘਰ ਵਿੱਚ ਸਤਿਕਾਰ ਤੋਂ ਸੱਖਣਾ ਟੈਕਸੀ ਕੈਬ ਡਰਾਈਵਰ ਸਿੱਧੀ ਸਿਧਾਂਤਾਂ ਅਤੇ ਇਸ ਅਮੁੱਲ ਕੰਜ ਦੀ ਸੋਸ਼ਲ ਨੈਟਵਰਕ ਤੇ ਇਸ ਕਰਕੇ ਭੰਡੀ ਪ੍ਰਚਾਰ ਕਰ ਰਿਹਾ ਹੋਵੇ ਕਿ ਉਸ ਨੂੰ ਸਿਸਟਮ ਵਿੱਚ ਪ੍ਰਸਤੇਨੀ ਕਰਕੇ ਲਿਆ ਜਾਵੇ। ਅਜਿਹੇ ਕਿਰਦਾਰ ਦੇ ਲੋਕ ਕਿਵੇਂ ਬਾਬਾ ਇਕਬਾਲ ਸਿੰਘ ਦੀ ਸੋਚ ਦੇ ਧਾਰਨੀ ਆ ਸਕਦੇ ਹਨ?

ਬਾਬਾ ਇਕਬਾਲ ਸਿੰਘ ਦੇ ਗਰੀਬ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਵਿੱਦਿਆ ਤੱਕ ਪਹੁੰਚਾਉਣ ਦੇ ਕੰਸੈਪਟ ਇਹ ਲੋਕ ਕਿਹਨਾਂ ਸ਼ਬਦਾਂ ਵਿੱਚ ਨਿੰਦ ਸਕਦੇ ਨੇ ਨਾ ਸਿਰਫ ਅਜਿਹੇ ਕੇਸਾਂ ਵਿੱਚ ਖੁੱਲ੍ਹ ਖੇਡ ਦੇ ਭੁੱਖੇ ਇਹ ਅਲੋਚਕ ਬਾਬਾ ਜੀ ਦੇ ਸੁੱਚੇ ਕੌਜ ਨੂੰ ਨਾ ਥੰਮ ਸਕੇ ਸਗੋਂ ਆਪਣੀ ਹਕੀਕਤ ਜੱਗ ਜਾਹਰ ਕਰ ਗਏ ਸਾਡਾ ਕੰਮ ਇਹਨਾਂ ਦੀ ਵਿਰੋਧਤਾ ਕਰਨਾ ਨਹੀਂ ਸਗੋਂ ਪਵਿੱਤਰ ਕਾਰਜ ਹੋਰ ਅੱਗੇ ਤੋਰਨੇ ਨੇ। ਯੂਨੀਵਰਸਿਟੀ ਦੇ ਵਿਸ਼ਾਲ ਵਿਹੜੇ ਵਿੱਚੋਂ ਪੰਜਾਬ ਦੇ ਅਸਲੀ ਵਾਰਸ ਸਮਾਜ ਵਿੱਚ ਪਸਰੇ ਕੂੜੇ ਨੂੰ ਸਾਫ ਕਰਨ, ਨਿਕਲੀ ਦੁਆ ਹੈ। ਹੋਣ ਬਾਬਾ ਇਕਬਾਲ ਸਿੰਘ ਜੀ ਤੇ ਕਲਗੀਧਰ ਟਰੱਸਟ ਲੋਕਾਂ ਦੀਆਂ ਦੁਆਵਾਂ ਦਾ ਦਾਅਵੇਦਾਰ ਹੈ। ਸਮਾਜ ਵਿੱਚੋਂ ਨਿਖੇੜੇ ਲੋਕਾਂ ਦੇ ਸਰਟੀਫਿਕੇਟ ਦਾ ਨਹੀਂ।

ਆਮੀਨ!

### ਝੂਠੀਆਂ ਪੋਸਟਾਂ ਪਾਉਣ ਵਾਲੇ ਵਿਅਕਤੀ ਨੇ ਮੰਗੀ ਮੁਆਫੀ

ਸਾਧ ਸੰਗਤ ਜੀ ਨੂੰ ਇੱਥੇ ਇਹ ਦੱਸਣਾ ਲਾਜ਼ਮੀ ਹੈ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਨੂੰ ਕੁਝ ਵਿਅਕਤੀ ਉਕਤ ਟਰੱਸਟ ਵਲੋਂ ਕੀਤੇ ਜਾਂਦੇ ਸਮਾਜ ਭਲਾਈ ਦੇ ਕਾਰਜਾਂ ਤੋਂ ਖਾਰ ਖਾਂਦੇ ਹਨ। ਜਿਸ ਕਰਕੇ ਹੀ ਉਹ ਟਰੱਸਟ ਨੂੰ ਬਦਨਾਮ ਕਰਨ ਦੇ ਮਕਸਦ ਨਾਲ ਸਮੇਂ ਸਮੇਂ ਤੇ ਸੋਸ਼ਲ ਮੀਡੀਆ ਰਾਹੀਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰ ਜਾਂਦੇ ਹਨ। ਜਿਨ੍ਹਾਂ 'ਚੋਂ ਹੀ ਇੱਕ ਵਰਜੀਨੀਆ (ਅਮਰੀਕਾ) ਵਿਖੇ ਰਹਿ ਰਿਹਾ ਵਿਅਕਤੀ ਹੈ ਜੋ ਸੋਸ਼ਲ ਮੀਡੀਆ ਤੇ ਬੜੂ ਸਾਹਿਬ ਖਿਲਾਫ ਕੂੜ ਪ੍ਰਚਾਰ ਤੇ ਝੂਠੀਆਂ ਪੋਸਟਾਂ ਪਾ ਰਿਹਾ ਸੀ। ਉਕਤ ਵਿਅਕਤੀ ਵੱਲੋਂ ਪਾਈਆਂ ਝੂਠੀਆਂ ਪੋਸਟਾਂ ਖਿਲਾਫ ਸ਼ਿਕਾਇਤ ਸਾਈਬਰ ਕ੍ਰਾਇਮ ਨੂੰ ਵੀ ਕੀਤੀ ਗਈ ਸੀ ਜ਼ਿਕਰਯੋਗ ਹੈ ਕਿ ਉਕਤ ਵਿਅਕਤੀ ਰੁਤਬੇ ਦਾ ਚਾਹਵਾਨ ਸੀ ਪਰ ਉਸ ਦੀ ਕਾਬਲੀਅਤ ਰੁਤਬੇ ਮੁਤਾਬਕ ਨਹੀਂ ਸੀ ਜਿਸ ਤੋਂ ਖਫਾ ਹੋ ਕੇ ਹੀ ਇਸ ਵਿਅਕਤੀ ਨੇ ਸੋਸ਼ਲ ਮੀਡੀਆ ਤੇ ਉਕਤ ਟਰੱਸਟ ਦੇ ਖਿਲਾਫ ਜਾਣ ਬੁੱਝ ਕੇ ਬੇਹੁੱਦਾ ਪੋਸਟਾਂ ਪਾਈਆਂ। ਕਲਗੀਧਰ ਟਰੱਸਟ ਦੇ ਸਹਿਯੋਗੀ ਅਮਰੀਕਾ ਦੇ ਇੱਕ ਸਮਾਜ ਸੇਵੀ ਫਾਉਂਡੇਸ਼ਨ ਨੇ ਉਕਤ ਵਿਅਕਤੀ ਨੂੰ ਕੋਰਟ ਨੋਟਿਸ ਭੇਜ ਕੇ ਮਾਣਹਾਨੀ ਦਾ ਹਰਜਾਨਾ ਮੰਗਿਆ ਸੀ, ਜਿਸ ਤੋਂ ਬਾਅਦ ਇਸ ਵਿਅਕਤੀ ਨੇ ਸੋਸ਼ਲ ਮੀਡੀਆ ਤੇ ਪੋਸਟ ਪਾ ਕੇ ਉਕਤ ਪੋਸਟਾਂ ਪਾਉਣ ਲਈ ਮੁਆਫੀ ਮੰਗੀ ਹੈ ਅਤੇ ਭਵਿੱਖ 'ਚ ਵੀ ਇਸ ਤਰ੍ਹਾਂ ਦੀ ਕੋਈ ਘਟੀਆ ਪੋਸਟ ਪਾਉਣ ਤੋਂ ਤੌਬਾ ਕੀਤੀ ਹੈ। ਪਰ ਦੂਜੇ ਪਾਸੇ ਗੁਰਦੁਆਰਾ ਬੜੂ ਸਾਹਿਬ ਦੀਆਂ ਸ਼ਰਧਾਲੂ ਸਿੱਖ ਸੰਗਤਾਂ 'ਚ ਇਸ ਵਿਅਕਤੀ ਪ੍ਰਤੀ ਭਾਰੀ ਰੋਸ ਹੈ ਇਸ ਲਈ ਉਨ੍ਹਾਂ ਮੰਗ ਕੀਤੀ ਹੈ ਕਿ ਇਸ ਵਿਅਕਤੀ ਨੂੰ ਸਖਤ ਤੋਂ ਸਖਤ ਸਜ਼ਾ ਦਵਾਈ ਜਾਵੇ। ਬੜੂ ਸਾਹਿਬ ਟਰੱਸਟ ਵਲੋਂ ਇਹ ਫੈਸਲਾ ਸੰਗਤ 'ਤੇ ਛੱਡਿਆ ਗਿਆ ਹੈ ਕਿ ਇਸ ਵਿਅਕਤੀ ਨੂੰ ਮੁਆਫ ਕੀਤਾ ਜਾਵੇ ਜਾਂ ਕੋਰਟ ਦੀ ਕਾਰਵਾਈ ਨੂੰ ਜਾਰੀ ਰੱਖਿਆ ਜਾਵੇ।



ਇਸ਼ਤਿਹਾਰ



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons
open 6am to midnight
Phone: 765-478-6300

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

# ਵਿਸ਼ਵੀਕਰਨ ਵੀ ਏ ਬਲਾਤਕਾਰਾਂ ਦਾ ਜ਼ਿੰਮੇਵਾਰ

**ਪ੍ਰੋ. ਬਲਵਿੰਦਰਪਾਲ ਸਿੰਘ**



ਵਿਸ਼ਵੀਕਰਨ ਦੇ ਪਸਾਰ ਦੇ ਨਾਲ ਮਰਦ ਪ੍ਰਧਾਨ ਸਮਾਜ ਦੀਆਂ ਪੁਰਾਣੀ ਧਾਰਨਾਵਾਂ ਟੁੱਟਣੀਆਂ ਚਾਹੀਦੀਆਂ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ ਦੱਖਣੀ ਏਸ਼ੀਆ ਖਾਸ ਕਰਕੇ ਭਾਰਤ 'ਚ ਵਿਸ਼ਵੀਕਰਨ ਗਲੀਆਂ ਸੜੀਆਂ ਮਰਿਆਦਾਵਾਂ ਦੀ ਜਕੜ ਨੂੰ ਤੋੜਨ 'ਚ ਅਸਫਲ ਰਿਹਾ। ਵਿਸ਼ਵੀਕਰਨ ਦੇ ਦੌਰ ਦੌਰਾਨ ਭਾਰਤ 'ਚ ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਹੈ। ਇੱਥੇ ਮਰਦ ਪ੍ਰਧਾਨ ਸਮਾਜ ਦੀਆਂ ਸਨਾਤਨੀ ਪਾਬੰਦੀਆਂ ਦੇ ਜਾਲ ਤੋਂ ਬਾਹਰ ਆਉਣ ਲਈ ਤੇ ਆਪਣੀ ਇੱਜ਼ਤ ਬਚਾਉਣ ਲਈ ਭਾਰਤੀ ਨਾਰੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਭਾਰਤ ਵਿੱਚ ਹੋ ਰਹੇ ਭਿਅੰਕਰ ਬਲਾਤਕਾਰਾਂ ਤੋਂ ਇੰਝ ਜਾਪਦਾ ਹੈ ਕਿ ਜਿਵੇਂ ਭਾਰਤ ਵਹਿਸ਼ੀ ਮਰਦਾਂ ਦਾ ਦੇਸ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਤੇ ਚੀਨ ਪਹਿਲਾਂ ਹੀ ਆਪਣੀਆਂ ਔਰਤ ਨਾਗਰਿਕਾਂ ਨੂੰ ਚੇਤਾਵਨੀ ਦੇ ਚੁੱਕੇ ਹਨ ਕਿ ਉਹ ਭਾਰਤ ਜਾਣ ਤੋਂ ਗੁਰੇਜ਼ ਕਰਨ। ਭਾਰਤ ਵਿੱਚ ਵਿਸ਼ਵੀਕਰਨ ਨੇ ਇਸਤਰੀ ਨੂੰ ਅਜ਼ਾਦੀ ਦੇਣ 'ਚ ਭੂਮਿਕਾ ਨਿਭਾਉਣ ਦੀ ਥਾਂ ਉਸ ਨੂੰ ਹੋਰ ਜ਼ਿਆਦਾ ਨਵੇਂ ਬੰਧਨਾਂ 'ਚ ਫਸਾ ਦਿੱਤਾ ਹੈ। ਵਿਸ਼ਵੀਕਰਨ ਦੇ ਯੁੱਗ 'ਚ ਭਾਰਤੀ ਇਸਤਰੀ ਹਰੇਕ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਪਰੰਪਰਿਕ ਸਮੇਂ 'ਚ ਪਰਦੇ 'ਚ ਜਕੜੀ ਇਸਤਰੀ ਮਰਦ ਪ੍ਰਧਾਨ ਸਮਾਜ ਦੇ ਅਧੀਨ ਸੀ, ਪਰ ਵਿਸ਼ਵੀਕਰਨ ਨੇ ਉਸ ਨੂੰ ਪਦਾਰਥ ਦਾ ਰੂਪ ਦੇ ਕੇ ਆਪਣੀ ਜਕੜ 'ਚ ਲੈ ਕੇ ਉਸ ਦਾ ਸ਼ੋਸ਼ਣ ਕੀਤਾ। ਵਿਸ਼ਵੀਕਰਨ ਦੇ ਯੁੱਗ ਵਿੱਚ ਆਜ਼ਾਦੀ ਦੇ ਨਾਂ 'ਤੇ ਸਿਰਫ਼ ਦਿਖਾਵਾ ਹੋ ਰਿਹਾ ਹੈ। ਔਰਤ ਨੂੰ ਨੰਗੇਜ਼ ਵਲ ਧਕੇਲਿਆ ਜਾ ਰਿਹਾ ਹੈ ਤੇ ਉਸ ਨੂੰ ਅਸ਼ਲੀਲ ਪ੍ਰੋਡਕਟ ਦੇ ਨਾਮ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਕਹਿਣ ਤੋਂ ਭਾਵ ਵਿਸ਼ਵੀਕਰਨ ਦੇ ਬਾਜ਼ਾਰ ਨੇ ਔਰਤ ਨੂੰ ਅਜ਼ਾਦੀ ਨਹੀਂ, ਨਵੀਂ ਗੁਲਾਮੀ 'ਚ ਫਸਾ ਦਿੱਤਾ ਹੈ। ਇਸ ਯੁੱਗ 'ਚ ਉਸ ਦੀ ਅਜ਼ਾਦੀ ਸੁੰਦਰਤਾ ਤੇ ਅੱਧਨੰਗੇ ਕੱਪੜਿਆਂ ਤੱਕ ਸੀਮਤ ਹੈ। ਇਹ ਵਿਸ਼ਵੀਕਰਨ ਦੀ ਅਖੌਤੀ ਅਜ਼ਾਦੀ ਮਰਦ ਪ੍ਰਧਾਨ ਸੱਤਾ ਦੇ ਅਧੀਨ ਬਾਜ਼ਾਰ ਲਈ ਮੁਨਾਫ਼ੇ ਦਾ ਰਾਹ ਖੋਲ੍ਹਦੀ ਹੈ। ਇਹ ਸਭ ਕੁਝ ਤੁਸੀਂ ਟੀਵੀ ਚੈਨਲਾਂ ਦੀਆਂ ਮਸ਼ਹੂਰੀਆਂ 'ਚ ਦੇਖ ਸਕਦੇ ਹੋ ਕਿ ਹਰੇਕ ਪ੍ਰੋਡਕਟ 'ਚ ਉਸ ਨੂੰ ਸੈਕਸ ਸਿੰਬਲ ਬਣਾ ਕੇ ਕਿਵੇਂ ਵਰਤੋਂ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਬਾਜ਼ਾਰ ਵਲੋਂ ਤਿਆਰ ਕੀਤੇ ਸੁੰਦਰਤਾ ਦੇ ਨਵੇਂ ਪੈਮਾਨਿਆਂ 'ਚ ਇਸਤਰੀ ਦਾ ਬਨਾਵਟੀ ਰੂਪ ਵਿਖਾਇਆ ਜਾ ਰਿਹਾ ਹੈ।

ਭਾਰਤ ਦੇ ਪਿੰਡਾਂ 'ਚ ਸਕੂਲ, ਸਿਹਤ ਕੇਂਦਰ ਨਜ਼ਰ ਆਉਣ ਜਾਂ ਨਾ, ਪਰ ਬਿਊਟੀ ਪਾਰਲਰ ਕਿੰਨੇ ਹੀ ਖੁੱਲ੍ਹੇ ਮਿਲ ਜਾਣਗੇ। ਸੁੰਦਰਤਾ ਉਦਯੋਗ ਦਾ ਖ਼ਿਆਲ ਹੈ ਕਿ ਜੇਕਰ ਔਰਤਾਂ 'ਚ ਆਪਣੇ ਸਰੀਰ, ਚਮੜੀ ਤੇ ਸੁੰਦਰਤਾ ਪ੍ਰਤੀ ਲਾਲਸਾ ਪੈਦਾ ਕੀਤੀ ਜਾਵੇ, ਤਾਂ ਉਸ ਨੂੰ ਵੱਡੀ ਪੱਧਰ 'ਤੇ ਲਾਭ ਮਿਲਣਗੇ। ਪਰੰਪਰਾਗਤ ਸਮਾਜਾਂ 'ਚ ਸੁੰਦਰਤਾ ਦੇ ਪੈਮਾਨੇ ਪੁਰਸ਼ ਵਲੋਂ ਤੈਅ ਕੀਤੇ ਜਾ ਰਹੇ ਸਨ, ਪਰ ਵਰਤਮਾਨ ਸਮੇਂ ਦੌਰਾਨ ਇਨ੍ਹਾਂ ਪੈਮਾਨਿਆਂ ਨੂੰ ਬਾਜ਼ਾਰ ਤੈਅ ਕਰ ਰਿਹਾ ਹੈ, ਪਰ ਇਹ ਦੋਵੇਂ ਮਰਦ ਪ੍ਰਧਾਨ ਪ੍ਰਬੰਧ ਦੇ ਆਲੇ-ਦੁਆਲੇ ਹੀ ਆਪਣੀਆਂ ਧਾਰਨਾਵਾਂ ਬਣਾ ਰਹੇ ਹਨ, ਪਰ ਇਸਤਰੀ ਅਜ਼ਾਦੀ ਦਾ ਸੁਪਨਾ ਨਾ ਸਨਾਤਨੀ ਮਰਦ ਪ੍ਰਧਾਨ ਵਿਵਸਥਾ ਪੂਰਾ ਕਰ ਸਕੀ ਹੈ ਤੇ ਨਾ ਹੀ ਵਿਸ਼ਵੀਕਰਨ ਦਾ ਅਜੋਕਾ ਬਾਜ਼ਾਰ। ਇਹ ਤਾਂ ਗੁਰੂਆਂ ਦੀ ਵਿਚਾਰਧਾਰਾ ਤੋਂ ਹੀ ਇਸਤਰੀ ਦੀ ਅਜ਼ਾਦੀ ਦਾ ਰੂਪ ਤੇ ਸਰੂਪ ਤੇ ਸਿਧਾਂਤ ਪ੍ਰਗਟ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੀ ਅਜ਼ਾਦੀ ਸੰਬੰਧੀ ਅਵਾਜ਼ ਬੁਲੰਦ ਕੀਤੀ ਗਈ ਹੈ ਤੇ ਸੇਧਾਂ ਵੀ ਦਿੱਤੀਆਂ ਗਈਆਂ ਹਨ। ਗੁਰੂ ਆਸ਼ੇ ਅਨੁਸਾਰ ਅਕਾਲ ਪੁਰਖ ਪਰਮਾਤਮਾ ਤੋਂ ਬਿਨਾਂ ਸਭ ਨੂੰ ਜਨਮ ਦੇਣ ਵਾਲੀ 'ਜਨਮ ਦਾਤੀ ਇਸਤਰੀ' ਦੀ ਨਿੰਦਿਆ ਕਰਨੀ ਯੋਗ ਨਹੀਂ। ਹਰ ਹੀਲੇ ਇਸਤਰੀ ਨੂੰ ਉਸ ਦਾ ਸਹੀ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਮਾਜ ਦੇ ਹਰ ਖਿੱਤੇ ਵਿੱਚ ਇਸਤਰੀ ਨੂੰ ਮਰਦ ਦੀ ਭਾਈਵਾਲ ਬਣਾਂਦਿਆਂ ਉਸ ਨੂੰ ਬਰਾਬਰੀ ਦੇ ਅਧਿਕਾਰ ਤੇ ਯੋਗ ਸਥਾਨ ਦਿੱਤਾ ਜਾਣਾ ਚਾਹੀਦਾ ਹੈ। ਭਰੂਣ ਹੱਤਿਆ ਤੇ ਦਾਜ ਵਰਗੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਦੇ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ। ਪਰ ਭਾਰਤੀ ਸਮਾਜ ਇਸ ਨੂੰ ਲਾਗੂ ਨਹੀਂ ਕਰ ਰਿਹਾ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਵਿੱਚ ਇਸਤਰੀ ਆਪਣੀ ਅਜ਼ਾਦੀ ਤੇ ਇੱਜ਼ਤ ਲਈ ਜੂਝ ਰਹੀ ਹੈ। ਸਮਾਜ ਤੇ ਬਾਜ਼ਾਰ ਦੋਵਾਂ ਤੋਂ ਮੁਕਤੀ ਲਈ ਉਸ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਉਹ ਹਰੇਕ ਤਰ੍ਹਾਂ ਦੇ ਬੰਧਨਾਂ 'ਚ ਘਿਰੀ ਹੋਈ ਹੈ। ਕਿਤੇ ਵੀ ਉਸ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਮੰਤਰੀ, ਪ੍ਰਸ਼ਾਸਨ, ਪੁਲੀਸ ਅਫ਼ਸਰਸ਼ਾਹੀ ਉਸ ਨੂੰ ਇਨਸਾਫ਼ ਦੇਣ ਦੀ ਥਾਂ ਉਸ ਦਾ ਮਾਖੌਲ ਉਡਾ ਰਹੀ ਹੈ। ਭਾਰਤ ਦੇ ਸਿਆਸਤਦਾਨਾਂ ਤੇ ਧਾਰਮਿਕ ਨੇਤਾਵਾਂ ਦੇ ਇਸਤਰੀ ਦੀ ਇੱਜ਼ਤ ਬਚਾਉਣ ਲਈ ਘੜੇ ਬਿਆਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਲੋਕ ਇਸਤਰੀ ਦੀ ਅਜ਼ਾਦੀ, ਇਸਤਰੀ ਦੀ ਇੱਜ਼ਤ ਲਈ ਸੁਹਿਰਦ ਨਹੀਂ। ਇਹ ਉਲਟਾ ਇਸਤਰੀ ਨੂੰ ਹੀ ਦੋਸ਼ੀ ਮੰਨ ਰਹੇ ਹਨ ਤੇ ਮਰਦ ਪ੍ਰਧਾਨ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸ ਨਹੀਂ ਕੱਢ ਰਹੇ।

ਵਿਸ਼ਵੀਕਰਨ ਦੇ ਯੁੱਗ ਵਿੱਚ ਭਾਰਤੀ ਇਸਤਰੀ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਭਾਰਤ ਵਿੱਚ ਜੰਗਲ ਦਾ ਰਾਜ ਹੈ ਤੇ ਇਥੋਂ ਦੇ ਮਰਦ ਹੈਵਾਨ ਹੋਈ ਬੈਠੇ ਨੇ। ਜੇਕਰ ਤੂੰ ਉਸ ਤੋਂ ਬਚਣਾ ਹੈ ਤਾਂ ਜੂਡੋ ਕਰਾਟੇ ਸਿੱਖ ਤੇ ਮਲਟੀਨੈਸ਼ਨਲ ਕੰਪਨੀ ਵੱਲੋਂ ਤਿਆਰ ਕੀਤੇ ਲਾਲ ਮਿਰਚ ਪਾਊਡਰ ਪੈਕਟ, ਕਰੰਟ ਵਾਲੀਆਂ ਪਿਸਤੌਲਾਂ ਆਪਣੇ ਕੋਲ ਰੱਖ। ਕਿਸ ਤਰ੍ਹਾਂ ਸੁਰੱਖਿਆ ਦੇ ਨਾਮ 'ਤੇ ਇਸਤਰੀ ਜਗਤ ਦੇ ਮਨ ਵਿੱਚ ਦਹਿਸ਼ਤ ਮਚਾਈ ਜਾ ਰਹੀ ਹੈ। ਅਸਲ ਵਿੱਚ ਮਲਟੀਨੈਸ਼ਨਲ ਕੰਪਨੀਆਂ ਇਸ ਮੁੱਦੇ ਨੂੰ ਆਧਾਰ ਬਣਾ ਕੇ ਆਪਣਾ ਪੋਡੈਕਟ, ਕਰੰਟ ਵਾਲੀਆਂ ਪਿਸਤੌਲਾਂ, ਅਨੇਕਾਂ ਕਿਸਮ ਦੇ ਚਾਕੂ ਤੇ ਹੋਰ ਪਦਾਰਥ ਵੇਚ ਰਹੀਆਂ ਹਨ। ਅਸੀਂ ਕਿਵੇਂ ਸੋਚ ਸਕਦੇ ਹਾਂ ਕਿ ਇਸ ਧਾਰਨਾ ਨਾਲ ਇਸਤਰੀ ਦੀ ਅਜ਼ਾਦੀ ਤੇ ਇੱਜ਼ਤ ਬਰਕਰਾਰ ਰਹਿ ਸਕਦੀ ਹੈ। ਜੇਕਰ ਉਹ ਇਹੋ ਜਿਹੇ ਵਹਿਸ਼ੀ ਸਮਾਜ 'ਚ ਵਿਚਰ ਰਹੀ ਹੋਵੇ। ਭਾਰਤ ਦੇ ਸਿਆਸਤਦਾਨਾਂ ਨੂੰ ਸੁਆਲ ਕਰਨਾ ਬਣਦਾ ਹੈ ਕਿ ਕਾਨੂੰਨ ਕਿੱਥੇ ਹਨ ਤੇ ਭਾਰਤ ਵਿੱਚ ਇਸਤਰੀ ਦੀ ਅਜ਼ਾਦੀ ਕਿਉਂ ਗਾਇਬ ਹੈ? ਸਾਡਾ ਭਾਰਤੀ ਸਮਾਜ ਜਿੱਥੇ ਰਿਸ਼ੀਆਂ ਮੁਨੀਆਂ, ਗੁਰੂਆਂ ਨੇ ਜਨਮ ਲਿਆ, ਉਹ ਵਹਿਸ਼ੀਆਂ ਦਾ ਸਮਾਜ ਕਿਵੇਂ ਬਣ ਸਕਦਾ ਹੈ?

ਕਈ ਚਿੰਤਕ ਇਹ ਮਸ਼ਵਰਾ ਦੇ ਰਹੇ ਹਨ ਕਿ ਜੇਕਰ ਇਸਤਰੀ ਨੂੰ ਬਲਾਤਕਾਰਾਂ ਤੋਂ ਬਚਾਉਣਾ ਹੈ ਤਾਂ ਕਾਨੂੰਨ ਸਖ਼ਤ ਕਰਨੇ ਪੈਣਗੇ। ਇਸ ਨਾਲ ਕੀ ਹੋਵੇਗਾ? ਜੇਕਰ ਭਾਰਤ ਦਾ ਢਾਂਚਾ ਭ੍ਰਿਸ਼ਟ ਹੈ, ਕਾਨੂੰਨ ਲਾਗੂ ਨਹੀਂ ਹੋ ਰਹੇ, ਦੋਸ਼ੀਆਂ ਨੂੰ ਸਮੇਂ ਸਿਰ ਸਜ਼ਾ ਨਹੀਂ ਮਿਲ ਰਹੀ। ਅਦਾਲਤਾਂ ਵਿੱਚ ਕੇਸ ਲਟਕ ਰਹੇ ਹਨ ਤੇ ਦੋਸ਼ੀ ਅਜ਼ਾਦ ਘੁੰਮ ਰਹੇ ਹਨ। ਇਸ ਦਾ ਜ਼ਿੰਮੇਵਾਰ ਕੌਣ ਹੈ? ਜੇਕਰ ਦੋਸ਼ੀਆਂ ਨੂੰ ਸਮੇਂ ਸਿਰ ਸਖ਼ਤ ਸਜ਼ਾ ਮਿਲੇ ਤਾਂ ਇਹੋ ਜਿਹੇ ਅਪਰਾਧ ਨਾ ਵਾਪਰਨ। ਅਪਰਾਧਾਂ 'ਚ ਸੁਧਾਰ ਤਾਂ ਉਦੋਂ ਹੀ ਹੋ ਸਕਦਾ ਹੈ, ਜਦੋਂ ਲੋਕਾਂ 'ਚੋਂ ਅਪਰਾਧ ਦਾ ਪੂਰੀ ਤਰ੍ਹਾਂ ਅੰਤ ਹੋਵੇ ਅਤੇ ਇਹ ਕੰਮ ਸਾਮਾਜਿਕ ਤਬਦੀਲੀ ਨਾਲ ਹੀ ਸੰਭਵ ਹੈ। ਕਾਨੂੰਨ ਦੇ ਅਮਲ ਦੇ ਨਾਲ-ਨਾਲ ਸਾਮਾਜਿਕ ਜਾਗ੍ਰਿਤੀ ਦੀ ਵੀ ਲੋੜ ਹੈ। ਅਸੀਂ ਇਸ ਗੱਲ ਦੇ ਪੂਰੇ ਹਾਮੀ ਹਾਂ ਕਿ ਵਿਸ਼ਵੀਕਰਨ ਨੇ ਇਸਤਰੀ ਨੂੰ ਕੋਈ ਅਜ਼ਾਦੀ ਨਹੀਂ ਦੇਣੀ, ਕਿਉਂਕਿ ਵਿਸ਼ਵੀਕਰਨ ਦਾ ਸੱਭਿਆਚਾਰ ਮੁਨਾਫਾਖੋਰੀ ਹੈ। ਮੁਨਾਫਾਖੋਰੀ ਦੇ ਤਹਿਤ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਰਹਿ ਸਕਦੇ। ਜਿੱਥੇ ਮੁਨਾਫਾਖੋਰੀ ਹੋਵੇ, ਉੱਥੇ ਮਨੁੱਖਤਾ, ਮਨੁੱਖੀ ਹੱਕ, ਮਨੁੱਖੀ ਅਜ਼ਾਦੀ ਬਰਕਰਾਰ ਨਹੀਂ ਰਹਿ ਸਕਦੀ। ਲੋੜ ਹੈ ਇਸ ਸੰਬੰਧ ਵਿੱਚ ਸਿਆਸਤਦਾਨ ਅਹਿਮ ਭੂਮਿਕਾ ਨਿਭਾਉਣ ਤੇ ਇਸਤਰੀ ਜਗਤ ਨੂੰ ਵੀ ਆਪਣੇ ਅਧਿਕਾਰਾਂ ਪ੍ਰਤੀ ਜਾਗ੍ਰਿਤ ਹੋਣ ਦੀ ਲੋੜ ਹੈ।

## ਕਲਪਿਤ ਦੁਨੀਆਂ ਦਾ ਸੰਸਾਰ

# ਫੇਸਬੁੱਕ



**ਰਣਜੀਤ ਸਿੰਘ ਲਹਿਰਾ**

ਸਾਡੇ ਦੇਸ ਦੇ ਮੱਧਵਰਗੀ ਹਲਕਿਆਂ 'ਚ ਫੇਸਬੁੱਕ ਇੱਕ ਜਾਣੀ-ਪਛਾਣੀ ਚੀਜ਼ ਹੈ। ਇੰਟਰਨੈੱਟ 'ਤੇ ਵਿਚਰਨ ਵਾਲੇ ਜ਼ਿਆਦਾਤਰ ਮੱਧਵਰਗੀ ਲੋਕ ਫੇਸਬੁੱਕ ਦੇ ਮੈਂਬਰ ਹਨ ਅਤੇ ਉਹ ਇਸ ਦੀ ਕਾਲਪਨਿਕ ਦੁਨੀਆਂ ਵਿੱਚ ਸੈਂਕੜੇ ਲੋਕਾਂ ਨੂੰ 'ਫਰੈਂਡ' ਬਣਾਉਂਦੇ ਏ 'ਲਾਈਕ' ਜਾਂ 'ਨਾਟ ਲਾਈਕ' ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ।

ਫੇਸਬੁੱਕ ਦੀ ਕਾਲਪਨਿਕ ਦੁਨੀਆਂ ਦੀ ਖਿੱਚ ਅਤੇ ਨਸ਼ੇ ਦਾ ਰਾਜ ਕੀ ਹੈ? ਕੀ ਕਾਰਨ ਹੈ ਕਿ ਜਿਨ੍ਹਾਂ ਲੋਕਾਂ ਦੇ ਹਕੀਕੀ ਦੁਨੀਆਂ ਵਿੱਚ ਕੋਈ ਦੋਸਤ ਨਹੀਂ ਹੁੰਦੇ, ਉਹ ਫੇਸਬੁੱਕ 'ਤੇ ਸੈਂਕੜਿਆਂ ਦੀ ਗਿਣਤੀ ਵਿੱਚ ਕਲਪਿਤ 'ਦੋਸਤ' ਬਣਾਉਂਦੇ ਲੇ ਜਾਂਦੇ ਹਨ ਜਾਂ ਇਸ ਦੇ ਉਲਟ, ਜਿਨ੍ਹਾਂ ਦੇ ਫੇਸਬੁੱਕ 'ਤੇ ਸੈਂਕੜੇ 'ਦੋਸਤ' ਹੁੰਦੇ ਹਨ, ਉਹ ਹਕੀਕੀ ਜ਼ਿੰਦਗੀ ਵਿੱਚ ਦੋਸਤਾਂ ਤੋਂ ਵਾਂਝੇ ਕਿਉਂ ਰਹਿ ਜਾਂਦੇ ਹਨ?

ਗੱਲ ਦੋਸਤੀ ਤੋਂ ਹੀ ਸ਼ੁਰੂ ਕਰਦੇ ਹਾਂ। ਸਮਾਜ ਅੰਦਰ ਸਰਮਾਏਦਾਰਾ ਰਿਸ਼ਤਿਆਂ ਦੇ ਵਿਕਸਤ ਹੋ ਜਾਣ ਨਾਲ ਦੋ ਵਿਅਕਤੀਆਂ ਵਿਚਾਲੇ ਦੋਸਤੀ ਇੱਕ ਤਰ੍ਹਾਂ ਨਾਲ ਅਸੰਭਵ ਜਿਹੀ ਹੋ ਜਾਂਦੀ ਹੈ। ਦੋਸਤੀ ਕੁਝ ਖ਼ਾਸ ਚੀਜ਼ਾਂ ਦੀ ਮੰਗ ਕਰਦੀ ਹੈ- ਖੁੱਲ੍ਹਾਪਣ, ਵਿਸ਼ਵਾਸ ਤੇ ਇੱਕ-ਦੂਜੇ ਨੂੰ ਸਮਝਣਾ। ਇਨ੍ਹਾਂ ਦੇ ਨਾਲ ਹੀ ਇੱਕ ਦੂਜੇ ਲਈ ਕੁਰਬਾਨੀ ਦਾ ਮਾਦਾ ਵੀ ਦੋਸਤੀ ਮੰਗਦੀ ਹੈ। ਐਨ ਇਹੋ ਚੀਜ਼ਾਂ ਸਰਮਾਏਦਾਰਾ ਸਮਾਜ ਵਿੱਚੋਂ ਗਾਇਬ ਹੋ ਜਾਂਦੀਆਂ ਹਨ ਤੇ ਸਿੱਟੇ ਵਜੋਂ ਦੋਸਤੀ ਨਾਮੁਮਕਿਨ ਜਿਹੀ ਹੋ ਜਾਂਦੀ ਹੈ। ਸਰਮਾਏਦਾਰੀ ਸਮਾਜ ਵਿੱਚ ਜਿਸ ਤਰ੍ਹਾਂ ਨਾਲ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ, ਉਸ ਵਿੱਚ ਵਿਆਪਕ ਨਿੱਜਤਾ (ਪ੍ਰਾਈਵੇਸੀ) ਜੀਵਨ ਦਾ ਅੰਗ ਬਣ ਜਾਂਦੀ ਹੈ। ਇਹ ਸਰਮਾਏਦਾਰਾ ਵਿਅਕਤੀਵਾਦ ਦੀ ਲੋੜ ਹੁੰਦੀ ਹੈ ਅਤੇ ਉਸ ਵਿੱਚੋਂ ਪੈਦਾ ਹੁੰਦੀ ਹੈ। ਇਸ ਨਿੱਜਤਾ ਦੇ ਕਾਰਨ ਵਿਅਕਤੀ ਇੱਕ ਹੱਦ ਤੋਂ ਵਧੇਰੇ ਦੂਜਿਆਂ ਸਾਹਮਣੇ ਖੁੱਲ੍ਹ ਨਹੀਂ ਪਾਉਂਦਾ ਠੀਕ ਇਸੇ ਕਾਰਨ ਵਿਸ਼ਵਾਸ ਖੰਡਿਤ ਹੋ ਜਾਂਦਾ ਹੈ, ਤਿੜਕ ਜਾਂਦਾ ਹੈ। ਬਿਨਾਂ ਖੁੱਲ੍ਹੇਪਣ ਦੇ ਵਿਸ਼ਵਾਸ ਕਰਨਾ ਜਾਂ ਹੋਣਾ ਸੰਭਵ ਨਹੀਂ ਹੁੰਦਾ, ਕਿਉਂ ਜੋ ਹਰ ਵਿਅਕਤੀ ਦੂਜਿਆਂ ਤੋਂ ਕੁਝ ਨਾ ਕੁਝ ਛੁਪਾਉਂਦਾ । ਇਸ ਲਈ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਦੂਜਾ ਵੀ ਇਹੋ ਕੁਝ ਕਰ ਰਿਹਾ ਹੈ। ਇੰਝ ਵਿਅਕਤੀ ਆਪਣੇ ਹੀ ਖੋਲ ਵਿੱਚ ਸਿਮਟ ਕੇ ਰਹਿ ਜਾਂਦਾ ਹੈ। ਅਜਿਹੇ ਵਿੱਚ ਸਹਿਜੇ ਹੀ ਉਹ ਵਾਤਾਵਰਨ ਸਿਰਜਿਆ ਜਾਂਦਾ ਹੈ, ਜਿਸ ਵਿੱਚ ਦੂਜਿਆਂ 'ਤੇ ਭਰੋਸਾ ਨਹੀਂ ਬਣ ਪਾਉਂਦਾ ਇਹ ਗੱਲ ਘਰ ਕਰ ਜਾਂਦੀ ਹੈ ਕਿ ਹਰ ਕੋਈ ਕੁਝ ਨਾ ਕੁਝ ਲੁਕੋ ਰਿਹਾ ਹੈ। ਸਰਮਾਏਦਾਰਾ ਵਿਅਕਤੀਵਾਦ ਦੇ ਹੋਰ ਉਚੇਰੇ ਪੱਧਰ 'ਤੇ ਪੁੱਜ ਜਾਣ ਨਾਲ ਵਿਅਕਤੀ ਦੇ ਆਪਣੇ ਹਿੱਤ ਸਭ ਤੋਂ ਉੱਪਰ ਹੋ ਜਾਂਦੇ ਹਨ ਅਤੇ ਇਸ ਗੱਲ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ ਕਿ ਲੋਕ ਇੱਕ-ਦੂਜੇ ਨੂੰ ਸਮਝਣ। ਵਫਾਦਾਰੀ, ਭਰੋਸਾ ਤੇ ਨਿਹਚਾ ਰੁਪਏ-ਪੈਸੇ ਤੇ ਵਿਅਕਤੀਗਤ ਹਿੱਤਾਂ ਦੇ ਮਾਤਹਿਤ ਹੋ ਜਾਂਦੇ ਹਨ। ਇਨ੍ਹਾਂ ਕਾਰਨਾਂ ਸਦਕਾ ਇੱਕ-ਦੂਜੇ ਲਈ ਕੁਰਬਾਨੀ ਦੀ ਭਾਵਨਾ ਵੀ ਮੁਸ਼ਕਲ ਹੋ ਜਾਂਦੀ ਹੈ।

ਗੱਲ ਸਿਰਫ਼ ਦੋਸਤਾਂ ਜਾਂ ਦੋਸਤੀ ਤੱਕ ਸੀਮਤ ਨਹੀਂ। ਸਰਮਾਏਦਾਰਾ ਵਿਅਕਤੀਵਾਦ ਹੋਰਨਾਂ ਨੇੜਲੇ ਰਿਸ਼ਤਿਆਂ ਅੰਦਰ ਵੀ ਆਪਣਾਪਣ ਤੇ ਨੇੜਤਾ ਮੁਸ਼ਕਲ ਬਣਾ ਦਿੰਦਾ ਹੈ। ਅੱਗੇ ਚੱਲ ਕੇ ਇਹ ਪਤੀ-ਪਤਨੀ ਅਤੇ ਮਾਪਿਆਂ ਤੇ ਬੱਚਿਆਂ ਵਿਚਾਲੇ ਰਿਸ਼ਤਿਆਂ ਦੇ ਮੋਹ ਤੇ ਨਿੱਘ ਨੂੰ ਪੇਤਲਾ ਕਰ ਦਿੰਦਾ ਹੈ। ਇਹ ਬੇਹੱਦ ਨਜ਼ਦੀਕੀ ਰਿਸ਼ਤੇ ਹੌਲੀ-ਹੌਲੀ ਰਸਮੀ ਬਣ ਕੇ ਰਹਿ ਜਾਂਦੇ ਹਨ। ਇੱਕ ਹੀ ਛੱਤ ਥੱਲੇ ਰਹਿੰਦੇ ਲੋਕ ਇੱਕ-ਦੂਜੇ ਲਈ ਅਜਨਬੀ ਬਣ ਜਾਂਦੇ ਹਨ। ਚੁੱਪ ਦਾ ਸੰਨਾਟਾ ਉਨ੍ਹਾਂ ਦੇ ਦਰਮਿਆਨ ਪੱਸਰ ਜਾਂਦਾ ਹੈ। ਰਿਸ਼ਤਿਆਂ ਦਾ ਇਹ ਖ਼ਾਲੀਪਣ ਬੜਾ ਭਿਆਨਕ ਤੇ ਦਿਲ ਚੀਰਵਾਂ ਹੁੰਦਾ ਹੈ। ਹਰ ਕੋਈ ਇਸ ਨੂੰ ਮਹਿਸੂਸ ਕਰਦਾ ਹੈ, ਪਰ ਕੋਈ ਵੀ ਇਸ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ। ਅਕਸਰ ਇਹ ਨਾ ਸਮਝ ਆਉਣ ਵਾਲੀ ਪਹੇਲੀ ਬਣ ਜਾਂਦਾ ਹੈ। ਜੇ ਕਦੇ ਵਿਅਕਤੀ ਰਿਸ਼ਤਿਆਂ ਦੇ ਇਸ ਸੁੰਨੇਪਣ ਜਾਂ ਖ਼ਾਲੀਪਣ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਇਹਦੇ ਲਈ ਹੋਰਨਾਂ ਨੂੰ ਦੋਸ਼ੀ ਮੰਨ ਕੇ ਆਪ ਓਸੇ ਖੋਲ ਵਿੱਚ ਸਿਮਟ ਜਾਂਦਾ ਹੈ। ਏਨੇ ਭੀੜ-ਭੜੱਕੇ ਤੇ ਭੱਜ-ਦੌੜ ਦੀ ਦੁਨੀਆਂ ਵਿੱਚ ਵਿਅਕਤੀ ਖਲਾਅ ਵਿੱਚ ਤ੍ਰਿਸ਼ੰਕੂ ਵਾਂਗ ਲਟਕ ਜਾਂਦਾ ਹੈ।

ਵਿਅਕਤੀ ਲਈ ਖਾਲੀਪਣ ਤੇ ਸੰਵਾਦਹੀਣਤਾ ਦਾ ਇਹ ਦਾਇਰਾ ਸਿਰਫ਼ ਨੇੜਲੇ ਰਿਸ਼ਤਿਆਂ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਵਿਆਪਕ ਸਾਮਾਜਿਕ ਦਾਇਰਿਆਂ ਤੱਕ ਫੈਲ ਜਾਂਦਾ ਹੈ। ਵਿਅਕਤੀਆਂ ਦੀ ਸਮੁੱਚੀ ਅੰਤਰ-ਕਿਰਿਆ ਰਸਮੀ ਬਣ ਜਾਂਦੀ ਹੈ। ਹਰ ਜਣਾ ਭੈਅਭੀਤ ਰਹਿੰਦਾ ਹੈ ਕਿ ਕੋਈ ਉਸ ਕੋਲੋਂ ਕੁਝ ਮੰਗ ਨਾ ਲਵੇ। ਉਹ ਖ਼ੁਦ ਨੂੰ ਸਿਰਫ਼ ਉਨ੍ਹਾਂ ਹੀ ਸੰਬੰਧਾਂ ਤੱਕ ਸੀਮਤ ਕਰ ਲੈਂਦਾ ਹੈ, ਜਿਨ੍ਹਾਂ ਬਿਨਾਂ ਜੀਵਿਆ ਨਹੀਂ ਜਾ ਸਕਦਾ।

ਮੱਧ ਵਰਗ ਦੀਆਂ ਇਹੋ ਵਿਅਕਤੀਗਤ, ਪਰਿਵਾਰਕ ਤੇ ਸਾਮਾਜਿਕ ਹਾਲਤਾਂ ਹਨ, ਜਿਨ੍ਹਾਂ ਵਿੱਚ ਉਹ ਫੇਸਬੁੱਕ ਵੱਲ ਖਿੱਚਿਆ ਜਾਂਦਾ ਹੈ ਤੇ ਕਈ ਵਾਰ ਨਸ਼ੇ ਵਾਂਗ ਉਸ ਨਾਲ ਚਿਪਕ ਕੇ ਰਹਿ ਜਾਂਦਾ ਹੈ। ਹਕੀਕੀ ਦੁਨੀਆਂ ਵਿੱਚ ਉਸ ਦਾ ਕੋਈ ਦੋਸਤ ਨਹੀਂ ਤੇ ਨਾ ਹੀ ਉਹ ਦੋਸਤੀ ਕਰ ਸਕਦਾ ਹੈ। ਠੀਕ ਇਸੇ ਕਰਕੇ ਉਹ ਫੇਸਬੁੱਕ 'ਤੇ ਵੱਡੀ ਗਿਣਤੀ ਵਿੱਚ 'ਫਰੈਂਡ' ਬਣਾਉਂਦਾ । ਫੇਸਬੁੱਕ ਦੀ ਕਲਪਿਤ ਦੁਨੀਆਂ ਦੇ ਏਨੇ ਸਾਰੇ 'ਫਰੈਂਡ' ਉਸ ਦੀ ਹਕੀਕੀ ਦੋਸਤ ਦੀ ਲੋੜ ਨੂੰ ਕਿਸੇ ਹੱਦ ਤੱਕ ਉਹਦੀਆਂ ਆਪਣੀਆਂ ਸ਼ਰਤਾਂ 'ਤੇ ਪੂਰਾ ਕਰਦੇ ਹਨ। ਅਹਿਮ ਗੱਲ ਇਹ ਹੈ ਕਿ ਇਨ੍ਹਾਂ ਕਲਪਿਤ 'ਦੋਸਤਾਂ' ਦੇ ਮਾਮਲੇ 'ਚ ਖੁੱਲ੍ਹਾਪਣ, ਵਿਸ਼ਵਾਸ, ਨਿਹਚਾ ਆਦਿ ਦੀ ਕੋਈ ਲੋੜ ਨਹੀਂ ਹੁੰਦੀ। ਇਨ੍ਹਾਂ 'ਫਰੈਂਡਜ਼' ਨਾਲ ਦੋਸਤੀ ਇਸ ਮਾਮਲੇ 'ਚ ਇਕਤਰਫਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਜਦੋਂ ਮਰਜ਼ੀ 'ਡੀ ਫਰੈਂਡ' ਕੀਤਾ ਜਾ ਸਕਦਾ ਹੈ। ਹਕੀਕੀ ਦੁਨੀਆਂ ਵਿੱਚ ਦੋਸਤੀ ਤੋੜਨਾ ਕਾਫੀ ਮੁਸ਼ਕਲ ਹੁੰਦਾ ਹੈ, ਪਰ ਫੇਸਬੁੱਕ ਦੀ ਕਲਪਿਤ ਦੁਨੀਆਂ ਵਿੱਚ ਇਸ ਦੇ ਲਈ ਬੱਸ ਮਾਊਸ ਦੀ ਇੱਕ ਕਲਿੱਕ ਹੀ ਕਾਫੀ ਹੈ।

ਦੋਸਤੀ 'ਤੇ ਇਹ ਇੱਕਤਰਫ਼ਾ ਕੰਟਰੋਲ ਹੀ ਅਸਲ 'ਚ ਉਹ ਚੀਜ਼ ਹੈ, ਜਿਹੜੀ ਫੇਸਬੁੱਕ 'ਤੇ ਦੋਸਤੀ ਨੂੰ ਏਨਾ ਆਕਰਸ਼ਿਤ ਬਣਾਉਂਦੀ । ਹਕੀਕ ਜ਼ਿੰਦਗੀ 'ਚ ਦੋਸਤੀ ਅਸੰਭਵ ਹੋ ਜਾਣ ਦਾ ਕਾਰਨ ਸਰਮਾਏਦਾਰ ਵਿਅਕਤੀਵਾਦ ਹੁੰਦਾ ਹੈ, ਜਿਹੜਾ ਮੰਗ ਕਰਦਾ ਹੈ ਕਿ ਸਾਹਮਣੇ ਵਾਲਾ ਵਿਅਕਤੀ ਉਸ ਦੇ ਹਿਸਾਬ ਨਾਲ ਚੱਲੇ। ਆਪਣੀ ਵਾਰੀ ਸਾਹਮਣੇ ਵਾਲਾ ਵੀ ਇਹੋ ਮੰਗ ਕਰਦਾ ਹੈ, ਇਸ ਲਈ ਦੋਸਤੀ ਨਾਮੁਮਕਿਨ ਹੋ ਜਾਂਦੀ ਹੈ, ਪਰ ਫੇਸਬੁੱਕ ਦਾ 'ਫਰੈਂਡ' ਤੇ ਉਹਦੇ ਨਾਲ 'ਫਰੈਂਡਸ਼ਿਪ' ਇੱਕਤਰਫਾ ਕੰਟਰੋਲ ਕੀਤੀ ਜਾ ਸਕਦੀ ਹੈ। ਦੂਜੇ ਦੀ ਭਾਵਨਾਤਮਕ ਜਾਂ ਪਦਾਰਥਕ ਮੰਗ ਨਾਲ ਮਾਊਸ ਦੀ ਕਲਿੱਕ ਨਾਲ ਨਿਪਟਿਆ ਜਾ ਸਕਦਾ ਹੈ। ਰਿਸ਼ਤਿਆਂ 'ਤੇ ਇਹ ਇੱਕਪਾਸੜ ਕੰਟਰੋਲ ਉਦੋਂ ਹੋਰ ਵੀ ਧੂਹ ਪਾਊ ਲੱਗਦਾ ਹੈ। ਜਦੋਂ ਹਕੀਕੀ ਜ਼ਿੰਦਗੀ ਵਿਚਲੇ ਰਿਸ਼ਤਿਆਂ 'ਤੇ ਵਿਅਕਤੀ ਦਾ ਭੋਰਾ ਵੀ ਕੰਟਰੋਲ ਨਹੀਂ ਰਹਿੰਦਾ। ਹਕੀਕੀ ਜ਼ਿੰਦਗੀ ਵਿੱਚ ਸੰਵਾਦਹੀਣਤਾ ਤੇ ਗੱਲਬਾਤ ਦਾ ਮਹਿਜ਼ ਗੱਪਸ਼ੱਪ ਦੇ ਪੱਧਰ ਤੱਕ ਸਿਮਟ ਜਾਣਾ ਫੇਸਬੁੱਕ

ਬਾਕੀ ਸਫ਼ਾ 28 'ਤੇ

# ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਸਬੰਧੀ ਲਾਸ ਏਂਲਜਸ ਦੇ ਕਨਵੈਨਸ਼ਨ ਸੈਂਟਰ 'ਚ ਸਜਿਆ ਸ਼ਾਨਦਾਰ ਕੀਰਤਨ ਦਰਬਾਰ ਅਤੇ ਨਗਰ ਕੀਰਤਨ








**ਲਾਸ ਏਂਜਲਸ/ਕੀਰਤਨ ਸਿੰਘ ਖਾਲਸਾ:** ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਸਬੰਧੀ ਕੀਰਤਨ ਦਰਬਾਰ ਅਤੇ ਨਗਰ ਕੀਰਤਨ ਲਾਸ ਏਂਲਜਸ ਦੇ ਕਨਵੈਨਸ਼ਨ ਸੈਂਟਰ ਵਿੱਚ ਭਾਰਤੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਸ਼ੁਭ ਦਿਹਾੜੇ ਮੌਕੇ ਕੀਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਕੇਵਲ ਕੈਲੀਫੋਰਨੀਆ ਤੋਂ ਹੀ ਨਹੀਂ ਬਲਕਿ ਅਮਰੀਕਾ ਦੇ ਹੋਰਨਾਂ ਭਾਗਾਂ, ਮੈਕਸੀਕੋ ਅਤੇ ਭਾਰਤ ਤੋਂ ਸਿੱਖ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਗੁਰੂ ਰਾਮ ਦਾਸ ਆਸ਼ਰਮ ਪੱਛਮੀਂ ਲਾਸ ਏਂਜਲਸ ਵਿਖੇ ਵੱਡੇ ਤੜ੍ਕੇ 3:30 ਵਜੇ ਭਾਈ ਅਵਤਾਰ ਕੀਰਤਨ ਟਕਸਾਲ ਦੇ 20 ਤੋਂ ਵੱਧ ਗੁਰਸਿੱਖਾਂ ਨੇ ਭਾਈ ਸੁਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਹੀ ਸਵਾਰੀ ਨੂੰ ਉਥੋਂ ਵੱਡੇ ਕਾਫ਼ਲੇ ਦੇ ਰੂਪ ਵਿੱਚ, ਜਿਸਦੀ ਅਗਵਾਈ ਮੋਟਰਸਾਈਕਲ ਸਵਾਰ ਪੁਲੀਸ ਵਾਲੇ ਕਰ ਰਹੇ ਸਨ, ਨੂੰ ਝੂਲਦੇ ਖਾਲਸਾਈ ਨਿਸ਼ਾਨਾਂ ਸਮੇਤ ਲਾਸ ਏਦੇ ਕਨਵੈਨਸ਼ਨ ਸੈਂਟਰ ਲਿਆਂਦਾ ਗਿਆ ਜਿੱਥੇ ਸਵੇਰੇ 7:00 ਵਜੇ ਕੀਰਤਨ ਦਰਬਾਰ ਆਰੰਭ ਹੋਇਆ। ਲਗਭਗ 40 ਦੇ ਕਰੀਬ ਕੀਰਤਨੀਆਂ, ਜਿਨ੍ਹਾਂ 'ਚ ਬੀਬੀਆਂ, ਬੱਚੇ ਤੇ ਰਾਗੀ ਜਥੇ ਸ਼ਾਮਲ ਸਨ, ਨੇ ਸਿੱਖ ਪ੍ਰੇਡ ਮੌਕੇ ਮਨੋਹਰ ਕੀਰਤਨ ਰਾਹੀਂ ਫਿਜ਼ਾ 'ਚ ਗੁਰੂ ਦਾ ਸੰਦੇਸ਼ ਸਭਨਾਂ ਤੱਕ ਪਹੁੰਚਾਇਆ।

ਇਸ ਮੌਕੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨ ਵਾਲਿਆਂ 'ਚ ਭਾਈ ਜਸਵੰਤ ਸਿੰਘ, ਭਾਈ ਰਘਬੀਰ ਸਿੰਘ, ਭਾਈ ਵਰਿੰਦਰ ਸਿੰਘ, ਭਾਈ ਸੁਦੀਪ ਸਿੰਘ ਅਤੇ ਪ੍ਰੋਫੈਸਰ ਰਣਜੀਤ ਸਿੰਘ ਸ਼ਾਮਲ ਸਨ। ਸੰਤ ਅਨੂਪ ਸਿੰਘ ਅਤੇ ਪ੍ਰਤਾਪ ਬਰੱਦਰਜ਼ ਨੇ ਵੀ ਅਪਣੀ ਹਾਜ਼ਰੀ ਲਵਾਈ। ਗੁਰੂ ਰਾਮ ਦਾਸ ਆਸ਼ਰਮ ਦੇ ਕੀਰਤਨੀ ਜਥੇ ਨੇ ਆਨੰਦ ਸਾਹਿਬ ਅਤੇ ਸੌਂਗ ਆਫ਼ ਖਾਲਸਾ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ। ਫੈਡਰਲ, ਕਾਉਂਟੀ ਅਤੇ ਸ਼ਹਿਰ ਦੀਆਂ ਉਘੀਆਂ ਸ਼ਖਸ਼ੀਅਤਾਂ ਨੇ ਇਸ ਪ੍ਰੋਗਰਾਮ ਮੌਕੇ ਸ਼ਾਮਲ ਹੋ ਕੇ ਸਿੱਖ ਭਾਈਚਾਰੇ ਨਾਲ ਇਕਮੁਠਤਾ ਪ੍ਰਗਟਾਈ। ਯੂ ਐਸ ਕਾਂਗਰਸਵੁਮਨ 27ਵਾਂ ਡਿਸਟਰਿਕ ਜੂਡੀ ਚੂ ਨੇ ਲਗਾਤਾਰ 18ਵੀਂ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ। ਦੱਖਣੀ ਕੈਲੀਫੋਰਨੀਆ ਦੀ ਸਿੱਖ ਸੰਗਤ ਵਲੋਂ ਜਿਨ੍ਹਾਂ ਪਤਵੰਤਿਆਂ ਨੂੰ ਇਸ ਮੌਕੇ "ਸਪਿਰਿਟ ਆਫ਼ ਵਿਸਾਖੀ ਅਵਾਰਡਜ਼" ਨਾਲ ਸਨਮਾਨਿਆ ਗਿਆ ਉਨ੍ਹਾਂ ਵਿੱਚ ਜੂਹੀ ਚੂ ਤੋਂ ਇਲਾਵਾ ਲਾਸ ਏਂਜਲਸ ਦੇ ਮੇਅਰ ਐਰਿਕ ਗਾਰਸੇਟੀ, ਭਾਈ ਸਾਹਿਬਾ ਬੀਬੀ ਜੀ ਇੰਦਰਜੀਤ ਕੌਰ ਖਾਲਸਾ, ਸਿਕਦਾਰ ਸਾਹਿਬਾ ਸਰਦਾਰਨੀ ਗੁਰ ਅੰਮ੍ਰਿਤ ਕੌਰ ਖਾਲਸਾ, ਗਿਆਨੀ ਰਣਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਗੁਰਿੰਦਰ ਸਿੰਘ ਖਾਲਸਾ ਸਿੱਖਪੀਏਸੀ ਦੇ ਚੇਅਰਮੈਨ, ਜਸਵੰਤ ਸਿੰਘ ਝਾਵਰ, ਸਾਧ ਸੰਗਤ ਇਨਲੈਂਡ ਸਿੱਖ ਐਜੂਕੇਸ਼ਨ ਇੰਪਾਇਰ, ਸਾਧ ਸੰਗਤ ਸਿੱਖ ਟੈਂਪਲ ਰਿਵਰਸਾਈਡ ਅਤੇ ਨੈਕਸਟ ਜਨਰੇਸ਼ਨ ਮੈਨੇਜਮੈਂਟ ਕਮੇਟੀ ਸ਼ਾਮਲ ਸਨ।

ਗਿਆਨੀ ਰਣਜੀਤ ਸਿੰਘ ਜੀ ਨੇ ਯੋਗੀ ਹਰਭਜਨ ਸਿੰਘ ਜੀ ਤੇ ਉਨ੍ਹਾਂ ਦੀ ਪਤਨੀ ਭਾਈ ਸਾਹਿਬਾ ਬੀਬੀ ਜੀ ਇੰਦਰਜੀਤ ਕੌਰ ਖਾਲਸਾ ਵਲੋਂ ਖਾਲਸਾ ਪੰਥ ਦੀ ਸੇਵਾ ਲਈ ਘਾਲੀਆਂ ਘਾਲਨਾਵਾਂ ਤੇ ਸਿਕਦਾਰ ਸਾਹਿਬਾ ਗੁਰ ਅੰਮ੍ਰਿਤ ਕੌਰ ਖਾਲਸਾ ਵਲੋਂ ਇਸ ਮਿਸ਼ਨ ਨੂੰ ਅੱਗੇ ਤੋਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਲਾਸ ਏਂਜਲਸ ਦੇ ਮੇਅਰ ਐਰਿਕ ਗਾਰਸੇਟੀ ਵਲੋਂ ਭਾਈ ਸਾਹਿਬਾ ਬੀਬੀ ਜੀ ਇੰਦਰਜੀਤ ਕੌਰ ਖਾਲਸਾ ਨੂੰ ਸਿੱਖ ਪੰਥ ਨੂੰ ਸੁਚੱਜੀ ਅਗਵਾਈ ਦੇਣ ਬਦਲੇ ਸਰਾਹਨਾਪੱਤਰ ਵਾਲੀ ਪਲੇਕ ਨਾਲ ਸਨਮਾਨਿਆ ਗਿਆ। ਉਨ੍ਹਾਂ ਨੇ ਸਿੱਖ ਭਾਈਚਾਰੇ ਵਲੋਂ ਬੇਘਰਿਆਂ ਦੀ ਮਦਦ ਅਤੇ ਲੰਗਰ ਦੀ ਸੇਵਾ ਬਦਲੇ ਸਰਾਹਨਾ ਅਤੇ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਉਹ ਇਸ ਸਾਲ ਸਿਆਲਾਂ ਦੇ ਦਿਨੀਂ ਅਪਣੀ ਭਾਰਤ ਫੇਰੀ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰ ਸਕਣਗੇ।

ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਵਾਲੇ ਫਲੋਟ ਨੂੰ ਸ਼ਾਹਾਨਾ ਢੰਗ ਨਾਲ ਸਜਾਉਣ ਦੀ ਸੇਵਾ ਜੋਗਿੰਦਰ ਸਿੰਘ ਸਿੱਧੂ ਨੇ ਨਿਭਾਈ ਸੀ। ਸਿੱਖ ਪਰੇਡ ਦੀ ਸਫ਼ਲਤਾ ਈ ਸਹਿਯੋਗ ਦੇਣ ਵਾਲਿਆਂ 'ਚ ਗੁਰਦੀਪ ਸਿੰਘ ਮਲਿਕ, ਜੋਗਿੰਦਰ ਸਿੰਘ ਸਿੱਧੂ, ਸੁਖੀ ਸਿੰਘ ਤੇ ਸੋਹਨ ਸਿੰਘ ਚੌਧਰੀ ਦਾ ਵੱਡਾ ਯੋਗਦਾਨ ਰਿਹਾ। ਗ੍ਰੰਥੀ ਬੀਬੀ ਮਨਜੀਤ ਕੌਰ ਖਾਲਸਾ ਦਾ ਯੋਗਦਾਨ ਵੀ ਜ਼ਿਕਰਯੋਗ ਹੈ।

ਪ੍ਰੋਗਰਾਮ ਦੀ ਕਾਰਵਾਈ ਨੂੰ ਸੁਚੱਜੇ ਢੰਗ ਨਾਲ ਵਿਉਂਤਬੰਦ ਕਰਕੇ ਪੇਸ਼ ਕਰਨ 'ਚ ਖਾਲਸਾ ਕੇਅਰ ਸੈਂਟਰ ਦੇ ਹਰਵਿੰਦਰ ਸਿੰਘ ਦੀ ਦਾਦ ਦੇਣੀ ਬਣਦੀ ਹੈ। ਪ੍ਰੋਗਰਾਮ ਨੂੰ ਸਜਾਉਣ ਦਾ ਕਾਰਜ ਸੇਵਾ ਕੌਰ ਖਾਲਸਾ ਨੇ ਬਹੁਤ ਹੀ ਸ਼ਰਧਾ ਤੇ ਖੂਬਸੂਰਤ ਢੰਗ ਨਾਲ ਕੀਤਾ। ਹਾਲੀਵੁੱਡ ਸਿੱਖ ਟੈਂਪਲ ਵਰਮੌਂਟ ਦੇ ਸੇਵਾਦਾਰ ਸਾਰਾ ਦਿਨ ਸੰਗਤ ਦੀ ਗੁਰੂ ਕੇ ਲੰਗਰਾਂ ਨਾਲ ਸੇਵਾ ਕਰਨ ਵਾਲਿਆਂ 'ਚ ਮੋਹਰੀ ਸਨ। ਲੰਗਰ ਲਈ ਯੋਗਦਾਨ ਪਾਉਣ ਵਾਲਿਆਂ 'ਚ ਹਰਦੀਪ ਸਿੰਘ ਵਿਰਦੀ, ਅਮਰਜੀਤ ਸਿੰਘ, ਸਰਬਜੀਤ ਸਿੰਘ, ਭਾਈ ਚਤਰ ਸਿੰਘ, ਹਰਨਾਮ ਸਿੰਘ, ਸੰਜਮਪ੍ਰੀਤ ਰਾਇ ਕੌਰ, ਡਾ. ਮਨਜੀਤ ਸਿੰਘ ਖਾਲਸਾ, ਮਨਜੀਤ ਸਿੰਘ, ਬਿੱਕੀ ਸਿੰਘ ਤੇ ਭਾਈ ਘਨ੍ਹੱਈਆ ਸੇਵਾ ਦਲ ਸ਼ਾਮਲ ਸਨ। ਦੇਗ ਦੀ ਸੇਵਾ ਵੀ ਭਾਈ ਘਨ੍ਹੱਈਆ ਸੇਵਾ ਦਲ ਨੇ ਨਿਭਾਈ।

*<u>ਸ.ਫਾ ਇਕ ਦੀ ਬਾਕੀ</u>*

## 'ਨਾਨਕ ਸ਼ਾਹ ਫ਼ਕੀਰ' ਬਾਰੇ ਸ਼੍ਰੋਮਣੀ ਕਮੇਟੀ ਕਾਰਨ ਪੰਥ 'ਚ ਫੈਲਿਆ ਰੋਸ

ਗੁਰੂ ਨਾਨਕ ਤੇ ਉਨ੍ਹਾਂ ਦੇ ਪਰਿਵਾਰ ਦੀ ਨਕਲ ਕੋਈ ਵੀ ਵਿਅਕਤੀ ਨਹੀਂ ਕਰ ਸਕਦਾ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਫ਼ਿਲਮ ਵਿਚ ਗੁਰੂ ਪਰਿਵਾਰ ਦੇ ਜੀਆਂ ਦੇ ਕਿਰਦਾਰ ਫ਼ਿਲਮੀ ਅਭਿਨੇਤਾ ਤੇ ਅਭਿਨੇਤਰੀਆਂ ਵਲੋਂ ਨਿਭਾਏ ਗਏ। ਇਹੋ ਜਿਹੀ ਕੁਤਾਹੀ ਸਿੰਘ ਸਾਹਿਬਾਨਾਂ, ਸ਼੍ਰੋਮਣੀ ਕਮੇਟੀ, ਬਾਦਲ ਅਕਾਲੀ ਦਲ ਨੇ ਡੇਰਾ ਸਿਰਸਾ ਦੇ ਸੰਦਰਭ ਵਿਚ ਵੀ ਉਸ ਨੂੰ ਮੁਆਫੀ ਦੇ ਕੇ ਕੀਤੀ ਸੀ। ਯਾਦ ਰਹੇ ਕਿ ਸਿਰਸਾ ਮੁੱਖੀ ਵਲੋਂ 2007 ਵਿਚ ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਵਿਖੇ ਦਸਮ ਪਾਤਸ਼ਾਹ ਦਾ ਸਵਾਂਗ ਰਚਾਏ ਜਾਣ ਦੀ ਘਟਨਾ ਕਾਰਨ ਸਿੱਖਾਂ ਵਿਚ ਭਾਰੀ ਰੋਸ ਫੈਲਿਆ ਸੀ ਤੇ ਇਸ ਮੁੱਦੇ ਉਪਰ ਮਾਲਵਾ ਖੇਤਰ ਵਿਚ ਸਿੱਖ ਸੰਗਤ ਤੇ ਡੇਰਾ ਪ੍ਰੇਮੀਆਂ ਵਿਚ ਕਰੀਬ ਡੇਢ ਸਾਲ ਵੱਡੇ ਟਕਰਾਅ ਚਲਦੇ ਰਹੇ ਹਨ। ਅਕਾਲ ਤਖ਼ਤ ਸਾਹਿਬ ਨੇ ਦਸਮ ਗੁਰੂ ਦਾ ਸਵਾਂਗ ਰਚਾਏ ਜਾਣ ਦੇ ਦੋਸ਼ ਹੇਠ ਡੇਰਾ ਸਿਰਸਾ ਮੁਖੀ ਨੂੰ ਪੰਥ ਵਿਚੋਂ ਛੇਕ ਕੇ ਡੇਰਾ ਪ੍ਰੇਮੀਆਂ ਨਾਲ ਸਮਾਜਕ ਸਬੰਧ ਨਾ ਰੱਖਣ ਦੀ ਹਦਾਇਤ ਵੀ ਕੀਤੀ ਸੀ ਪਰ ਸਮੁੱਚੀ ਰਾਜਸੀ ਤੇ ਧਾਰਮਿਕ ਲੀਡਰਸ਼ਿਪ ਫ਼ਿਲਮ ਨੂੰ ਪ੍ਰਵਾਨਗੀ ਦੇਣ ਲੱਗਿਆਂ ਏਡੀ ਕੁਤਾਹੀ ਕਿਵੇਂ ਕਰ ਲਈ, ਇਹ ਗੱਲ ਵੱਡਾ ਸੁਆਲ ਬਣ ਕੇ ਉਭਰੀ ਹੋਈ ਹੈ।

ਸੂਝਵਾਨ ਸਿੱਖ ਹਲਕਿਆਂ ਵਿਚ ਚਰਚਾ ਹੈ ਕਿ ਪਿਛਲੀ ਸਦੀ ਦੇ ਅਖੀਰ ਤੱਕ ਸਿੱਖ ਰਾਜਸੀ ਤੇ ਧਾਰਮਿਕ ਲੀਡਰਸ਼ਿਪ ਮੋਟੇ ਠੁੱਲ੍ਹੇ ਪੰਥਕ ਚੋਖਟੇ ਵਿਚ ਰਹਿ ਕੇ ਵਿਚਰਦੀ ਹੈ ਤੇ ਉਹ ਹਮੇਸ਼ਾਂ ਏਨੀ ਕੁ ਸੁਚੇਤ ਤੇ ਸੰਵੇਦਨਸ਼ੀਲ ਰਹਿੰਦੀ ਰਹੀ ਹੈ ਕਿ ਪੰਥਕ ਮੁੱਦਿਆਂ ਉਪਰ ਸਿੱਖ ਸੰਗਤ ਦੀ ਮਾਨਸਿਕਤਾ ਤੋਂ ਉਲਟ ਨਾ ਭੁਗਤਿਆ ਜਾਵੇ। ਇਹੀ ਕਾਰਨ ਹੈ ਕਿ ਵੱਡੀ ਗਿਣਤੀ ਸਿਆਸੀ ਤੇ ਧਾਰਮਿਕ ਆਗੂ ਆਪਣੇ ਰਾਜਸੀ ਤੇ ਆਰਥਿਕ ਹਿੱਤ ਪੂਰੇ ਕਰਨ ਦੀ ਰਣਨੀਤੀ ਘੜਦਿਆਂ ਤੇ ਫ਼ੈਸਲੇ ਲੈਂਦਿਆਂ ਪੰਥਕ ਮਾਨਸਿਕਤਾ ਦੇ ਦਾਇਰੇ ਵਿਚ ਰਹਿਣ ਦਾ ਯਤਨ ਕਰਦੇ ਸਨ ਪਰ ਲੱਗਦਾ ਹੈ ਕਿ ਹੁਣ ਰਾਜਸੀ ਤੇ ਧਾਰਮਿਕ ਖੇਤਰ ਵਿਚ ਉੱਭਰ ਆਈ ਨਵੀਂ ਲੀਡਰਸ਼ਿਪ ਸਿੱਖ ਮਾਨਸਿਕਤਾ ਨੂੰ ਸਮਝਣ ਦੀ ਸਮਰੱਥਾ ਤੋਂ ਊਣੀਂ ਹੋ ਗਈ ਹੈ ਤੇ ਗਲਤ ਫੈਸਲੇ ਲੈ ਰਹੀ ਹੈ। 2015 ਵਿਚ ਵੀ ਸਿੱਖ ਤਖ਼ਤ ਦੇ ਜਥੇਦਾਰਾਂ ਵਲੋਂ ਪਹਿਲਾਂ ਸਿਰਸਾ ਡੇਰਾ ਮੁਖੀ ਨੂੰ ਮੁਆਫ਼ ਕਰਨ ਦਾ ਫ਼ੈਸਲਾ ਲੈਣ 'ਤੇ ਸ਼੍ਰੋਮਣੀ ਕਮੇਟੀ ਵਲੋਂ ਇਸ਼ਤਿਹਾਰ ਛਾਪ ਕੇ ਪ੍ਰਚਾਰ ਕੀਤਾ ਗਿਆ, ਪਰ ਜਦ ਸਿੱਖ ਸੰਗਤ ਬਗਾਵਤ ਕਰ ਗਈ ਤੇ ਫੈਸਲੇ ਦੇ ਵਿਰੋਧ ਵਿਚ ਉੱਠ ਖੜ੍ਹੀ ਹੋਈ ਤਾਂ ਮੁੜ ਫ਼ੈਸਲਾ ਬਦਲਣਾ ਪਿਆ। ਦੋ ਸਾਲ ਵਿਚ ਹੀ ਮੁੜ ਇਤਿਹਾਸ ਦੁਹਰਾ ਦਿੱਤਾ ਗਿਆ ਹੈ। "ਨਾਨਕ ਸ਼ਾਹ ਫ਼ਕੀਰ" ਫ਼ਿਲਮ ਨੂੰ ਪਹਿਲਾਂ ਜਾਂਚ-ਵਾਚ ਕੇ ਮਾਨਤਾ ਦਿੱਤੀ ਗਈ ਤੇ ਫਿਰ ਜਦ ਸੰਗਤ ਨੇ ਫ਼ੈਸਲੇ ਦੀ ਪ੍ਰਵਾਹ ਨਾ ਕਰਦਿਆਂ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਮਾਮਲੇ ਨੂੰ ਲੈ ਕੇ ਜਦ ਪੰਥਕ ਜਥੇਬੰਦੀਆਂ ਵਲੋਂ ਵਿਰੋਧ ਦਾ ਝੰਡਾ ਚੁੱਕ ਲਿਆ ਤਾਂ ਅਕਾਲੀ ਲੀਡਰਸ਼ਿਪ ਦੀ ਜਾਗ ਖੁੱਲ੍ਹੀ, ਫਿਰ ਫ਼ਿਲਮ ਦੀ ਹਮਾਇਤ ਕਰਨ ਵਾਲੀ ਸ਼੍ਰੋਮਣੀ ਕਮੇਟੀ ਨੇ ਉਸੇ ਸਮੇਂ ਫ਼ਿਲਮ ਰੱਦ ਕਰਨ ਦਾ ਫ਼ੈਸਲਾ ਲੈਂਦਿਆਂ ਫ਼ਿਲਮ ਨੂੰ ਰਿਲੀਜ਼ ਹੋਣ ਤੋਂ ਰੋਕਣ ਲਈ ਅਦਾਲਤ ਦਾ ਦਰਵਾਜਾ ਖੜਕਾਇਆ ਤੇ ਪ੍ਰਵਾਨਗੀ ਦੇਣ ਵਾਲੇ ਤਖ਼ਤ ਜਥੇਦਾਰਾਂ ਨੇ ਫ਼ਿਲਮ ਉਪਰ ਰੋਕ ਲਗਾਉਣ ਦਾ ਫ਼ੈਸਲਾ ਸੁਣਾਇਆ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ 20 15 ਵਿਚ ਡੇਰਾ ਮੁਖੀ ਬਾਰੇ ਸਿੱਖ ਧਾਰਮਿਕ ਲੀਡਰਸ਼ਿਪ ਵਲੋਂ ਕੀਤੇ ਫ਼ੈਸਲਿਆਂ ਬਾਰੇ ਜਿਵੇਂ ਸਿਆਸੀ ਲੀਡਰਸ਼ਿਪ ਨੇ ਚੁੱਪ ਧਾਰੀ ਸੀ, ਉਸੇ ਤਰ੍ਹਾਂ ਹੁਣ ਇਹ ਫ਼ਿਲਮ ਬਾਰੇ ਗੱਲ ਉੱਪਰ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਅਸਲ ਜ਼ਿੰਮੇਵਾਰ ਲੋਕਾਂ 'ਤੇ ਕਾਰਵਾਈ ਨਹੀਂ ਕੀਤੀ, ਜੋ ਇਸ ਫ਼ਿਲਮ ਨੂੰ ਹਰੀ ਝੰਡੀ ਦੇਣ ਦੇ ਦੋਸ਼ੀ ਹਨ। ਵਿਧਾਨ ਸਭਾ ਚੋਣਾਂ ਵਿਚ ਵੱਡੀ ਸੱਟ ਖਾਣ ਬਾਅਦ ਸਿਆਸੀ ਪਿੜ ਦੇ ਉਭਰਨ ਲਈ ਯਤਨਸ਼ੀਲ ਅਕਾਲੀ ਲੀਡਰਸ਼ਿਪ ਲਈ ਇਹ ਫ਼ਿਲਮ ਕਾਰਨ ਸਿੱਖ ਜਗਤ ਵਿਚ ਅਕਾਲੀ ਲੀਡਰਸ਼ਿਪ ਵਿਰੁੱਧ ਫੈਲਿਆ ਰੋਸ ਵੱਡੀ ਚੁਣੌਤੀ ਬਣਿਆ ਹੋਇਆ ਹੈ।

### ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਝਟਕਾ

ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਵਾਲੀ ਪਟੀਸ਼ਨ 'ਤੇ ਕੋਈ ਫੈਸਲਾ ਨਾ ਸੁਣਾਉਂਦਿਆਂ ਇਸ 'ਤੇ 8 ਮਈ ਦੀ ਤਰੀਕ ਪਾ ਕੇ ਕਮੇਟੀ ਨੂੰ ਵੱਡਾ ਝਟਕਾ ਦਿੱਤਾ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਨੇ ਆਦੇਸ਼ ਦਿੱਤਾ ਕਿ 'ਨਾਨਕ ਸ਼ਾਹ ਫ਼ਕੀਰ' ਫ਼ਿਲਮ ਦੀ ਸਕਰੀਨਿੰਗ ਸੰਬੰਧੀ ਪਹਿਲਾਂ ਦਿੱਤੇ ਗਏ ਹੁਕਮਾਂ ਨੂੰ ਲਾਗੂ ਰੱਖਿਆ ਜਾਵੇ। ਸੀਨੀਅਰ ਵਕੀਲ ਆਰ ਐੱਸ ਸੂਰੀ ਨੇ ਅਦਾਲਤ ਨੂੰ ਦੱਸਿਆ ਕਿ ਫ਼ਿਲਮ ਨੂੰ ਪੰਜਾਬ ਤੋਂ ਇਲਾਵਾ ਬਾਕੀ ਪੂਰੇ ਦੇਸ਼ ਵਿੱਚ ਰਿਲੀਜ਼ ਕੀਤਾ ਗਿਆ ਹੈ। ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ ਐੱਮ ਖਾਨਵਿਲਕਰ ਤੇ ਡੀ ਵਾਈ ਚੰਦਰਚੂੜ੍ਹ ਨੇ ਕਿਹਾ ਕਿ ਮੂਲ ਵਿਵਾਦ ਇਹ ਹੋਣਾ ਚਾਹੀਦਾ ਹੈ ਕਿ ਕੀ ਫ਼ਿਲਮ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਸਹੀ ਤਰੀਕੇ ਨਾਲ ਦਿਖਾਇਆ ਗਿਆ ਹੈ ਜਾਂ ਨਹੀਂ। ਸ਼੍ਰੋਮਣੀ ਕਮੇਟੀ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਪੀ ਐੱਸ ਪਟਵਾਲੀਆ ਨੇ ਸੁਪਰੀਮ ਕੋਰਟ ਨੂੰ ਸ਼੍ਰੋਮਣੀ ਕਮੇਟੀ ਦੀ 2003 ਦੇ ਨੋਟੀਫ਼ਿਕੇਸ਼ਨ ਬਾਰੇ ਜਾਣੂੰ ਕਰਵਾਇਆ, ਜਿਸ ਤਹਿਤ ਕਿਸੇ ਵੀ ਵਿਅਕਤੀ ਨੂੰ ਸਿੱਖਾਂ ਦੇ 10 ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਪੰਜ ਪਿਆਰਿਆਂ ਦਾ ਕਿਰਦਾਰ ਨਿਭਾਉਣ ਦੀ ਆਗਿਆ ਨਹੀਂ। ਸੁਪਰੀਮ ਕੋਰਟ ਨੇ 10 ਅਪ੍ਰੈਲ ਨੂੰ ਐੱਸ ਜੀ ਪੀ ਸੀ ਦੀ 'ਨਾਨਕ ਸ਼ਾਹ ਫ਼ਕੀਰ' ਫ਼ਿਲਮ 'ਤੇ ਰੋਕ ਲਾਉਣ ਲਈ ਨਿਖੇਧੀ ਕਰਦਿਆਂ 13 ਅਪ੍ਰੈਲ ਨੂੰ ਪੂਰੇ ਦੇਸ਼ ਵਿੱਚ ਫ਼ਿਲਮ ਨੂੰ ਰਿਲੀਜ਼ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਸੀ।

### ਰੂਪ ਸਿੰਘ ਨੇ ਮੁਆਫ਼ੀ ਮੰਗੀ

ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਨੂੰ ਗੁਰੂ ਘਰਾਂ ਵਿਚ ਦਿਖਾਉਣ ਲਈ ਬੀਤੇ ਦਿਨੀਂ ਜਾਰੀ ਕੀਤੇ ਪੱਤਰ ਲਈ ਮੁੱਖ ਸਕੱਤਰ ਡਾ: ਰੂਪ ਸਿੰਘ ਨੇ ਸਿੱਖ ਸੰਗਤਾਂ ਤੋਂ ਮੁਆਫ਼ੀ ਮੰਗੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਤਤਕਾਲੀ ਮੁੱਖ ਸਕੱਤਰ ਹਰਚਰਨ ਸਿੰਘ ਤੇ ਸਬ ਕਮੇਟੀ ਦੀ ਰਿਪੋਰਟ ਕਿ ਸਿੱਕਾ ਜਦ ਚਾਹੇ ਫ਼ਿਲਮ ਰਿਲੀਜ਼ ਕਰ ਸਕਦਾ ਹੈ, ਨੂੰ ਦੇਖ ਕੇ ਸਿੱਕੇ ਦੀ ਲਿਖ਼ਤੀ ਮੰਗ 'ਤੇ ਮੈਂ ਇਹ ਫ਼ਿਲਮ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਘਰਾਂ ਵਿਚ ਤੇ ਵਿੱਦਿਅਕ ਅਦਾਰਿਆਂ ਵਿਚ ਫ਼ਿਲਮ ਦੇਖਣ ਲਈ ਪੱਤਰ ਜਾਰੀ ਕੀਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਬਾਅਦ ਵਿਚ ਇਹ ਪੱਤਰ ਤੁਰੰਤ ਵਾਪਸ ਲੈ ਲਿਆ ਸੀ। ਉਨ੍ਹਾਂ ਮੰਨਿਆਂ ਕਿ ਇਹ ਪੱਤਰ ਜਾਰੀ ਕਰਨਾ ਮੇਰੀ ਵੱਡੀ ਭੁੱਲ ਸੀ ਤੇ ਇਸ ਦਾ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੈ ਤੇ ਉਹ ਸੰਗਤ ਪਾਸੋਂ ਖਿਮਾ ਦੇ ਜਾਚਕ ਹਨ।

### ਸਿੱਖ ਪੰਥ ਦੀ ਜਿੱਤ, ਸਿੱਕਾ ਨੇ ਫ਼ਿਲਮ ਲਈ ਵਾਪਸ

100 ਗੰਢੇ ਅਤੇ 100 ਡੰਡੇ ਖਾਣ ਵਾਲੀ ਕਹਾਵਤ ਨੂੰ ਨਾਨਕਸ਼ਾਹ ਫ਼ਕੀਰ ਫ਼ਿਲਮ ਬਣਾਉਣ ਵਾਲੇ ਹਰਿੰਦਰ ਸਿੱਕਾ ਨੇ ਬਾਖੂਬੀ ਨਿਭਾਇਆ। ਜਦੋਂ ਸਿੱਖ ਸੰਗਤਾਂ ਦੇ ਭਾਰੀ ਰੋਸ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੋਂ ਬਾਅਦ ਦੇਸ਼ ਵਿਦੇਸ਼ ਵਿਚ ਫ਼ਿਲਮ ਕਿਤੇ ਵੀ ਰਿਲੀਜ਼ ਨਾ ਹੋ ਸਕੀ ਤਾਂ ਸਿੱਕੇ ਵਲੋਂ ਇਸ ਫ਼ਿਲਮ ਨੂੰ ਵਾਪਿਸ ਲੈਣ ਅਤੇ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਮਿਲਣ ਤੱਕ ਨਾ ਵਿਖਾਉਣ ਦਾ ਐਲਾਨ ਕਰ ਦਿੱਤਾ। ਸਿੱਕੇ ਵਲੋਂ ਫ਼ਿਲਮ ਵਾਪਸ ਲਏ ਜਾਣ ਤੇ ਸਿੱਖ ਸੰਗਤਾਂ ਵਿਚ ਸੰਤੁਸ਼ਟੀ ਦੀ ਲਹਿਰ ਦੌੜ ਗਈ। ਦੂਜੇ ਪਾਸੇ ਸਿੱਖ ਆਬਾਦੀ ਵਾਲੀਆਂ ਸਾਰੀਆਂ ਹੀ ਸੂਬਾ ਸਰਕਾਰ ਨੇ ਸੁੱਖ ਦਾ ਸਾਹ ਲਿਆ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਸੱਦੇ 'ਤੇ ਦੇਸ਼ ਭਰ ਵਿੱਚ ਸਿੱਖਾਂ ਵੱਲੋਂ ਇਸ ਫਿਲਮ ਦਾ ਵਿਰੋਧ ਕੀਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਇਹ ਫਿਲਮ ਰਿਲੀਜ਼ ਨਹੀਂ ਹੋ ਸਕੀ।

### ਸਿੱਕਾ ਨੂੰ ਨੋਟਿਸ

ਦਿੱਲੀ ਘੱਟ ਗਿਣਤੀ ਕਮਿਸ਼ਨ ਵੱਲੋਂ ਵਿਵਾਦਿਤ ਫ਼ਿਲਮ 'ਨਾਨਕ ਸ਼ਾਹ ਫਕੀਰ' ਦੇ ਪ੍ਰੋਡਿਊਸਰ ਹਰਿੰਦਰ ਸਿੰਘ ਸਿੱਕਾ ਨੂੰ ਨੋਟਿਸ ਭੇਜ ਕੇ 20 ਅਪਰੈਲ ਤਕ ਜਵਾਬ ਦੇਣ ਲਈ ਕਿਹਾ ਗਿਆ ਹੈ। ਜਗਮਿੰਦਰ ਸਿੰਘ ਮੈਂਬਰ ਸਿੱਖ ਸਲਾਹਕਾਰ ਕਮੇਟੀ ਦਿੱਲੀ ਘੱਟ ਗਿਣਤੀ ਕਮਿਸ਼ਨ ਵਲੋਂ ਆਈ ਸ਼ਿਕਾਇਤ ਦੇ ਆਧਾਰ 'ਤੇ ਇਹ ਕਾਰਵਾਈ ਕੀਤੀ ਹੈ।

### 'ਗੁਰੂ ਦੋਖੀ' ਸਿੱਕਾ ਨੂੰ ਪੰਥ ਵਿੱਚੋਂ ਛੇਕਿਆ

ਵਾਲੇ ਸਾਰੇ ਲੋਕਾਂ ਨੂੰ ਤਲਬ ਕਰਨ ਦਾ ਫੈਸਲਾ ਲਿਆ ਗਿਆ ਹੈ । ਭਾਰਤ ਦੀ ਨੇਵੀ ਸੈਨਾ ਦੇ ਸਾਬਕਾ ਅਧਿਕਾਰੀ ਹਰਿੰਦਰ ਸਿੰਘ ਸਿੱਕਾ ਵਲੋਂ ਤਿਆਰ ਕਰਾਈ ਗਈ ਫਿਲਮ "ਨਾਨਕ ਸ਼ਾਹ ਫਕੀਰ" ਵਿੱਚ ਪਾਈਆਂ ਗਈਆਂ ਗੈਰ ਤਰੁੱਟੀਆਂ ਖਿਲਾਫ ਸਿੱਖ ਕੌਮ ਵਿੱਚ ਫੈਲੇ ਰੋਹ ਤੇ ਰੋਸ ਦੇ ਮੱਦੇ ਨਜਰ ਅੱਜ ਇਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਬੁਲਾਈ ਗਈ ਪੰਜ ਜਥੇਦਾਰਾਂ ਦੀ ਇੱਕਤਰਤਾ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ,ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ,ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਜਥਿਆਂ ਦੇ ਇੰਚਾਰਜ ਭਾਈ ਜੋਗਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ।

ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਫੈਸਲਾ ਸੁਣਾਉਂਦਿਆਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ 'ਨਿਰਮਾਤਾ ਹਰਿੰਦਰ ਸਿੰਘ ਵਲੋਂ ਤਿਆਰ ਕਰਾਈ ਗਈ ਵਿਵਾਦਿਤ ਫਿਲਮ ਕਾਰਣ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਨੂੰ ਵੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਫਿਲਮ ਨੂੰ ਰਿਲੀਜ਼ ਕਰਨ ਉਤੇ ਪੂਰਨ ਰੂਪ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਸਬੰਧੀ ਪਹਿਲਾਂ ਜਾਰੀ ਹੋਈਆਂ ਸਾਰੀਆਂ ਹੀ ਪੱਤਰਕਾਵਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਪੰਥ ਦੀਆਂ ਭਾਵਨਾਵਾਂ ਨੂੰ ਅਣਡਿੱਠ ਕਰਦਿਆਂ ਹਰਿੰਦਰ ਸਿੰਘ ਕਾਨੂੰਨੀ ਹੱਥਕੰਡੇ ਵਰਤ ਕੇ 13 ਅਪ੍ਰੈਲ 2018 ਨੂੰ ਫਿਲਮ ਰਿਲੀਜ਼ ਕਰਨ ਲਈ ਬਜਿੱਦ ਹੈ ਜੋ ਸਿੱਖ ਕੌਮ ਦਾ ਘਾਣ ਕਰਵਾਉਣ ਲਈ ਰਚੀ ਗਈ ਇੱਕ ਕੋਝੀ ਸਾਜਿਸ਼ ਦਾ ਹਿੱਸਾ ਹੈ। ਪਹਿਲਾਂ ਵੀ ਸਿੱਖੀ ਭੇਖ ਵਿੱਚ ਨਰਕਧਾਰੀਆਂ ਨੇ ਸੰਨ 1978 ਦੀ ਵਿਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਖ਼ੂਨ ਦੀ ਹੋਲੀ ਖੇਡੀ ਜਿਸ ਦੇ ਗੰਭੀਰ ਨਤੀਜੇ ਨਿਕਲੇ ।ਹਰਿੰਦਰ ਸਿੰਘ ਵੀ ਮੁੜ ਸਿੱਖਾਂ ਦਾ ਖ਼ੂਨ ਡੋਲਣ ਲਈ ਰਚੀ ਗਈ ਸਾਜਿਸ਼ ਦਾ ਇੱਕ ਮੋਹਰਾ ਬਣ ਕੇ ਨਿੰਦਣਯੋਗ ਰੋਲ ਨਿਭਾ ਰਿਹਾ ਹੈ ਜੋ ਵਾਰ-ਵਾਰ ਸਮਝਾਉਣ ਦੇ ਬਾਵਜੂਦ ਵੀ ਫਿਲਮ ਨੂੰ ਰਿਲੀਜ਼ ਕਰਨ ਲਈ ਬਜਿੱਦ ਹੈ । ਇਸ ਲਈ ਪੰਜ ਸਿੰਘ ਸਾਹਿਬਾਨ ਨੇ ਹਰਿੰਦਰ ਸਿੰਘ ਦੇ ਹੱਠੀ ਵਤੀਰੇ ਨੂੰ ਵੇਖਦਿਆਂ ਉਸਨੂੰ ਪੰਥ ਵਿੱਚੋ ਛੇਕਿਆ ਜਾਂਦਾ ਹੈ। ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਉਹ ਹਰਿੰਦਰ ਸਿੰਘ ਨਾਲ ਕਿਸੇ ਕਿਸਮ ਦੀ ਵੀ ਕੋਈ ਸਮਾਜਿਕ, ਧਾਰਮਿਕ ਅਤੇ ਰੋਟੀ-ਬੇਟੀ ਦੀ ਸਾਂਝ ਨਾ ਰੱਖਣ'।

ਇਸ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਸਕਤਰੇਤ ਵਿਖੇ ਪੱਤਰਕਾਰਾਂ ਨਾਲ ਗਲ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਪ੍ਰਧਾਨ ਸ਼੍ਰੋਮਣੀ ਗੁ:ਪ੍ਰ:ਕਮੇਟੀ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਐਮ.ਪੀਜ਼ ਨੂੰ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਤੁਰੰਤ ਮਿਲ ਕਿ ਸਿੱਖ ਭਾਵਨਾਵਾਂ ਤੋਂ ਜਾਣੂ ਕਰਵਾਉਣ ਤੇ ਫਿਲਮ 'ਤੇ ਪਾਬੰਦੀ ਲਗਾਉਣ ਦੀ ਮੰਗ ਉਠਾਉਣ ਲਈ ਕਿਹਾ ਹੈ, ਜੇਕਰ ਫਿਰ ਵੀ ਸਰਕਾਰ ਵਲੋਂ ਫਿਲਮ 'ਤੇ ਪਾਬੰਧੀ ਨਹੀ ਲਗਾਈ ਜਾਂਦੀ ਤਾਂ ਨਿਕਲਣ ਵਾਲੇ ਗੰਭੀਰ ਸਿੱਟਿਆਂ ਲਈ ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਜਿੰਮੇਵਾਰ ਹੋਣਗੀਆਂ।

ਜੇਕਰ ਕੋਈ ਵੀ ਸਿਨੇਮਾਕਾਰ ਇਹ ਫਿਲਮ ਆਪਣੇ ਸਿਨੇਮੇ ਘਰ ਵਿੱਚ ਰਿਲੀਜ਼ ਕਰਦਾ ਹੈ ਤਾਂ ਉਹ ਸਿਨੇਮਾ ਦੇ ਹੋਣ ਵਾਲੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ। ਪੰਜ ਸਿੰਘ ਸਾਹਿਬਾਨ ਵਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਸ਼ਾਂਤਮਈ ਢੰਗ ਨਾਲ ਫਿਲਮ ਦਾ ਵਿਰੋਧ ਕਰਨ ਤੇ ਫਿਲਮ ਦਾ ਮੁਕੰਮਲ ਰੂਪ ਵਿੱਚ ਬਾਈਕਾਟ ਕਰਨ। ਇੱਕ ਸਵਾਲ ਦੇ ਜਵਾਬ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਫਿਲਮ ਨੂੰ ਪ੍ਰਵਾਨਗੀ ਦੇਣ ਵਾਲੇ ਸਾਰੇ ਹੀ ਲੋਕਾਂ ਨੂੰ ਬੁਲਾਇਆ ਗਿਆ ਹੈ ਪੱਤਰਕਾਰਾਂ ਵਲੋਂ ਬਾਰ ਬਾਰ ਪੁਛੇ ਜਾਣ ਤੇ ਕਿ ਬੁਲਾਇਆ ਗਿਆ ਹੈ ਜਾਂ ਤਲਬ ਕੀਤਾ ਗਿਆ ਹੈ ਤਾਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਥੇ ਬੁਲਾਏ ਜਾਣ ਦਾ ਮਤਲਬ ਤਲਬ ਕਰਨਾ ਹੀ ਹੁੰਦਾ ਹੈ। ਇਸ ਤੋਂ ਪਹਿਲਾਂ ਸਵੇਰ ਵੇਲੇ ਨਿਹੰਗ ਸਿੰਘ ਜਥੇਬੰਦੀ ਬੁਢਾ ਦਲ 96 ਕਰੋੜੀ ਦੇ ਮੁਖੀ ਬਾਬਾ ਬਲਬੀਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਚਰਨਜੀਤ ਸਿੰਘ ਜਸੋਵਾਲ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਜਸਬੀਰ ਸਿੰਘ ਖਾਲਸਾ ਵੀ ਸਿੰਘ ਸਾਹਿਬਾਨ ਨੂੰ ਮਿਲੇ । ਸ਼੍ਰੋਮਣੀ ਕਮੇਟੀ ਸਕੱਤਰ ਮਨਜੀਤ ਸਿੰਘ ਬਾਠ ਅਤੇ ਧਰਮ ਪ੍ਰਚਾਰ ਦੇ ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾ ਸਿੰਘਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਵੀ ਸਕਤਰੇਤ ਵਿਖੇ ਹਾਜਰ ਰਹੇ ।

# ਕਿਸਾਨਾਂ ਨੂੰ ਨਹੀਂ ਮਿਲਦਾ ਫ਼ਸਲਾਂ ਦਾ ਸਮਰਥਨ ਮੁੱਲ

**ਯੋਗੇਂਦਰ ਯਾਦਵ**
E-mail: yyopinion@gmail.com

ਭਾਰਤ ਦੀ ਕੇਂਦਰੀ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਲੁਭਾਉਣੇ ਭਾਅ ਦੇਣੇ ਯਕੀਨੀ ਬਣਾਉਣ ਵਾਲੀ ਸਕੀਮ ਦਾ ਛੇਤੀ ਐਲਾਨ ਕਰਨ ਜਾ ਰਹੀ ਹੈ। ਅਜਿਹਾ ਬੱਜਟ ਦੀ ਪੇਸ਼ਕਾਰ ਦੌਰਾਨ ਕੀਤੇ ਵਾਅਦੇ ਅਤੇ ਪ੍ਰਧਾਨ ਮੰਤਰੀ ਵੱਲੋਂ ਇਸ ਨੂੰ ਕਿਸਾਨਾਂ ਦੀ ਖ਼ੁਸ਼ਹਾਲੀ ਲਈ ਇਤਿਹਾਸਕ ਕਦਮ ਕਰਾਰ ਦਿੱਤੇ ਜਾਣ ਦੇ ਦੋ ਮਹੀਨਿਆਂ ਬਾਅਦ ਹੋਣ ਜਾ ਰਿਹਾ ਹੈ। ਨੀਤੀ ਆਯੋਗ ਦੇ ਅਧਿਕਾਰੀ, ਜਿਨ੍ਹਾਂ ਨੂੰ ਇਹ ਸਕੀਮ ਤਿਆਰ ਕਰਨ ਦਾ ਕਾਰਜ ਦਿੱਤਾ ਗਿਆ ਸੀ, ਹੁਣ 'ਇਮਾਨਦਾਰੀ' ਨਾਲ ਮੰਨ ਰਹੇ ਹਨ ਕਿ ਕਿਸਾਨਾਂ ਨੂੰ ਫ਼ਸਲਾਂ ਦੀ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ ਬਹੁਤੀ ਵਾਰ ਮਿਲਦਾ ਹੀ ਨਹੀਂ ਰਿਹਾ। ਇਸ ਸਰਕਾਰ ਦਾ ਜੋ ਰਿਕਾਰਡ ਹੈ, ਉਸ ਦੇ ਮੱਦੇਨਜ਼ਰ ਸਾਨੂੰ ਇਹ ਆਸ ਰੱਖਣੀ ਚਾਹੀਦੀ ਹੈ ਕਿ ਸਰਕਾਰੀ ਐਲਾਨ ਨੂੰ ਖ਼ੂਬ ਪ੍ਰਚਾਰਿਆ ਜਾਵੇਗਾ।

ਮੌਜੂਦਾ ਪ੍ਰਸੰਗ ਵਿੱਚ ਇਹ ਸਮਝਣਾ ਮਹੱਤਵਪੂਰਨ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਵਾਜਬ ਤੇ ਆਕਰਸ਼ਕ ਭਾਅ ਦੇਣ ਤੋਂ ਬਚਿਆ ਕਿਵੇਂ ਜਾਂਦਾ ਹੈ। ਅਜਿਹਾ ਸਮਝਣ ਲਈ ਮੈਂ ਪਿਛਲੇ ਇੱਕ ਮਹੀਨੇ ਤੋਂ ਅੱਠ ਰਾਜਾਂ ਦੀਆਂ ਵੱਖ-ਵੱਖ ਮੰਡੀਆਂ ਦਾ ਦੌਰਾ ਕੀਤਾ ਹੈ, ਮੈਂ ਇੱਥੇ ਉਨ੍ਹਾਂ 10 ਅਹਿਮ ਤਰੀਕਿਆਂ ਦਾ ਵਰਨਣ ਕਰਾਂਗਾ ਜਿਨ੍ਹਾਂ ਨੂੰ ਵਰਤਦਿਆਂ ਭਾਰਤੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਵਾਜਬ ਤੇ ਆਕਰਸ਼ਕ ਭਾਅ ਜਾਂ ਸਰਕਾਰ ਵੱਲੋਂ ਐਲਾਨੇ ਘੱਟੋ-ਘੱਟ ਸਮਰਥਨ ਮੁੱਲ ਦੇਣ ਤੋਂ ਬਚਿਆ ਜਾਂਦਾ ਹੈ। ਇਨ੍ਹਾਂ ਤੌਰ-ਤਰੀਕਿਆਂ ਨੂੰ ਮੈਂ ਅੱਖੀਂ ਵੇਖਿਆ ਹੈ, ਪਹਿਲੀ ਤੇ ਸਭ ਤੋਂ ਵੱਧ ਵਰਤੀ ਜਾਂਦੀ ਚਲਾਕੀ 'ਸਰਕਾਰੀ ਭੁੱਲਣਹਾਰਤਾ' ਹੈ। ਇਸ ਨੂੰ ਅਸੀਂ ਇੰਜ ਵੀ ਕਹਿ ਸਕਦੇ ਹਾਂ, "ਐਲਾਨ ਕਰੋ ਤੇ ਭੁੱਲ ਜਾਓ।" ਕੇਂਦਰ ਸਰਕਾਰ ਹਰੇਕ ਸਾਲ ਪੂਰੀ ਸ਼ਾਨੋ-ਸ਼ੌਕਤ ਨਾਲ 23 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲਾਂ ਦਾ ਐਲਾਨ ਕਰਦੀ ਹੈ। ਕਣਕ ਤੇ ਝੋਨੇ ਨੂੰ ਛੱਡ, ਬਾਕੀ ਫ਼ਸਲਾਂ ਦੇ ਐਲਾਨੇ ਘੱਟੋ-ਘੱਟ ਸਮਰਥਨ ਮੁੱਲ ਇਸ ਨੂੰ ਯਾਦ ਨਹੀਂ ਰਹਿੰਦੇ। ਕਣਕ ਤੇ ਝੋਨੇ ਦੀ ਐੱਮਐੱਸਪੀ'ਜ਼ ਇਸ ਲਈ ਯਾਦ ਰਹਿ ਜਾਂਦੀ ਹੈ ਕਿਉਂਕਿ ਇਨ੍ਹਾਂ ਦੋਵਾਂ ਅਨਾਜਾਂ ਦੀ ਜਨਤਕ ਵੰਡ ਪ੍ਰਣਾਲੀ ਲਈ ਲੋੜ ਹੁੰਦੀ ਹੈ। ਇਸ ਸਾਲ ਦੇ ਜੌਂਆਂ ਦੇ ਸਮਰਥਨ ਮੁੱਲ ਦਾ ਮਾਮਲਾ ਲੈ ਲਓ। ਸਰਕਾਰ ਨੇ ਇਹ ਭਾਅ 1410 ਰੁਪਏ ਪ੍ਰਤੀ ਕੁਇੰਟਲ ਐਲਾਨਿਆ। ਫ਼ਸਲ ਆ ਚੁੱਕੀ ਹੈ ਤੇ ਇਹ ਹਰੇਕ ਮੰਡੀ ਵਿੱਚ 1000 ਤੋਂ 1200 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ, ਜੌਂਅ ਪੈਦਾ ਕਰਨ ਵਾਲੇ ਰਾਜਾਂ ਜਿਵੇਂ ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ ਤੇ ਉੱਤਰ ਪ੍ਰਦੇਸ਼ ਨੇ ਜੌਂਅ ਖ਼ਰੀਦਣ ਜਾਂ ਕਿਸਾਨਾਂ ਨੂੰ ਪੈ ਰਹੇ ਘਾਟੇ ਦੀ ਪੂਰਤੀ ਲਈ ਕੋਈ ਵੀ ਸਕੀਮ ਨਹੀਂ ਐਲਾਨੀ। ਸਰਕਾਰੀ ਖ਼ਰੀਦ ਦਾ ਫ਼ੈਸਲਾ ਕਦੋਂ ਐਲਾਨਿਆ ਜਾਂਦਾ ਹੈ, ਇਹ ਕਿਸਾਨਾਂ ਨੂੰ ਸਮਰਥਨ ਮੁੱਲ ਤੋਂ ਵਾਂਝਾ ਰੱਖਣ ਦਾ ਇੱਕ ਹੋਰ ਤਰੀਕਾ ਹੈ। ਅਜਿਹੀਆਂ ਚਲਾਕੀਆਂ ਵਿੱਚੋਂ 'ਸਮਾਂ ਚਲਾਕੀ' ਦੀ ਆਮ ਵਰਤੋਂ ਕੀਤੀ ਜਾਂਦੀ ਹੈ, ਸਰਕਾਰੀ ਖ਼ਰੀਦ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਬਹੁਤੇ ਲੋੜਵੰਦ ਕਿਸਾਨ ਆਪਣੀ ਫ਼ਸਲ ਵਪਾਰੀਆਂ ਕੋਲ ਵੇਚ ਚੁੱਕੇ ਹੁੰਦੇ ਹਨ। ਸਰਕਾਰੀ ਖ਼ਰੀਦ ਵੀ ਛੇਤੀ ਬੰਦ ਹੋ ਜਾਂਦੀ ਹੈ ਤੇ ਉਹ ਵੀ ਬਗੈਰ ਕਿਸੇ ਅਗਾਊਂ ਸੂਚਨਾ ਦੇਣ ਦੇ। ਹਰਿਆਣਾ ਵਿੱਚ ਸਰ੍ਹੋਂ ਦੀ ਸਰਕਾਰੀ ਖ਼ਰੀਦ ਬਹੁਤ ਥੋੜ੍ਹਾ ਸਮਾਂ ਹੁੰਦੀ ਹੈ ਤੇ ਉਹ ਵੀ ਖਾਸ ਦਿਨਾਂ ਨੂੰ, ਖਾਸ ਪਿੰਡਾਂ ਵਾਸਤੇ। ਇੰਜ ਕਿਸਾਨ ਆਪਣੀ ਫ਼ਸਲ ਵਪਾਰੀਆਂ ਕੋਲ ਵੇਚਣ ਲਈ ਮਜਬੂਰ ਹੋ ਜਾਂਦਾ ਹੈ ਤੇ ਉਹ ਵਪਾਰੀ ਕਿਸਾਨਾਂ ਕੋਲੋਂ ਖ਼ਰੀਦੀ ਫ਼ਸਲ, ਕਿਸਾਨਾਂ ਦੇ ਨਾਂ ਉੱਪਰ ਅੱਗੇ ਸਰਕਾਰੀ ਖ਼ਰੀਦ ਹੇਠ ਵੇਚ ਦਿੰਦੇ ਹਨ।

ਤੀਜੀ ਚਲਾਕੀ 'ਸਥਾਨ' ਨਾਲ ਜੁੜੀ ਹੋਈ ਹੈ। ਸਰਕਾਰੀ ਖ਼ਰੀਦ ਦੇ ਕੇਂਦਰ ਅਜਿਹੇ ਸਥਾਨਾਂ 'ਤੇ ਬਣਾਏ ਜਾਂਦੇ ਹਨ, ਜਿੱਥੇ ਕਿਸਾਨਾਂ ਲਈ ਫ਼ਸਲ ਵੇਚਣ ਵਾਸਤੇ ਲਿਜਾਣੀ ਔਖੀ ਹੋਵੇ। ਹਰਿਆਣਾ ਵਿੱਚ ਸਰਕਾਰੀ ਖ਼ਰੀਦ ਲਈ ਮੁੱਖ ਅਨਾਜ ਮੰਡੀ ਹੈ, ਪ੍ਰੰਤੂ ਸਰ੍ਹੋਂ ਦੀ ਖ਼ਰੀਦ ਦਾ ਕੇਂਦਰ ਚਾਰ ਕਿਲੋਮੀਟਰ ਹਟਵਾਂ ਉਜਾੜ ਜਿਹੀ ਜਗ੍ਹਾ ਉੱਪਰ ਬਣਾਇਆ ਗਿਆ ਹੈ, ਖ਼ਰੀਦ ਕੇਂਦਰਾਂ ਦੀ ਗਿਣਤੀ ਵੱਡਾ ਮਸਲਾ ਹੈ। ਇਨ੍ਹਾਂ ਬਾਰੇ ਕੋਈ ਨਿਯਮ ਨਹੀਂ ਹਨ। ਹਰਿਆਣਾ ਸਰਕਾਰ ਨੇ ਸਰ੍ਹੋਂ ਦੀ ਖ਼ਰੀਦ ਲਈ 29 ਖ਼ਰੀਦ ਕੇਂਦਰ ਖੋਲ੍ਹੇ ਹਨ, ਪ੍ਰੰਤੂ ਜਦੋਂ ਤਕ ਕਿਸਾਨ ਧਰਨੇ ਉੱਪਰ ਨਹੀਂ ਬੈਠੇ, ਸਰ੍ਹੋਂ ਦੀ ਪੈਦਾਵਾਰ ਦੇ ਪ੍ਰਮੁੱਖ ਜ਼ਿਲ੍ਹੇ ਮੈਵਾਤ ਵਿੱਚ ਕੋਈ ਵੀ ਅਜਿਹਾ ਕੇਂਦਰ ਨਹੀਂ ਬਣਾਇਆ ਗਿਆ ਸੀ। ਤੇਲੰਗਾਨਾ ਵਿੱਚ ਕਪਾਹ ਦੀ ਖ਼ਰੀਦ ਦੇ ਕੇਂਦਰ ਪ੍ਰਾਈਵੇਟ ਮਿੱਲਾਂ ਵਿੱਚ ਬਣਾਏ ਹੋਏ ਹਨ।

ਚੌਥੀ ਚਲਾਕੀ ਫ਼ਸਲ ਦੀ ਮਾਤਰਾ ਉੱਪਰ 'ਰੋਕਾਂ' ਦੀ ਕੀਤੀ ਜਾਂਦੀ ਹੈ। ਭਾਵ ਕਿਸਾਨ ਕਿੰਨੀ ਫ਼ਸਲ ਸਰਕਾਰੀ ਖ਼ਰੀਦ ਏਜੰਸੀਆਂ ਕੋਲ ਵੇਚ ਸਕਦੇ ਹਨ। ਉਂਜ ਸਰਕਾਰ ਕਿਸਾਨਾਂ ਨੂੰ ਇਹ ਕਹਿੰਦਿਆਂ ਨਹੀਂ ਥੱਕਦੀ ਕਿ ਉਹ ਵੱਧ ਅਨਾਜ ਪੈਦਾ ਕਰਨ ਅਤੇ ਜਦੋਂ ਫ਼ਸਲ ਦੀ ਬੰਪਰ ਪੈਦਾਵਾਰ ਹੋ ਜਾਏ ਤਾਂ ਇਸ ਦਾ ਸਿਹਰਾ ਵੀ ਆਪਣੇ ਸਿਰ ਬੰਨ੍ਹਦੀ ਹੈ, ਪ੍ਰੰਤੂ ਉਹੀ ਸਰਕਾਰ ਕਿਸਾਨਾਂ ਨੂੰ ਫ਼ਸਲ ਦੀ ਵੱਧ ਪੈਦਾਵਾਰ ਕਰਨ ਦੀ ਸਜ਼ਾ ਦਿੰਦੀ ਹੈ। ਕਿਸਾਨ ਲਈ ਪ੍ਰਤੀ ਏਕੜ ਸੀਮਾ ਮਿੱਥਣ ਦੇ ਨਾਲ-ਨਾਲ, ਸਰਕਾਰ ਸੂਬੇ ਲਈ ਕੋਟਾ ਨਿਸ਼ਚਿਤ ਕਰ ਦਿੰਦੀ ਹੈ, ਇਸ ਚਲਾਕੀ ਦੇ ਸਭ ਤੋਂ ਵੱਧ ਸ਼ਿਕਾਰ ਮੱਧ ਪ੍ਰਦੇਸ਼ ਦੇ ਹੋਸ਼ੰਗਾਬਾਦ ਤੇ ਨਰਸਿੰਹਪੁਰ ਵਰਗੇ ਜ਼ਿਲ੍ਹੇ ਹਨ ਜਿੱਥੇ ਔਸਤਨ ਪੈਦਾਵਾਰ, ਸੂਬੇ ਤੇ ਕੌਮੀ ਪੱਧਰ ਦੀ ਔਸਤ ਨਾਲੋਂ ਵੱਧ ਹੁੰਦੀ ਹੈ।



ਪੰਜਵੀਂ ਚਲਾਕੀ ਗੁਣਾਤਮਕ (ਕੁਆਲਿਟੀ) ਰੋਕਾਂ ਹਨ। ਉਂਜ ਕੁਆਲਿਟੀ ਉੱਪਰ ਜ਼ੋਰ ਦੇਣਾ ਗ਼ਲਤ ਨਹੀਂ ਹੈ, ਪ੍ਰੰਤੂ ਨਮੀ ਜਾਂ ਅਨਾਜ ਦੀ ਕੁਆਲਿਟੀ ਨੂੰ ਲੈ ਕੇ ਖ਼ਰੀਦ ਵੇਲੇ ਕਿਸਾਨਾਂ ਨੂੰ ਪੂਰਾ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਹ ਪੈਮਾਨੇ ਉਦੋਂ ਵੀ ਨਰਮ ਨਹੀਂ ਕੀਤੇ ਜਾਂਦੇ, ਜਦੋਂ ਅਜਿਹਾ ਕਰਨ ਦੀ ਸਖ਼ਤ ਲੋੜ ਹੁੰਦੀ ਹੈ, ਇਸ ਸਾਲ ਆਂਧਰਾ ਪ੍ਰਦੇਸ਼ ਵਿੱਚ ਕਪਾਹ ਦੇ ਮਾਮਲੇ 'ਚ ਦੇਖਣ ਨੂੰ ਮਿਲਿਆ ਸੀ।

ਛੇਵੀਂ ਚਲਾਕੀ ਕਾਗਜ਼ੀ ਕਾਰਵਾਈਆਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਸਰਕਾਰੀ ਖ਼ਰੀਦ ਲਈ ਯੋਗ ਹੋਣ ਵਾਸਤੇ ਕਿਸਾਨਾਂ ਨੂੰ ਬਹੁਤ ਸਾਰੇ ਦਸਤਾਵੇਜ਼ ਮੁਕੰਮਲ ਕਰਨ ਲਈ ਕਿਹਾ ਜਾਂਦਾ ਹੈ। ਮੱਧ ਪ੍ਰਦੇਸ਼ ਵਿੱਚ ਕਿਸਾਨਾਂ ਨੂੰ ਆਨਲਾਈਨ ਰਜਿਸਟਰੇਸ਼ਨ ਕਰਾਉਣੀ ਪੈਂਦੀ ਹੈ, ਪ੍ਰੰਤੂ ਥੋੜ੍ਹੇ ਸਮੇਂ ਲਈ ਖੁੱਲ੍ਹਦੀ ਖਿੜਕੀ ਉਸ ਸਮੇਂ ਮੁਸੀਬਤ ਬਣ ਜਾਂਦੀ ਹੈ, ਜਦੋਂ ਮੰਡੀਆਂ ਦੇ ਦਫ਼ਤਰਾਂ ਵਿੱਚ ਕੰਪਿਊਟਰਾਂ ਦੇ ਸਰਵਰ ਡਾਊਨ ਹੋਏ ਹੋਣ ਦੇ ਜੁਆਬ ਮਿਲਦੇ ਹਨ। ਕਿਸਾਨਾਂ ਲਈ ਆਧਾਰ ਕਾਰਡ ਨੰਬਰ, ਬੈਂਕ ਖਾਤਾ ਨੰਬਰ, ਪਾਸ ਬੁੱਕ ਤੇ ਜ਼ਮੀਨ ਦੇ ਰਿਕਾਰਡ ਸਮੇਤ ਗਿਰਦਾਵਰੀ ਦੇ ਦਸਤਾਵੇਜ਼ ਪੇਸ਼ ਕਰਨੇ ਪੈਂਦੇ ਹਨ, ਉਹ ਵੀ ਪੂਰੀ ਤਰ੍ਹਾਂ ਤਸਦੀਕ ਤੇ ਅਟੈਸਟਡ। ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਲਈ ਅਜਿਹੇ ਦਸਤਾਵੇਜ਼ ਮੁਕੰਮਲ ਕਰਨੇ ਮੁਸੀਬਤ ਬਣ ਜਾਂਦੇ ਹਨ।

ਖੁੱਲ੍ਹੀ ਮੰਡੀ ਵੀ ਪਾਰਦਰਸ਼ੀ ਨਹੀਂ ਹੁੰਦੀ। ਫ਼ਸਲ ਦੀ ਬੋਲੀ ਵੀ ਸ਼ੋਸ਼ਣ ਬਣ ਜਾਂਦੀ ਹੈ, ਜਿਸ ਨੂੰ ਸੱਤਵੀਂ ਚਲਾਕੀ ਕਿਹਾ ਜਾ ਸਕਦਾ ਹੈ। ਇੱਕ ਵਾਰ ਕਿਸਾਨ ਜਦੋਂ ਮੰਡੀ ਵਿੱਚ ਫ਼ਸਲ ਲੈ ਕੇ ਆ ਗਿਆ, ਉਹ ਆੜ੍ਹਤੀਏ ਦੇ ਰਹਿਮ ਉੱਪਰ ਤੈਅ ਹੁੰਦਾ ਹੈ। ਉਹ ਆਪਣੀ ਮਰਜ਼ੀ ਦੇ ਭਾਅ ਉੱਪਰ ਫ਼ਸਲ ਖ਼ਰੀਦਦਾ ਹੈ। ਬਹੁਤੀਆਂ ਛੋਟੀਆਂ ਮੰਡੀਆਂ ਵਿੱਚ ਫ਼ਸਲ ਦੀ ਬੋਲੀ ਸੰਕੇਤਾਂ ਵਾਲੀ ਭਾਸ਼ਾ ਰਾਹੀਂ ਹੁੰਦੀ ਹੈ, ਜਿਸ ਦੀ ਕਿਸਾਨ ਨੂੰ ਸਮਝ ਨਹੀਂ ਲੱਗਦੀ। ਆੜ੍ਹਤੀ ਆਪਸ ਵਿੱਚ ਮਿਲੇ ਹੁੰਦੇ ਹਨ। ਇੰਜ ਕਿਸਾਨ ਦੀ ਫ਼ਸਲ ਦੀ ਲੁੱਟ ਕੀਤੀ ਜਾਂਦੀ ਹੈ।

ਹਰੇਕ ਮੰਡੀ ਵਿੱਚ ਕਿਸਾਨ ਨਾਲ ਕਈ ਨਿੱਕੀਆਂ ਚਲਾਕੀਆਂ ਵਰਤੀਆਂ ਜਾਂਦੀਆਂ ਹਨ। ਹਰੇਕ ਮੰਡੀ 'ਚ ਕਟੌਤੀਆਂ ਲੱਗਦੀਆਂ ਹਨ, ਜਿਸ ਤੋਂ ਕਿਸਾਨ ਬਚ ਨਹੀਂ ਸਕਦਾ। ਮੰਡੀ ਟੈਕਸ ਲੱਗਦੇ ਹਨ ਤੇ ਇੰਜ ਨਵੀਂ ਜੀ ਐੱਸ ਟੀ ਪ੍ਰਣਾਲੀ ਉੱਪਰ ਅਮਲ ਨਹੀਂ ਕੀਤਾ ਜਾਂਦਾ। ਉੱਤਰਾਖੰਡ ਦੀ ਰੁਦਰਪੁਰ ਮੰਡੀ ਵਿੱਚ ਕਿਸਾਨਾਂ ਨੂੰ ਕਣਕ ਜਾਂ ਝੋਨੇ ਦੀ ਹਰੇਕ ਬੋਰੀ ਉੱਪਰ 50-60 ਰੁਪਏ ਨੁਕਸਾਨ ਉਠਾਉਣਾ ਪੈਂਦਾ ਹੈ, ਅਜਿਹਾ ਗ਼ੈਰ-ਕਾਨੂੰਨੀ ਕਟੌਤੀਆਂ ਕਾਰਨ ਹੁੰਦਾ ਹੈ, ਬਹੁਤ ਮੰਡੀਆਂ ਵਿੱਚ ਵੇਲਾ ਵਿਹਾਅ ਚੁੱਕੀਆਂ ਮਸ਼ੀਨਾਂ ਰਾਹੀਂ ਤੁਲਾਈ ਕੀਤੀ ਜਾਂਦੀ ਹੈ। ਹਰਿਆਣਾ ਦੀ ਨੂਹ ਮੰਡੀ ਵਿੱਚ ਆੜ੍ਹਤੀ ਪ੍ਰਤੀ ਬੋਰੀ ਵੱਡੀ ਕਟੌਤੀ ਕਰਦੇ ਹਨ।

ਕਿਸਾਨਾਂ ਨਾਲ ਨੌਵੀਂ ਚਲਾਕੀ ਅਦਾਇਗੀਆਂ ਲਮਕਾਉਣ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਫਿਰ ਵੀ ਹੁਣ ਇਹ ਅਦਾਇਗੀਆਂ ਇਲੈਕਟ੍ਰੌਨਿਕ ਤਕਨੀਕ ਰਾਹੀਂ ਹੋਣ ਲੱਗ ਪਈਆਂ ਹਨ ਤੇ ਇੰਜ ਇਹ ਕੁਝ ਮਿੰਟਾਂ ਵਿੱਚ ਹੋ ਸਕਦੀਆਂ ਹਨ, ਪ੍ਰੰਤੂ ਅਮਲੀ ਰੂਪ 'ਚ ਅਜੇ ਵੀ ਅਦਾਇਗੀਆਂ ਨੂੰ ਹਫ਼ਤੇ ਲੱਗ ਰਹੇ ਹਨ। ਮੱਧ ਪ੍ਰਦੇਸ਼ ਦੇ ਕਿਸਾਨ ਮਾਂਹ ਦੀ ਦਾਲ ਦੀ ਅਦਾਇਗੀ ਪਿਛਲੇ ਛੇ ਮਹੀਨਿਆਂ ਤੋਂ ਉਡੀਕ ਰਹੇ ਹਨ। ਕਿਸਾਨਾਂ ਨੂੰ ਗੰਨੇ ਦੀਆਂ ਅਦਾਇਗੀਆਂ ਮਿਲਣ ਵਿੱਚ ਕਈ ਸਾਲ ਲੱਗ ਜਾਂਦੇ ਹਨ।

ਆਖ਼ਰੀ ਚਲਾਕੀ ਬੈਂਕ ਦੇ ਰੂਪ ਵਿੱਚ ਹੈ, ਜਿਵੇਂ ਹੀ ਕਿਸਾਨਾਂ ਦੇ ਖਾਤੇ ਵਿੱਚ ਬੈਂਕਾਂ ਪੈਸੇ ਪਾਉਂਦੀਆਂ ਹਨ, ਉਹ ਪੁਰਾਣੀਆਂ ਦੇਣਦਾਰੀਆਂ ਪਹਿਲਾਂ ਕੱਟ ਲੈਂਦੀਆਂ ਹਨ। ਅਜਿਹਾ ਕਿਸਾਨ ਦੀ ਸਹਿਮਤੀ ਲਏ ਬਗੈਰ ਹੁੰਦਾ ਹੈ। ਇਹ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹੈ। ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਸਰਕਾਰੀ ਖ਼ਰੀਦ ਦੀਆਂ ਅਜਿਹੀਆਂ ਚਲਾਕੀਆਂ ਤੋਂ ਪ੍ਰੇਸ਼ਾਨ ਕਿਸਾਨ ਆਪਣੀ ਫ਼ਸਲ ਆੜ੍ਹਤੀਏ ਨੂੰ ਵੇਚਣੀ ਪਸੰਦ ਕਰਦੇ ਹਨ। ਆੜ੍ਹਤੀਏ ਬਗੈਰ ਕਿਸੇ ਹਿਚਕਿਚਾਹਟ ਫ਼ਸਲ ਖ਼ਰੀਦ ਲੈਂਦੇ ਹਨ ਤੇ ਉਸ ਦੀ ਅਦਾਇਗੀ ਵੀ ਨਕਦ ਕਰ ਦਿੰਦੇ ਹਨ ਭਾਵੇਂ ਉਹ ਫ਼ਸਲ ਦਾ ਭਾਅ ਘੱਟ ਲਾ ਰਹੇ ਹੋਣ।

ਇਸ ਲਈ, ਆਓ ਤੇ ਸਰਕਾਰ ਵੱਲੋਂ ਐਲਾਨੀ ਨਵੀਂ ਸਕੀਮ ਦੀਆਂ ਉਪਰੋਕਤ ਦਸ ਚਲਾਕੀਆਂ ਨਾਲ ਤੁਲਨਾ ਕਰੀਏ। ਜੇ ਨਵੀਂ ਸਕੀਮ ਵੀ ਉਪਰੋਕਤ ਚਲਾਕੀਆਂ ਤੋਂ ਕਿਸਾਨ ਦਾ ਛੁਟਕਾਰਾ ਨਹੀਂ ਕਰਾਉਂਦੀ ਤਾਂ ਸਰਕਾਰ ਨੂੰ ਇਹ ਸਵਾਲ ਕੀਤਾ ਜਾ ਸਕਦਾ ਹੈ, "ਇਸ ਸਕੀਮ ਨੂੰ ਐਲਾਨਣ ਵਿੱਚ ਚਾਰ ਸਾਲ ਅਤੇ ਬੱਜਟ ਭਾਸ਼ਨ ਦੌਰਾਨ ਐਲਾਨੇ ਜਾਣ ਦੇ ਬਾਅਦ ਘੜਨ 'ਚ ਦੋ ਮਹੀਨੇ ਕਿਉਂ ਲਾ ਦਿੱਤੇ। ਉਹ ਵੀ ਉਸ ਸਮੇਂ ਜਦੋਂ ਬਹੁਤੇ ਲੋੜਵੰਦ ਕਿਸਾਨ ਸਰਕਾਰੀ ਖ਼ਰੀਦ ਦੀਆਂ ਪ੍ਰੇਸ਼ਾਨੀਆਂ ਤੋਂ ਦੁਖੀ ਹੋ ਕੇ ਆਪਣੀ ਫ਼ਸਲ ਵੇਚ ਚੁੱਕੇ ਹਨ। ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਵਾਜਬ ਭਾਅ ਨਾ ਦੇਣ ਲਈ ਇਸ ਨੂੰ 'ਗਿਆਰ੍ਹਵੀਂ ਚਲਾਕੀ' ਕਿਹਾ ਜਾ ਸਕਦਾ ਹੈ।

## ਹੁਣ ਕਦੇ ਵੀ ਚੋਣ ਨਹੀਂ ਲੜ ਸਕੇਗਾ ਨਵਾਜ਼ ਸ਼ਰੀਫ਼

### *ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਦਿੱਤਾ ਵੱਡਾ ਰਾਜਸੀ ਝਟਕਾ*

**ਇਸਲਾਮਾਬਾਦ/ਨਿਊਜ਼ ਬਿਊਰੋ:**
ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ 'ਤੇ ਜੀਵਨ ਭਰ ਲਈ ਚੋਣ ਲੜਨ 'ਤੇ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿੱਚ ਕਿਹਾ ਕਿ ਸੰਵਿਧਾਨ ਤਹਿਤ ਕਿਸੇ ਜਨ ਪ੍ਰਤੀਨਿਧ ਦੀ ਅਯੋਗਤਾ ਸਥਾਈ ਹੈ। ਇਸ ਦੇ ਨਾਲ ਹੀ ਤਿੰਨ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਦਾ ਰਾਜਨੀਤਕ ਸਫ਼ਰ ਹਮੇਸ਼ਾ ਲਈ ਖ਼ਤਮ ਹੋ ਗਿਆ। ਪੰਜ ਜੱਜਾਂ ਦੇ ਬੈਂਚ ਨੇ ਸੰਵਿਧਾਨ ਤਹਿਤ ਕਿਸੇ ਜਨ ਪ੍ਰਤੀਨਿਧ ਨੂੰ ਅਯੋਗਤਾ ਦੀ ਮਿਤੀ ਦਾ ਨਿਰਧਾਰਣ ਕਰਨ ਵਾਲੇ ਕੇਸ ਦੀ ਸੁਣਵਾਈ ਕਰਦੇ ਹੋਏ ਸਰਬਸੰਮਤੀ ਨਾਲ ਆਪਣਾ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਆਰਟੀਕਲ 62 (1) (ਐਫ) ਤਹਿਤ ਭਵਿੱਖ ਲਈ ਇਹ ਫੈਸਲਾ ਸਥਾਈ ਹੈ ਤੇ ਕੋਈ ਵੀ ਅਯੋਗ ਕਰਾਰ ਦਿੱਤਾ ਗਿਆ ਵਿਅਕਤੀ ਕਦੇ ਚੋਣਾਂ ਨਹੀਂ ਲੜ ਸਕਦਾ ਤੇ ਨਾ ਹੀ ਸੰਸਦ ਮੈਂਬਰ ਬਣ ਸਕਦਾ ਹੈ। ਦੱਸਣਯੋਗ ਹੈ ਕਿ 68 ਸਾਲਾ ਸ਼ਰੀਫ਼ ਨੂੰ 28 ਜੁਲਾਈ 2017 ਵਿੱਚ ਪਨਾਮਾ ਮਾਮਲੇ ਵਿੱਚ ਅਯੋਗ ਠਹਿਰਾਇਆ ਗਿਆ ਸੀ। ਸ਼ਰੀਫ਼ ਨੂੰ ਇਕ ਹੋਰ ਝਟਕਾ ਦਿੰਦੇ ਹੋਏ ਅਦਾਲਤ ਨੇ ਕਿਹਾ ਸੀ ਕਿ ਅਯੋਗ ਠਹਿਰਾਇਆ ਗਿਆ ਕੋਈ ਵੀ ਵਿਅਕਤੀ ਕਿਸੇ ਰਾਜਨੀਤਕ ਦਲ ਦਾ ਮੁਖੀ ਨਹੀਂ ਰਹਿ ਸਕਦਾ। ਇਸ ਤੋਂ ਬਾਅਦ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ ਤੋਂ ਨਵਾਜ਼ ਸ਼ਰੀਫ਼ ਨੂੰ ਆਪਣੀ ਕੁਰਸੀ ਗੁਆਉਣੀ ਪਈ ਸੀ। ਸ਼ੁਕਰਵਾਰ ਨੂੰ ਸੁਣਾਏ ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਅਯੋਗ ਠਹਿਰਾਇਆ ਹੋਇਆ ਵਿਅਕਤੀ ਦੁਬਾਰਾ ਜਨਤਕ ਅਹੁਦੇ 'ਤੇ ਬਣਿਆ ਨਹੀਂ ਰਹਿ ਸਕਦਾ। ਪੀਐਮਐਲ-ਐਨ ਦੇ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਮਰੀਅਮ ਔਰੰਗਜ਼ੇਬ ਨੇ ਫੈਸਲੇ ਨੂੰ 'ਮਜ਼ਾਕ' ਦੱਸਿਆ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀਆਂ ਨਾਲ ਵੀ ਅਜਿਹਾ ਹੀ ਮਜ਼ਾਕ ਹੋਇਆ ਸੀ। ਮਰੀਅਮ ਨੇ ਕਿਹਾ ਕਿ ਚੁਣੇ ਹੋਏ ਆਗੂਆਂ ਨੂੰ ਅਪਮਾਨਜਨਕ ਢੰਗ ਨਾਲ ਹਟਾਇਆ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਰੀਫ਼ ਸਬੰਧੀ ਫੈਸਲਾ ਪਹਿਲਾਂ ਹੀ ਤੈਅ ਕਰ ਲਿਆ ਗਿਆ ਸੀ ਬਾਅਦ ਵਿੱਚ ਸੁਣਵਾਈ ਕੀਤੀ ਗਈ।



## ਫਿਜ਼ਾਵਾਂ 'ਚ ਰੌਣਕਾਂ ਬਿਖੇਰ ਗਿਆ ਪੰਜਾਬੀ ਕਲਚਰਲ ਸੁਸਾਇਟੀ ਦਾ ਸਾਲਾਨਾ ਸਭਿਆਚਾਰਕ ਪ੍ਰੋਗਰਾਮ 'ਰੰਗਲਾ ਪੰਜਾਬ 2018'







**ਸ਼ਿਕਾਗੋ/ਬਿਊਰੋ ਨਿਊਜ਼:**
ਪੰਜਾਬੀਆਂ ਦੀ ਚੋਖੀ ਵਸੋਂ ਵਾਲੇ ਇਸ ਇਲਾਕੇ 'ਚ ਪੰਜਾਬੀ ਸਭਿਆਚਾਰ ਦੀ ਪ੍ਰਫੁਲਤਾ ਨੂੰ ਵਰ੍ਹਿਆਂ ਤੋਂ ਪ੍ਰਣਾਈ ਚਲੀ ਆ ਰਹੀ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਅਪਣਾ ਸਲਾਨਾ ਸਭਿਆਚਾਰਕ ਪ੍ਰੋਗਰਾਮ ਰੰਗਲਾ ਪੰਜਾਬ 2018 ਬੜੀ ਧੂਮ-ਧਾਮ ਨਾਲ ਕੀਤਾ ਗਿਆ। ਸ਼ਿਕਾਗੋ ਨਾਲ ਲਗਦੇ ਉੱਤਰਪੱਛਮ ਵਾਲੇ ਸ਼ਹਿਰ ਰੋਲਿੰਗ ਮੀਡੋਜ ਦੇ ਮੀਡੋਜ ਕਲੱਬ ਵਿਖੇ ਲਗਭਗ 5 ਘੰਟਿਆਂ ਤੱਕ ਚੱਲੇ ਇਸ ਰੰਗਾ ਰੰਗ ਪ੍ਰੋਗਰਾਮ ਦੀਆਂ 35 ਦੇ ਲਗਭਗ ਆਈਟਮਾਂ 'ਚ 250 ਦੇ ਕਰੀਬ ਕਲਾਕਾਰਾਂ ਤੇ ਵਿਦਿਆਰਥੀਆਂ ਨੇ ਭਾਗ ਲੈ ਕੇ ਅਪਣੀ ਕਲਾ ਤੇ ਯੋਗਤਾ ਦਾ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸ ਮੌਕੇ ਪੇਸ਼ ਕੀਤੇ ਗੀਤ ਸੰਗੀਤ, ਸਕਿੱਟਾਂ, ਲੋਕ ਨਾਚਾਂ ਤੇ ਹੋਰਨਾਂ ਪੇਸ਼ਕਾਰੀਆਂ ਦਾ 1000 ਤੋਂ ਵੱਧ ਲੋਕਾਂ ਨੇ ਆਨੰਦ ਲਿਆ। ਸੰਸਥਾ ਦੇ ਮੀਤ ਪ੍ਰਧਾਨ ਬਿਕਰਮ ਸਿੰਘ ਚੌਹਾਨ ਵਲੋਂ ਸ਼ੁਰੂ ਵਿੱਚ ਸਭ ਨੂੰ ਜੀ ਆਇਆਂ ਕਹਿਣ ਬਾਅਦ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਇਨ ਗੁਰੂ ਘਰ ਦੇ ਗੁਰਮਤ ਸਕੂਲ ਦੇ ਬੱਚਿਆਂ ਵਲੋਂ ਸ਼ਬਦ ਪੜ੍ਹਣ ਨਾਲ ਸ਼ਾਮ ਦੇ ਸਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਭੰਗੜਾ ਤੇ ਲੋਕ ਨਾਚਾਂ ਦੀ ਪੇਸ਼ਕਾਰੀ 'ਚ ਨਵੀਂ ਪਨੀਰੀ, ਕੌਮ ਪੰਜਾਬ ਦੀ, ਵਰੀਅਰਜ਼ ਭੰਗੜਾ, ਬਾਲੀਵੁੱਡ ਆਰਟਸ ਅਕੈਡਮੀ ਦੀਆਂ ਟੀਮਾਂ ਨੇ ਨੱਚ ਨੱਚ ਕੇ ਸਟੇਜ ਨੂੰ ਵਖ਼ਤ ਪਾਈ ਰੱਖਿਆ। ਮਨਮੀਤ ਕੌਰ, ਮੋਨਾ ਭੱਲਾ, ਮੈਡੀ ਸਿੰਘ ਤੇ ਪ੍ਰੀਨਾ ਮਹਿਰੋਤਰਾ ਨੇ ਅਪਣੀਆਂ ਮਧੁਰ ਆਵਾਜ਼ਾ ਰਾਹੀਂ ਮਾਹੌਲ ਨੂੰ ਸੰਗੀਤਕ ਬਣਾਇਆ। ਦਰਸ਼ਕਾਂ ਨੇ ਸਾਰੇ ਕਲਾਕਾਰਾਂ ਨੂੰ ਭਰਵੀਆਂ ਤਾੜੀਆਂ ਤੋਂ ਇਲਾਵਾ ਖੁਸ਼ੀ ਵਿੱਚ ਨਚਦਿਆਂ ਭਰਵੀਂ ਦਾਦ ਦਿੱਤੀ। ਪੰਜਾਬੀ ਕਲਚਰਲ ਸੁਸਾਇਟੀ ਦੀ ਰੂਹ-ਏ-ਰਵਾਂ ਅਤੇ ਪ੍ਰਬੰਧਕਾਂ 'ਚ ਮੁੱਖ ਭੂਮਿਕਾ ਅਦਾ ਕਰਨ ਵਾਲੇ

**ਬਾਕੀ ਸਫ਼ਾ 28 'ਤੇ**

# ਰੇਵ ਪਾਰਟੀਆਂ

**- ਅਮਨਦੀਪ ਹਾਂਸ**

ਹੁਣ ਰੇਵ ਪਾਰਟੀਆਂ ਸੰਗੀਤ, ਨਾਚ ਤੇ ਮੌਜ-ਮਸਤੀ ਤੱਕ ਹੀ ਸੀਮਤ ਨਹੀਂ ਹਨ। ਇਨ੍ਹਾਂ 'ਚ ਅਸ਼ਲੀਲਤਾ, ਅਪਰਾਧ ਤੇ ਨਸ਼ੇ ਵੀ ਸ਼ਾਮਲ ਹੋ ਚੁੱਕੇ ਹਨ। ਭਾਰਤ ਸਰਕਾਰ ਦੇ ਨਾਰਕੋਟਿਕਸ ਵਿਭਾਗ ਮੁਤਾਬਕ ਭਾਰਤ 'ਚ ਨਸ਼ੀਲੇ ਪਦਾਰਥਾਂ ਦੀ ਸਭ ਤੋਂ ਜ਼ਿਆਦਾ ਖਪਤ ਰੇਵ ਪਾਰਟੀਆਂ 'ਚ ਹੀ ਹੁੰਦੀ ਹੈ। ਦੁਨੀਆਂ 'ਚ ਤਕਰੀਬਨ 20 ਕਰੋੜ ਲੋਕ ਇੱਕ ਜਾਂ ਇੱਕ ਤੋਂ ਵੱਧ ਡਰੱਗ ਦਾ ਸੇਵਨ ਕਰਦੇ ਹਨ। ਇੰਨਾ ਹੀ ਨਹੀਂ, ਨਸ਼ੇ 'ਚ ਵੀ ਹੁਣ ਨਵੇਂ ਪ੍ਰਯੋਗ ਹੋਣ ਲੱਗੇ ਹਨ। ਬਨਾਵਟੀ ਰਸਾਇਣਾਂ ਅਤੇ ਕੁਝ ਨਸ਼ੀਲੇ ਪਦਾਰਥਾਂ ਤੇ ਦਵਾਈਆਂ ਨੂੰ ਮਿਲਾ ਕੇ ਨਵੇਂ ਨਸ਼ੀਲੇ ਪਦਾਰਥ ਬਣਾਏ ਜਾ ਰਹੇ ਹਨ, ਜਿਨ੍ਹਾਂ ਨੂੰ 'ਡਿਜ਼ਾਈਨਰ ਡਰੱਗ', 'ਕਲੱਬ ਡਰੱਗ', 'ਸਿੰਥੈਟਿਕ ਡਰੱਗ', 'ਪਾਰਟੀ ਡਰੱਗ', 'ਡੇਟ ਰੇਵ ਡਰੱਗ' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਨਸ਼ੀਲੇ ਪਦਾਰਥ ਥੋੜ੍ਹੇ ਸਸਤੇ ਹੁੰਦੇ ਹਨ ਅਤੇ ਕਈ ਲੋਕ ਇਨ੍ਹਾਂ ਨੂੰ ਖ਼ੁਦ ਵੀ ਆਸਾਨੀ ਨਾਲ ਬਣਾ ਲੈਂਦੇ ਹਨ। ਇਨ੍ਹਾਂ ਦਾ ਜ਼ਿਆਦਾ ਮਾਤਰਾ 'ਚ ਇਸਤੇਮਾਲ ਕਰਨਾ ਕਾਫ਼ੀ ਜਾਨਲੇਵਾ ਹੋ ਸਕਦਾ ਹੈ।



### ਗੋਆ 'ਚ ਰੇਵ ਪਾਰਟੀਆਂ ਦੀ ਭਰਮਾਰ

ਪੰਜ ਦਹਾਕੇ ਪਹਿਲਾਂ ਤੱਕ ਭਾਰਤ 'ਚ ਗਿਣੇ-ਚੁਣੇ ਲੋਕ ਹੀ ਰੇਵ ਪਾਰਟੀਆਂ ਬਾਰੇ ਜਾਣਦੇ ਸਨ ਅਤੇ ਉਹ ਜਾਣਦੇ ਸਨ ਕਿ ਇਹ ਸਭ ਉਨ੍ਹਾਂ ਦੇ ਬੱਚਿਆਂ ਦੀ ਪਹੁੰਚ ਤੋਂ ਬਹੁਤ ਦੂਰ, ਪੱਛਮੀ ਦੇਸਾਂ ਦੇ ਕਾਰਨ ਹੈ। ਫਿਰ ਵਿਦੇਸ਼ੀਆਂ ਨੂੰ ਭਾਰਤ 'ਚ ਉਨ੍ਹਾਂ ਦੇ ਦੇਸ ਵਰਗਾ ਮਾਹੌਲ ਦੇਣ ਲਈ ਗੋਆ 'ਚ ਇਸ ਤਰ੍ਹਾਂ ਦੀਆਂ ਪਾਰਟੀਆਂ ਸ਼ੁਰੂ ਹੋਈਆਂ। ਹੁਣ ਹਾਲਤ ਇਹ ਹੈ ਕਿ ਵੱਡੇ ਸ਼ਹਿਰਾਂ ਤੋਂ ਛੋਟੇ ਸ਼ਹਿਰਾਂ ਤੇ ਕਸਬਿਆਂ ਤੱਕ ਪੈਸੇ ਵਾਲੇ ਨੌਜਵਾਨਾਂ ਵਿਚਾਲੇ ਰੇਵ ਪਾਰਟੀਆਂ ਹਰਮਨ-ਪਿਆਰੀਆਂ ਹੋ ਗਈਆਂ ਹਨ, ਭਾਵੇਂ ਹੀ ਉਹ ਘਰ ਵਾਲਿਆਂ ਤੋਂ ਚੋਰੀ ਹੋਣ। ਹਾਈ ਪ੍ਰੋਫਾਈਲ ਲੋਕਾਂ, ਪੇਸ਼ੇਵਰ ਔਰਤਾਂ ਤੋਂ ਇਲਾਵਾ ਉੱਚ-ਵਰਗੀ ਔਰਤਾਂ ਤੱਕ ਅਜਿਹੀਆਂ ਪਾਰਟੀਆਂ 'ਚ ਹੁੰਦੀਆਂ ਹਨ।

### ਤੇਜ਼ ਜ਼ਿੰਦਗੀ, ਪਰਿਵਾਰਾਂ ਤੋਂ ਦੂਰੀ ਧੱਕ ਰਹੀ ਏ ਰੇਵ ਪਾਰਟੀਆਂ ਵੱਲ

ਵਿਸ਼ਵੀਕਰਨ ਤੋਂ ਬਾਅਦ ਭਾਰਤ 'ਚ ਮਲਟੀਨੈਸ਼ਨਲ ਕੰਪਨੀਆਂ, ਬੀਪੀਓ, ਕਾਲ ਸੈਂਟਰ ਆਦਿ ਕਿੱਤਿਆਂ ਨੇ ਤੇਜ਼ੀ ਨਾਲ ਜੜ੍ਹਾਂ ਜਮਾਈਆਂ। ਹੁਣ ਇਨ੍ਹਾਂ ਖੇਤਰਾਂ ਨਾਲ ਜੁੜੇ ਨੌਜਵਾਨ ਘੱਟ ਉਮਰ 'ਚ ਮੋਟੀ ਤਨਖ਼ਾਹ ਲੈ ਰਹੇ ਹਨ। ਬਹੁਤ ਸਾਰੇ ਨੌਜਵਾਨ ਪੜ੍ਹਾਈ ਜਾਂ ਨੌਕਰੀ ਲਈ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਰੁਪਿਆਂ ਨਾਲ ਭਰੀਆਂ ਜੇਬਾਂ, ਪਰਿਵਾਰ ਤੋਂ ਦੂਰੀ, ਤੇਜ਼ ਰਫ਼ਤਾਰ ਜੀਵਨ ਸ਼ੈਲੀ, ਇਕੱਲਾਪਣ ਦੂਰ ਕਰਨ ਅਤੇ ਮੌਜ-ਮਸਤੀ ਲਈ ਇਨ੍ਹਾਂ ਨੌਜਵਾਨਾਂ 'ਚ ਰੇਵ ਪਾਰਟੀ ਦਾ ਰਿਵਾਜ ਵੱਧ ਰਿਹਾ ਹੈ। ਆਪਣੀ ਆਜ਼ਾਦੀ ਨੂੰ ਲੈ ਕੇ ਲੋੜ ਤੋਂ ਵੱਧ ਸੁਚੇਤ ਤੇ ਜ਼ਿੰਦਗੀ ਦਾ ਹਰ ਮਜ਼ਾ ਲੈਣ ਨੂੰ ਕਾਹਲੇ ਅਮੀਰ ਪਰਿਵਾਰਾਂ ਦੇ ਨੌਜਵਾਨ ਉਮਰ ਦੇ ਲੜਕੇ-ਲੜਕੀਆਂ 'ਚ ਵੀ ਦੇਰ ਰਾਤ ਤੱਕ ਚੱਲਣ ਵਾਲੀ ਪਾਰਟੀਆਂ ਦਾ ਖਿਚਾਅ ਵੱਧ ਰਿਹਾ ਹੈ। ਮਨੁੱਖੀ ਵਿਹਾਰ ਮਾਹਿਰ ਮੰਨਦੇ ਹਨ ਕਿ ਅਮੀਰ ਪਰਿਵਾਰ, ਨੈਤਿਕ ਕਦਰਾਂ-ਕੀਮਤਾਂ 'ਚ ਗਿਰਾਵਟ, ਮੀਡੀਆ, ਇੰਟਰਨੈੱਟ, ਸੋਸ਼ਲ ਨੈੱਟਵਰਕਿੰਗ ਸਾਈਟਸ ਤੱਕ ਆਸਾਨ ਪਹੁੰਚ ਆਦਿ ਕਾਰਨ ਦੇਸ 'ਚ ਅਜਿਹੀਆਂ ਪਾਰਟੀਆਂ ਦਾ ਸ਼ੌਂਕ ਤੇਜ਼ੀ ਨਾਲ ਵੱਧ ਰਿਹਾ ਹੈ।

ਰੇਵ ਪਾਰਟੀਆਂ 'ਚ ਨਸ਼ੇ ਦੀ ਵਰਤੋਂ ਕਾਰਨ ਕਈ ਵਾਰ ਲੜਕੀਆਂ ਬਲਾਤਕਾਰ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਸਾਲ ਭਰ ਪਹਿਲਾਂ ਕੋਲਕਾਤਾ ਦੀ ਇੱਕ ਪੂਰਬ ਰੇਡੀਓ ਜਾਕੀ ਨਾਲ ਰੇਵ ਪਾਰਟੀ 'ਚ ਬਲਾਤਕਾਰ ਦੀ ਸ਼ਿਕਾਇਤ ਆਈ ਸੀ। ਅਜਿਹੀਆਂ ਪਾਰਟੀਆਂ ਦਾ ਪ੍ਰਚਾਰ ਜ਼ਿਆਦਾਤਰ ਡੀਜੇ ਅਤੇ ਡਾਂਸ ਪਾਰਟੀ ਦੇ ਰੂਪ 'ਚ ਕੀਤਾ ਜਾਂਦਾ ਹੈ।

ਇਨ੍ਹਾਂ 'ਚ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਗੁਪਤ ਢੰਗ ਨਾਲ ਹੁੰਦਾ ਹੈ। ਗੁਪਤ ਢੰਗ ਨਾਲ ਹੋਣ ਵਾਲੀਆਂ ਇਨ੍ਹਾਂ ਪਾਰਟੀਆਂ 'ਚ ਕਿਸੇ ਅਨਜਾਣ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਅਤੇ ਅਜਿਹੀਆਂ ਪਾਰਟੀਆਂ ਦੀ ਸੂਚਨਾ ਸੋਸ਼ਲ ਮੀਡੀਆ ਦਾ ਇਸਤੇਮਾਲ ਕਰਕੇ ਜਾਂ ਮੌਖਿਕ ਰੂਪ ਨਾਲ ਲੋਕਾਂ ਨੂੰ ਪਾਰਟੀ ਤੋਂ ਇੱਕ-ਅੱਧਾ ਘੰਟਾ ਪਹਿਲਾਂ ਦਿੱਤੀ ਜਾਂਦੀ ਹੈ।'

ਰੇਵ ਪਾਰਟੀਆਂ 'ਚ ਕੋਕੀਨ ਤੇ ਹੈਰੋਇਨ ਦਾ ਜ਼ਿਆਦਾ ਇਸਤੇਮਾਲ ਹੁੰਦਾ ਹੈ। ਉੱਚ ਵਰਗ ਦੇ 18 ਤੋਂ 19 ਸਾਲ ਦੇ ਨੌਜਵਾਨ ਤਰਲ ਰੂਪ 'ਚ ਮਿਲਣ ਵਾਲੇ ਅਨੈਕਸੀਆ ਤੇ ਟੈਬਲੇਟ ਦੇ ਰੂਪ 'ਚ ਮਿਲਣ ਵਾਲੀ ਇਕਸਟੇਸੀ ਪਿਲਸ ਦਾ ਇਸਤੇਮਾਲ ਕਰਦੇ ਹਨ। 'ਡੇਟ ਰੇਪ ਡਰੱਗ' ਨਾਂ ਨਾਲ ਮਸ਼ਹੂਰ ਪਾਣੀ ਵਰਗਾ ਦਿਸਣ ਵਾਲਾ ਅਤੇ ਸੁਆਦ 'ਚ

### ਪਾਰਟੀਆਂ 'ਚ ਨਸ਼ਾ ਤੇ ਸੈਕਸ

ਥੋੜ੍ਹਾ ਨਮਕੀਨ ਜੀਐਚਬੀ ਡਰੱਗ ਅਜਿਹੀਆਂ ਪਾਰਟੀਆਂ 'ਚ ਚੋਰੀ ਨਾਲ ਮਿਲਾ ਕੇ ਲੜਕੀਆਂ ਨੂੰ ਦੇ ਦਿੱਤਾ ਜਾਂਦਾ ਹੈ ।ਰਾਸ਼ਟਰੀ ਸਰਵੇਖਣ ਮੁਤਾਬਕ ਸੰਨ ੨੦੧੭ ਤੋਂ ਭਾਰਤ ਦਾ ਨਾਂ ਨਸ਼ੇ ਦੇ ਨਾਜਾਇਜ਼ ਵਪਾਰ ਦੇ 20 ਮੁੱਖ ਕੇਂਦਰਾਂ 'ਚ ਸ਼ਾਮਲ ਰਿਹਾ ਹੈ।

ਕਈ ਬੱਚੇ ਅਤੇ ਨੌਜਵਾਨ ਨਸ਼ੀਲੇ ਤੱਤਾਂ ਵਾਲੀਆਂ ਦਵਾਈਆਂ ਦੀ ਗ੍ਰਿਫ਼ਤ 'ਚ ਆਉਂਦੇ ' ਰਹੇ ਹਨ। ਮਜ਼ਦੂਰੀ ਕਰਨ ਵਾਲੇ ਬੱਚਿਆਂ ਤੇ ਨੌਜਵਾਨਾਂ ਨੂੰ ਜਿੱਥੇ ਪੈਟਰੋਲ, ਆਇਓਡੈਕਸ ਸੈਂਡਵਿਚ, ਕੈਰੋਸੀਨ, ਵਾਈਟਨਰ, ਸੋਲੂਸ਼ਨ, ਕਿਊਫਿਕਸ, ਬੋਨਾਫਿਕਸ ਆਦਿ ਦਾ ਨਸ਼ਾ ਕਰਦਿਆਂ ਵੇਖਿਆ ਜਾ ਰਿਹਾ ਹੈ, ਉੱਥੇ ਬੱਚੇ ਅਤੇ ਨੌਜਵਾਨ ਕਫ ਸੀਰਪ, ਦਵਾਈ ਅਤੇ ਟੀਕਿਆਂ ਦਾ ਇਸਤੇਮਾਲ ਕਰ ਰਹੇ ਹਨ। ਕੋਰੈਕਸ, ਫੇਨਾਰਗਨ ਟੀਕੇ, ਸਰਦੀ-ਖਾਂਸੀ ਦੀਆਂ ਦਵਾਈਆਂ ਸਵਿਜਕੋਡੀਨ, ਟਾਸੈਕਸ, ਪੇਨਕਫ, ਬੈਨਾਡਰਿਲ, ਐਕਜੀਪਲਾਨ, ਕੋਡਿਸਟਾਰ, ਟੋਰੈਕਸ, ਕੰਪੋਜ ਆਦਿ ਨਾਲ ਨਸ਼ਾ ਕਰਨ ਵਾਲਿਆਂ 'ਚ 8 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਧਨਾਢ ਪਰਿਵਾਰ ਤੇ ਜੀਵਨ ਪੱਧਰ ਉੱਚਾ ਚੁੱਕਣ ਦੀ ਹੋੜ 'ਚ ਮਾਪੇ ਆਪਣੇ ਬੱਚਿਆਂ 'ਤੇ ਧਿਆਨ ਨਹੀਂ ਦਿੰਦੇ ਅਤੇ ਇਹੀ ਕਾਰਨ ਹੈ ਕਿ ਬੱਚੇ ਅਜਿਹੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ।'

ਇਨ੍ਹਾਂ ਦਵਾਈਆਂ ਦੇ ਨਸ਼ੇ ਦੇ ਰੂਪ 'ਚ ਇਸਤੇਮਾਲ ਕਰਨ ਦੇ ਕਾਰਨ ਹੀ ਜ਼ਿਆਦਾਤਰ ਦੁਕਾਨਾਂ 'ਚ ਇਹ ਦਵਾਈਆਂ ਹਮੇਸ਼ਾਂ ਆਊਟ ਆਫ ਸਟਾਕ ਪਾਈਆਂ ਜਾਂਦੀਆਂ ਹਨ, ਹਾਲਾਂਕਿ ਇਸ ਤਰ੍ਹਾਂ ਦੇ ਤੱਥ ਸਾਹਮਣੇ ਆਉਣ ਤੋਂ ਬਾਅਦ ਚਿਕਿਤਸਾ ਸਿਹਤ ਕੇਂਦਰ ਵੱਲੋਂ ਅਜਿਹੀਆਂ ਦਵਾਈਆਂ ਨੂੰ ਬਿਨਾਂ ਡਾਕਟਰੀ ਪਰਚੀ ਦੇ ਵੇਚਣ 'ਤੇ ਪਾਬੰਦੀ ਲਾ ਦਿੱਤੀ ਸੀ ਤੇ ਦਵਾਈ ਅਤੇ ਪ੍ਰਸਾਧਨ ਅਧਿਨਿਯਮ-1950 ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਸਨ। ਬਾਵਜੂਦ ਇਸ ਦੇ ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਵੱਖ-ਵੱਖ ਦਵਾਈਆਂ ਦੁਕਾਨਾਂ 'ਚ ਪੈ ਰਹੇ ਛਾਪਿਆਂ ਕਾਰਨ ਹੁਣ ਮੋਬਾਈਲ ਫੋਨ ਰਾਹੀਂ ਇਸ ਤਰ੍ਹਾਂ ਦੀਆਂ ਦਵਾਈਆਂ ਦੀ ਖ਼ਰੀਦ-ਵੇਚ ਹੋਣ ਲੱਗੀ ਹੈ। ਮੋਬਾਈਲ 'ਚ ਕੋਡ ਭਾਸ਼ਾ ਦਾ ਪ੍ਰਯੋਗ ਕਰਕੇ ਉਨ੍ਹਾਂ ਦੀ ਮੰਗ ਕੀਤੀ ਜਾਂਦੀ ਹੈ। ਕੋਰੈਕਸ ਨੂੰ ਕੋਕ, ਕੈਪਸੂਲ ਨੂੰ ਕਾਜੂ, ਇਸੇ ਤਰ੍ਹਾਂ ਹੋਰਨਾਂ ਦਵਾਈਆਂ ਲਈ ਲਾਲ ਘੋੜਾ, ਨੀਲਾ ਘੋੜਾ ਵਰਗੇ ਕੋਡ ਇਸਤੇਮਾਲ ਕੀਤੇ ਜਾਂਦੇ ਹਨ।

---

## ਪੰਜਾਬ ਦੇ ਦਰਦਾਂ ਦੀ ਬਾਤ ਪਾਉਂਦਾ ਹੈ ਰੰਧਾਵਾ ਦਾ ਨਵਾਂ ਗੀਤ 'ਅੱਤਵਾਦੀ'



**ਮਿਲਾਨ (ਇਟਲੀ)/ਬਿਊਰੋ ਨਿਊਜ਼:** ਮਸ਼ਹੂਰ ਲੋਕ ਗਾਇਕ ਹਰਪ੍ਰੀਤ ਰੰਧਾਵਾ ਵਲੋ ਆਪਣੀ ਮਿੱਠੀ ਅਤੇ ਦਮਦਾਰ ਅਵਾਜ਼ ਚੋ ਗਾਇਆ ਗੀਤ 'ਅੱਤਵਾਦੀ', ਪੂਰੀ ਤਰਾਂ ਲੋਕ ਬੁੱਲਾ ਤੇ ਚੜ ਰਿਹਾ ਹੈ । ਪੰਜਾਬ ਦੇ ਦਰਦ ਚੋ ਭਿੱਜੇ ਇਸ ਗੀਤ ਨੂੰ ਹਰਪ੍ਰੀਤ ਰੰਧਾਵਾ ਨੇ ਹਿੱਕ ਦੇ ਜ਼ੋਰ ਨਾਲ ਗਾਇਆ ਹੈ ਜਦ ਕਿ ਬੋਲ ਉੱਘੇ ਪੱਤਰਕਾਰ ਸਾਬੀ ਚੀਨੀਆ ਦੁਆਰਾ ਲਿਖੇ ਗਏ ਹਨ ਮਿਊਜਿਕ ਐਚ ਪੀ ਸਿੰਘ ਦੁਆਰਾ ਤਿਆਰ ਕੀਤਾ ਗਿਆ ਹੈ।

ਲੋਕ ਰੰਗ ਆਡੀਓ ਦੁਆਰਾ ਰਿਲੀਜ਼ ਕੀਤੇ ਗਏ ਇਸ ਗੀਤ ਦੇ ਪੋਸਟਰ ਨੂੰ ਇਟਲੀ ਦੇ ਨਾਮੀ ਸਿੱਖ ਆਗੂਆਂ ਵਲੋ ਪੂਰੇ ਜੋਸ਼ੋ ਖਰੋਸ਼ ਨਾਲ ਰਿਲੀਜ਼ ਕੀਤਾ ਗਿਆ ਹੈ ਗੀਤ ਸ਼ੋਸ਼ਲ ਮੀਡੀਏ ਤੇ ਸੁਣਨ ਵਾਲਿਆਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ "ਅੱਤਵਾਦੀ", ਸਿੰਗਲ ਟਰੈਕ ਨੂੰ ਰਿਲੀਜ਼ ਕਰਨ ਵੇਲੇ ਜਸਬੀਰ ਸਿੰਘ ਤੂਰ, ਅਮਰਜੀਤ ਸਿੰਘ, ਸੀਨੀਅਰ ਆਗੂ ਜਸਬੀਰ ਖਾਨ ਚੈੜੀਆ, ਸ ਲਖਵਿੰਦਰ ਸਿੰਘ ਡੋਗਰਾਵਾਲ, ਸਮਾਜ ਸੇਵੀ ਜਗਮੀਤ ਸਿੰਘ ਦੁਰਗਾਪੁਰ, ਸੁਖਚੈਨ ਸਿੰਘ ਠੀਕਰੀਵਾਲ ,ਅਰਵਿੰਦਰ ਸਿੰਘ, ਅਵਤਾਰ ਸਿੰਘ ਤੇ ਬਲਵਿੰਦਰ ਸਿੰਘ ਬੱਲੀ ਵਲੋਂ ਇਸ ਗੀਤ ਦੀ ਟੀਮ ਨੂੰ ਵਧਾਈ ਦਿੰਦਿਆ ਆਖਿਆ ਗਿਆ ਕਿ ਪੈਸੇ ਦੇ ਦੌਰ ਚੋ ਗਾਇਕ ਲੋਕ ਮਸਲਿਆਂ ਨੂੰ ਭੁੱਲ ਕੇ ਰਾਤੋ ਰਾਤ ਸਟਾਰ ਬਣਨ ਲਈ ਹਰ ਤਰਾਂ ਦੇ ਸਮਝੌਤੇ ਕਰ ਰਹੇ ਹਨ ਪਰ ਹਰਪ੍ਰੀਤ ਰੰਧਾਵਾ ਨੇ ਇਸ ਗੀਤ ਰਾਹੀਂ ਜਿੱਥੇ ਪੰਜਾਬ ਨਾਲ ਹੋਏ ਧੱਕਿਆਂ ਨੂੰ ਲੋਕਾਂ ਦੀ ਕਹਚਿਰੀ ਚ ਲਿਆਂਦਾ ਹੈ ਉਥੇ ਹੋਰਨਾਂ ਗਾਉਣ ਵਾਲਿਆ ਨੂੰ ਚੰਗੀ ਸੇਧ ਦੇਣ ਦਾ ਕੰਮ ਕੀਤਾ ਹੈ।

## ਹਿੰਮਤੀ ਕਿਸਾਨ ਨੇ ਕੁਦਰਤੀ ਢੰਗ ਨਾਲ ਖੇਤੀ ਦੇ ਸਿਰ ਉੱਤੇ ਬਣਾਈ 6 ਏਕੜ ਜ਼ਮੀਨ

**ਲਹਿਰਾਗਾਗਾ/ਸਿੱਖ ਸਿਆਸਤ ਬਿਊਰੋ:** ਅੱਜ ਦੇ ਯੁੱਗ 'ਚ ਖੇਤੀ ਦੀ ਪੈਦਾਵਾਰ ਵਧਾਉਣ ਲਈ ਕੈਮੀਕਲ ਖਾਦਾਂ, ਸਪਰੇਆਂ ਵਰਗੀਆਂ ਜ਼ਹਿਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ ਜਾਗਰੂਕ ਕਿਸਾਨਾਂ 'ਚ ਕੁਦਰਤੀ ਖੇਤੀ ਪ੍ਰਤੀ ਰੁਚੀ ਦਿਖਾਈ ਜਾ ਰਹੀ ਹੈ ਪਰ ਪੰਜਾਬ 'ਚ ਅਜਿਹੇ ਵਿਰਲੇ ਅਨਪੜ੍ਹ ਕਿਸਾਨ ਵੀ ਮਿਲਦੇ ਹਨ ਜਿਹੜੀ ਧਰਤੀ ਨੂੰ ਆਪਣੀ ਮਾਂ ਮੰਨਦੇ ਹਨ। ਅਜਿਹਾ ਹੀ ਇੱਕ ਕਿਸਾਨ ਪਿੰਡ ਚੋਟੀਆਂ ਦਾ ਜੀਵਾ ਸਿੰਘ ਹੈ ਜਿਹੜਾ ਹਿੱਕ ਠੋਕ ਕੇ ਆਖਦਾ ਹੈ ਕਿ ਆਪਣੇ ਲਾਲਚ ਲਈ ਧਰਤੀ ਮਾਂ ਨੂੰ ਜ਼ਹਿਰ ਕਿਵੇਂ ਦੇਵਾਂ। ਕਰੀਬ 63-64 ਕੁ ਸਾਲ ਦਾ ਜੀਵਾ ਸਿੰਘ ਆਪਣੀ ਸੂਰਤ ਸੰਭਾਲਣ ਸਮੇਂ ਤੋਂ ਹੀ ਆਪਣੇ ਪਿੰਡ ਚੋਟੀਆਂ ਰੇਲ ਲਾਈਨ ਨੇੜਲੀ ਜ਼ਮੀਨ ਨੂੰ ਬਗੈਰ ਕੈਮੀਕਲ ਖਾਦਾਂ ਤੇ ਸਪਰੇਅ ਦੇ ਖੇਤੀ ਕਰ ਰਿਹਾ ਹੈ।

ਉਸਦਾ ਕਹਿਣਾ ਕਿ ਚਾਹੇ ਕੁਦਰਤੀ ਢੰਗ ਨਾਲ ਖੇਤੀ ਵਿੱਚ ਪੈਦਾਵਾਰ ਥੋੜੀ ਘੱਟ ਹੁੰਦੀ ਹੈ ਪਰ ਉਸਦੀ ਕਣਕ ਏਕੜ ਪਿੱਛੇ ਮਹਿਜ਼ 25-28 ਮਣ ਹੀਂ ਨਿਕਲਦੀ ਹੈ ਜਿਹੜੀ ਨੂੰ ਲੋਕ ਉਸਦੇ ਘਰੋਂ ਹੀ 3000 ਰੁਪਏ ਪ੍ਰਤੀ ਕੁਵਿੰਟਲ ਦੇ ਭਾਅ ਲੈ ਜਾਂਦੇ ਹਨ। ਇਸੇ ਕਰਕੇ ਅੱਜ ਤੱਕ ਉਸਨੇ ਆਪਣੀ ਕਣਕ ਕਦੇ ਕਿਸੇ ਅਨਾਜ ਮੰਡੀ 'ਚ ਨਹੀਂ ਵੇਚੀ। ਜੀਵਾ ਸਿੰਘ ਦਾਅਵਾ ਕਰਦਾ ਹੈ ਕਿ ਇਸੇ ਕੁਦਰਤੀ ਖੇਤੀ ਸਹਾਰੇ ਉਸਨੇ ਛੇ ਏਕੜ ਜ਼ਮੀਨ ਬਣਾਈ ਹੈ ਤੇ ਪੰਜ ਬੱਚਿਆਂ ਨੂੰ ਪੜ੍ਹਾਇਆ ਤੇ ਵਿਆਹ ਕੀਤੇ।

ਉਸ ਨੇ ਦੱਸਿਆ ਕਿ ਉਸਦੀ ਕੁਦਰਤੀ ਢੰਗ ਨਾਲ ਖੇਤੀ ਕਾਰਨ ਪੰਜਾਬ ਪ੍ਰਦੇਸ਼ ਪ੍ਰਦੂਸ਼ਨ ਕੰਟਰੋਲ ਬੋਰਡ ਵੱਲੋਂ 5 ਜੂਨ 2006 ਨੂੰ ਵਿਸ਼ਵ ਵਾਤਾਵਰਣ ਦਿਵਸ 'ਤੇ ਸੂਬਾ ਪੱਧਰੀ ਸਨਮਾਨ ਦਿੱਤਾ ਸੀ। ਇਸ ਸਨਮਾਨ ਨੂੰ ਉਹ ਹਰ ਸਮੇਂ ਸੰਭਾਲ ਕੇ ਰੱਖਦਾ ਹੈ ਤੇ ਆਉਣ ਵਾਲੇ ਨੂੰ ਪੂਰੇ ਚਾਅ ਨਾਲ ਦਿਖਾਉਂਦਾ ਹੈ । ਸਾਲ 2014'ਚ ਹਾਲੈਂਡ ਦਾ ਰਿਸਰਚ ਸ਼ਕਾਲਰ ਟੋਮ ਤੇ ਸਾਰਾ ਮਹੀਨਾ ਭਰ ਉਸਦੀ ਖੇਤੀ ਬਾਰੇ ਖੋਜ ਕਰਕੇ ਗਏ ਸਨ।

ਜੀਵਾ ਸਿੰਘ ਖੇਤੀ ਤੋਂ ਇਲਾਵਾ ਗਰਮੀ ਰੁੱਤੇ ਦੇਸੀ ਕੱਦੂ ,ਚੌਲੇ, ਗੁਆਰਾ ਤੇ ਚਾਰ ਜਾਮਣਾਂ ਦੇ ਦਰਖਤਾਂ 'ਤੇ ਲੱਗਦੀਆਂ ਜਾਮਣਾਂ ਨੂੰ ਖੁਦ ਸਾਈਕਲ 'ਤੇ ਲਹਿਰਾਗਾਗਾ 'ਚ ਘੁੰਮ ਕੇ ਵੇਚਦਾ ਹੈ। ਜੀਵਾ ਸਿੰਘ ਦਾ ਕਹਿਣਾ ਹੈ ਕਿ ਪਹਿਲਾਂ ਨਹਿਰੀ ਪਾਣੀ ਤੇ ਬਾਰਸ਼ ਨਾਲ ਖੇਤੀ ਕਰਦਾ ਸੀ ਪਰ ਹੁਣ ਬਿਜਲੀ ਵਾਲਾ ਟਿਊਬਵੈੱਲ ਲਾਇਆ ਹੈ। ਉਹ ਜ਼ਮੀਨ 'ਚ ਸਿਰਫ ਰੂੜੀ ਦੀ ਸਪਰੇਅ ਕਰਦਾ ਹੈ।



ਕੁਦਰਤੀ ਢੰਗ ਨਾਲ ਪੈਦਾ ਕੀਤੀ ਕਣਕ ਵਿੱਚ ਖੜਾ ਹੋ ਕੇ ਜੀਵਾ ਸਿੰਘ ਮਿਲੇ ਸਨਮਾਨ ਨੂੰ ਦਿਖਾਉਂਦਾ ਹੋਇਆ।

### ਕਠੂਆ ਦੇ ਹਿੰਦੂ ਮੰਦਿਰ ਵਿਚ ਬਲਾਤਕਾਰ ਕਰਕੇ ਮਾਰੀ ਆਸੂਮ ਬੱਚੀ ਬਾਰੇ ਬੋਲੇ ਯੂ.ਐਨ. ਮੁਖੀ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਜੰਮੂ ਦੇ ਇਲਾਕੇ ਕਠੂਆ ਵਿਚ ਹਿੰਦੂ ਮੰਦਿਰ ਦੇ ਪੁਜ਼ਾਰੀ ਅਤੇ ਉਸਦੇ ਸਾਥੀਆਂ ਵਲੋਂ ਵਹਿਸ਼ੀਆਨਾ ਢੰਗ ਨਾਲ ਸਮੂਹਿਕ ਬਲਾਤਕਾਰ ਕਰਕੇ ਕਤਲ ਕੀਤੀ ਗਈ 8 ਸਾਲਾਂ ਦੀ ਬੱਚੀ ਸਬੰਧੀ ਬੋਲਦਿਆਂ ਸੰਯੁਕਤ ਰਾਸ਼ਟਰ (ਯੂ.ਐਨ) ਦੇ ਜਨਰਲ ਸਕੱਤਰ ਐਨਟੋਨੀਓ ਗੁਟੇਰਸ ਨੇ ਇਸ ਘਟਨਾ ਨੂੰ 'ਭਿਆਨਕ' ਦਸਦਿਆਂ ਆਸ ਪ੍ਰਗਟ ਕੀਤੀ ਕਿ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਨਿਊ ਯਾਰਕ ਵਿਚ ਆਪਣੀ ਰੋਜ਼ਾਨਾ ਪ੍ਰੈਸ ਮਿਲਣੀ ਦੌਰਾਨ ਐਨਟੋਨੀਓ ਦੇ ਬੁਲਾਰੇ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਅਸੀਂ ਇਸ ਭਿਆਨਕ ਮਾਮਲੇ ਵਿਚ ਹੋਏ ਜ਼ੁਲਮ ਅਤੇ ਬੱਚੀ ਦੇ ਕਤਲ ਦੀਆਂ ਮੀਡੀਆ ਰਿਪੋਰਟਾਂ ਦੇਖੀਆਂ ਹਨ। ਸਾਨੂੰ ਆਸ ਹੈ ਕਿ ਅਧਿਕਾਰੀ ਅਪਰਾਧੀਆਂ ਨੂੰ ਸਜ਼ਾ ਦੇਣਗੇ।"

## ਨਫ਼ਰਤੀ ਅਪਰਾਧ ਦੇ ਦੋਸ਼ ਤਹਿਤ ਪੈਨਸਿਲਵੇਨੀਆ ਦੇ ਦੋਸ਼ੀ ਜੈਫਰੀ ਨੂੰ 3 ਸਾਲ ਦੀ ਪ੍ਰੋਬੇਸ਼ਨ ਦੀ ਸਜ਼ਾ

**ਹੈਰਿਸਬਰਗ (ਪੈਨਸਿਲਵੇਨੀਆ)/ਹੁਸਨ ਲੜੋਆ ਬੰਗਾ:** ਭਾਰਤੀ ਅਮਰੀਕੀ ਦਾ ਜਬਾੜਾ ਤੋੜਨ ਲਈ ਨਫ਼ਰਤੀ ਅਪਰਾਧ ਦੇ ਦੋਸ਼ ਤਹਿਤ ਪੈਨਸਿਲਵੇਨੀਆ ਦੇ ਦੋਸ਼ੀ ਨੂੰ 3 ਸਾਲ ਦੀ ਪਰਖ ਸਮੇਂ (ਪ੍ਰੋਬੇਸ਼ਨ) ਦੀ ਸਜ਼ਾ ਦਾ ਐਲਾਨ ਕੀਤਾ ਹੈ। 56 ਸਾਲਾ



ਜੈਫਰੀ ਬਰਗੇਸ ਨੇ ਭਾਰਤੀ ਅਮਰੀਕੀ ਅੰਕੁਰ ਮਹਿਤਾ ਦਾ ਜਬਾੜਾ ਤੋੜ ਦਿੱਤਾ ਸੀ, ਇਹ ਸਮਝ ਕੇ ਉਹ ਅਰਬੀ ਹੈ। ਉਕਤ ਸਜ਼ਾ ਮਿਲਣ ਤੋਂ ਪਹਿਲਾਂ ਦੋਸ਼ੀ ਨੇ ਮਹਿਤਾ ਤੋਂ ਮੁਆਫ਼ੀ ਮੰਗੀ ਅਤੇ ਕਿਹਾ ਕਿ ਸੱਚ ਜਾਣੋ ਮੈਨੂੰ ਉਸ ਦਿਨ ਦੀ ਘਟਨਾ ਨਾਲ ਬਹੁਤ ਅਫਸੋਸ ਹੈ। ਇਹ ਘਟਨਾ 33 ਨਵੰਬਰ 2016 ਦੀ ਹੈ। ਇਸ ਤੋਂ ਇਲਾਵਾ ਅਮਰੀਕੀ ਜ਼ਿਲ੍ਹਾ ਜੱਜ ਨੋਰਾ ਬੈਰੀ ਫਿਸਚਰ ਨੇ ਬਰਗੈਸ ਨੂੰ ਚਾਰ ਮਹੀਨੇ ਦੀ ਘਰ ਵਿਚ ਨਜ਼ਰਬੰਦੀ, 50 ਘੰਟਿਆਂ ਦੀ ਕਮਿਊਨਿਟੀ ਸੇਵਾ ਦੀ ਸਜ਼ਾ ਵੀ ਸੁਣਾਈ ਅਤੇ ਪਿਟਸਬਰਗ ਵਿਖੇ ਪੀੜਤਾਂ ਲਈ ਬਣੇ ਕੇਂਦਰ ਵਿਚ ਆਪਣੀ ਸਜ਼ਾ ਪੂਰੀ ਕਰਨ ਦਾ ਹੁਕਮ ਦਿੱਤਾ। ਇਸ ਦੇ ਨਾਲ ਹੀ ਜੱਜ ਨੇ ਇਹ ਵੀ ਹੁਕਮ ਦਿੱਤਾ ਕਿ ਉਹ ਆਪਣੀ ਸ਼ਰਾਬ ਛੱਡਣ ਬਾਰੇ ਵੀ ਇਲਾਜ ਕਰਵਾਏ, ਜਿਸ ਨੂੰ ਉਸ ਦੇ ਵਕੀਲ ਨੇ ਇਸ ਹਮਲੇ ਦਾ ਮੁੱਖ ਕਾਰਨ ਦੱਸਿਆ ਸੀ।

ਜੱਜ ਨੇ ਇਸ ਮਾਮਲੇ ਵਿਚ ਇਹ ਵੀ ਪਾਇਆ ਕਿ ਟਰੰਪ ਪ੍ਰਸ਼ਾਸ਼ਨ ਵਿਚ ਨਫ਼ਰਤੀ ਅਪਰਾਧਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਨੇ ਟਿੱਪਣੀ ਕੀਤੀ ਕਿ ਇਹ ਸਹੀ ਵਤੀਰਾ ਨਹੀਂ ਸਗੋਂ ਸ਼ਰਮਨਾਕ ਵਤੀਰਾ ਸੀ। ਉਨ੍ਹਾਂ ਨੇ ਬਰਗੈਸ ਨੂੰ ਕਿਹਾ ਕਿ ਉਹ ਪਿਛੋਕੜ ਅਪਰਾਧਕ ਨਹੀਂ ਹੈ ਉਸ ਦੇ ਮਜ਼ਬੂਤ ਪਰਿਵਾਰਕ ਇਤਿਹਾਸ ਅਤੇ ਰੋਜ਼ਗਾਰ ਦੇ ਵਧੀਆ ਰਿਕਾਰਡ ਕਾਰਨ ਹੀ ਉਸ ਨੂੰ ਇਹ ਮਾਮੂਲੀ ਸਜ਼ਾ ਦੇਣਾ ਉਚਿਤ ਸੀ ਬਜਾਏ ਇਸ ਦੇ ਉਸ ਨੂੰ ਜੇਲ੍ਹ ਭੇਜਿਆ ਜਾਣਾ ਸੀ। ਘਟਨਾ ਸਮੇਂ ਮਹਿਤਾ ਹੈਡਫੋਨ 'ਤੇ ਸੰਗੀਤ ਸੁਣ ਰਿਹਾ ਸੀ ਅਤੇ ਕੰਪਿਊਟਰ ਟੈਬ 'ਤੇ ਕੰਮ ਕਰ ਰਿਹਾ ਸੀ ਜਦੋਂ ਬਰਗੈਸ ਨੇ ਉਸ ਨੂੰ ਗਲਤ ਬੋਲਣਾ ਸ਼ੁਰੂ ਕੀਤਾ ਪਰ ਉਸ ਨੇ ਉਸ ਵੱਲ ਧਿਆਨ ਨਾ ਦਿੱਤਾ। ਪਰ ਸ਼ਰਾਬੀ ਹਾਲਤ ਵਿਚ ਬਰਗੈਸ ਨੇ ਮਹਿਤਾ ਨੂੰ ਸਿਰ ਦੇ ਪਿਛੋਂ ਮੁੱਕਾ ਮਾਰਿਆ ਅਤੇ ਫਿਰ ਉਸ ਦੇ ਸਿਰ, ਗਲੇ ਅਤੇ ਮੂੰਹ 'ਤੇ ਮੁੱਕੇ ਮਾਰੇ ਜਿਸ ਨਾਲ ਮਹਿਤਾ ਦਾ ਜਬਾੜਾ ਟੁੱਟ ਗਿਆ, ਸਿਰ ਵਿਚ ਸੱਟ ਲੱਗੀ ਅਤੇ ਦੰਦ ਵੀ ਟੁੱਟ ਗਿਆ।

## ਭਾਰਤੀ ਅਮਰੀਕੀ ਦੀ ਹੱਤਿਆ ਦੇ ਮਾਮਲੇ 'ਚ ਸ਼ੱਕੀ ਨਫ਼ਰਤੀ ਅਪਰਾਧ ਦਾ ਦੋਸ਼ ਸਵੀਕਾਰ ਕਰੇਗਾ

**ਟੋਪੇਕਾ (ਕਾਨਸਾਸ)/ਹੁਸਨ ਲੜੋਆ ਬੰਗਾ**

ਪਿਛਲੇ ਸਾਲ ਕਾਨਸਾਸ ਸ਼ਹਿਰ ਵਿਚ ਇਕ ਭਾਰਤੀ ਅਮਰੀਕੀ ਇੰਜੀਨੀਅਰ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਵਲੋਂ ਨਫ਼ਰਤੀ ਅਪਰਾਧ ਦਾ ਦੋਸ਼ ਸਵੀਕਾਰ ਕਰ



ਲਏ ਜਾਣ ਦੀ ਸੰਭਾਵਨਾ ਹੈ। 52 ਸਾਲਾ ਐਡਮ ਪਰਿੰਟਨ ਨਾਂ ਦੇ ਦੋਸ਼ੀ ਵਲੋਂ ਬੀਤੇ ਦਿਨੀਂ ਕਾਨਸਾਸ ਦੀ ਸੰਘੀ ਅਦਾਲਤ ਵਲੋਂ ਆਪਦਾ ਪੱਖ ਬਦਲਣ ਲਈ ਨੋਟਿਸ ਦਾਇਰ ਕੀਤਾ ਸੀ। ਇਸੇ ਅਦਾਲਤ ਨੇ ਉਸ ਨੂੰ ਨਫਰਤੀ ਅਪਰਾਧ ਦਾ ਦੋਸ਼ੀ ਪਾਇਆ ਸੀ। ਇਹ ਘਟਨਾ ਫਰਵਰੀ 2017 ਦੀ ਹੈ ਜਦੋਂ ਦੱਖਣੀ ਭਾਰਤ ਦੀ ਸ੍ਰੀਨਿਵਾਸ ਕੁਚੀਬੋਟਲਾ ਨੂੰ ਇਕ ਬਾਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਕਤ ਦੋਸ਼ੀ ਨੇ ਸ੍ਰੀਨਿਵਾਸ ਦੇ ਕਤਲ ਵਿਚ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਸਵੀਕਾਰ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਉਸ ਨੇ ਉਸੇ ਘਟਨਾ ਵਿਚ ਇਕ ਹੋਰ ਵਿਅਕਤੀ ਨੂੰ ਹਮਲਾ ਕਰਨ ਅਤੇ ਜਖ਼ਮੀ ਕਰਨ ਦੇ ਇਰਾਦਾ ਕਤਲ ਦੇ ਦੋਸ਼ ਵੀ ਸਵੀਕਾਰ ਕੀਤੇ ਹਨ। ਗਵਾਹਾਂ ਅਨੁਸਾਰ ਦੋਸ਼ੀ ਜੋ ਕਿ ਗੋਰਾ ਹੈ, ਨੇ 22 ਫਰਵਰੀ 2017 ਵਾਲੇ ਦਿਨ ਉਸ ਗੋਲੀ ਕਾਂਡ ਵਿਚ ਕੁਚੀਬੋਟਲਾ ਨੂੰ ਗੋਲੀ ਮਾਰਨ ਤੋਂ ਪਹਿਲਾਂ ਉੱਚੀ ਆਵਾਜ਼ ਵਿਚ ਕਿਹਾ ਸੀ ਕਿ 'ਸਾਡੇ ਦੇਸ਼ 'ਚੋਂ ਨਿਕਲ ਜਾਓ।' ਇਸ ਗੋਲੀ ਕਾਂਡ ਵਿਚ ਜਖ਼ਮੀ ਹੋਣ ਵਾਲਾ ਦੂਜਾ ਭਾਰਤੀ ਮਦਾਸਨੀ ਸੀ ਅਤੇ ਇਸ ਵਿਚ ਦਖ਼ਲ ਦੇਣ ਵਾਲਾ ਇਆਨ ਗ੍ਰਿਲੋਟ ਵੀ ਜਖ਼ਮੀ ਹੋ ਗਿਆ ਸੀ। ਇਸ ਤੋਂ ਪਹਿਲਾਂ ਦੋਸ਼ੀ ਨੇ ਨਵੰਬਰ ਵਿਚ ਸੁਣਵਾਈ ਦੌਰਾਨ ਪਹਿਲੇ ਦਰਜੇ ਦੇ ਦੋਸ਼ਾਂ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਸੀ ਪਰ ਹੁਣ ਉਸ ਨੇ ਆਪਣੇ ਬਿਆਨ ਬਦਲਣ ਲਈ ਅਰਜ਼ੀ ਪਾਈ ਹੈ। ਇਸ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਕੁਚੀਬੋਟਲਾ ਦੀ ਪਤਨੀ ਸੁਨੈਨਾ ਦੁਮਾਲਾ ਨੇ ਕਿਹਾ ਕਿ ਦੋਸ਼ੀ ਵਲੋਂ ਗ਼ਲਤੀ ਸਵੀਕਾਰ ਕਰਨ ਨਾਲ ਮੇਰਾ ਪਤੀ ਵਾਪਸ ਤਾਂ ਨਹੀਂ ਆ ਸਕਦਾ ਪਰ ਇਸ ਨਾਲ ਇਹ ਸਖ਼ਤ ਸੰਦੇਸ਼ ਜ਼ਰੂਰ ਜਾਵੇਗਾ ਕਿ ਨਫ਼ਰਤ ਕਦੀ ਵੀ ਸਵੀਕਾਰ ਨਹੀਂ ਕੀਤੀ ਜਾ ਸਕਦੀ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਅਤੇ ਪਿਆਰ ਨਾਲ ਰਹਿਣਾ ਚਾਹੀਦਾ ਹੈ। ਨਫਰਤੀ ਅਪਰਾਧ ਲਈ ਮੌਤ ਦੀ ਸਜ਼ਾ ਦੀ ਵਿਵਸਥਾ ਹੈ। ਮਾਮਲੇ ਦੀ ਅਗਵਾਲੀ ਸੁਣਵਾਈ 21 ਮਈ ਨੂੰ ਹੋਵੇਗੀ।

# ਪੰਜਾਬੀ ਲੋਕ ਗਾਇਕੀ 'ਚ ਔਰਤਾਂ ਦਾ ਯੋਗਦਾਨ

**ਹਰਦਿਆਲ ਸਿੰਘ ਥੂਹੀ**

ਪੁਰਾਣੇ ਸਮਿਆਂ ਦੇ ਪੰਜਾਬ 'ਚ ਔਰਤਾਂ ਦੀ ਗਾਇਕੀ ਕੇਵਲ ਘਰ ਦੀ ਚਾਰਦੀਵਾਰੀ ਤੱਕ ਸੀਮਤ ਸੀ। ਵਿਆਹਾਂ-ਸ਼ਾਦੀਆਂ ਜਾਂ ਹੋਰ ਖ਼ੁਸ਼ੀ ਦੇ ਮੌਕਿਆਂ ਤੇ ਔਰਤਾਂ ਘਰਾਂ ਵਿੱਚ ਹੀ ਲੋਕ ਗੀਤ ਗਾ ਕੇ ਆਪਣਾ ਮਨ ਪਰਚਾਵਾ ਕਰ ਲੈਂਦੀਆਂ ਸਨ। ਸਮੇਂ ਦੇ ਫੇਰ ਨਾਲ ਗਾਇਕੀ ਨਾਲ ਜੁੜੇ ਕੁਝ ਕਸਬੀ ਪਰਿਵਾਰਾਂ ਦੀਆਂ ਔਰਤਾਂ ਨੇ ਆਪਣੇ ਪਰਿਵਾਰਾਂ ਦੇ ਸਹਿਯੋਗ ਨਾਲ ਇਸ ਪਾਸੇ ਪਹਿਲਕਦਮੀਂ ਕੀਤੀ। ਹੌਲੀ-ਹੌਲੀ ਇਹ ਘਰਾਂ ਦੀਆਂ ਮਹਿਫ਼ਲਾਂ ਤੋਂ ਰੇਡੀਓ ਤੱਕ ਪਹੁੰਚ ਗਈਆਂ ਤੇ ਬਾਅਦ ਵਿੱਚ ਹੋਰ ਰਿਕਾਰਡਿੰਗ ਕੰਪਨੀਆਂ ਵਿੱਚ ਵੀ ਇਨ੍ਹਾਂ ਦੀ ਰਿਕਾਰਡਿੰਗ ਹੋਣ ਲੱਗ ਪਈ। ਇਸ ਤਰ੍ਹਾਂ ਪੰਜਾਬੀ ਲੋਕ ਗਾਇਕੀ ਦੇ ਵਿਸ਼ਾਲ ਭੰਡਾਰ ਵਿੱਚ ਔਰਤਾਂ ਨੇ ਭਰਪੂਰ ਯੋਗਦਾਨ ਪਾਇਆ, ਜਿਸ ਦਾ ਜ਼ਿਕਰ ਕਰਨਾ ਬਣਦਾ ਹੈ।

ਗਾਇਕੀ ਦੇ ਰਿਕਾਰਡਿੰਗ ਇਤਿਹਾਸ ਨੂੰ ਵਾਚਣ 'ਤੇ ਪਤਾ



ਲੱਗਦਾ ਹੈ ਕਿ ਸ਼ੁਰੂ 'ਚ ਔਰਤਾਂ ਦੁਆਰਾ ਗਾਈ ਜਾਣ ਵਾਲੀ ਗਾਇਕੀ ਕਲਾਸਕੀ ਛੋਹ ਵਾਲੀ ਗਾਇਕੀ ਸੀ, ਜੋ ਸੰਗੀਤ ਘਰਾਣਿਆਂ 'ਚ ਪਨਪੀ ਅਤੇ ਸਮਾਜ ਦੇ ਇੱਕ ਖ਼ਾਸ ਵਰਗ 'ਚ ਮਕਬੂਲ ਹੋ ਕੇ ਰਿਕਾਰਡਿੰਗ ਰਾਹੀਂ ਆਮ ਲੋਕਾਂ ਤੱਕ ਪਹੁੰਚੀ।

ਇਹ ਗਾਇਕੀ ਕਲਾਸਕੀ ਛੋਹ ਵਾਲੀ ਹੋਣ ਦੇ ਬਾਵਜੂਦ ਵੀ ਸਿੱਧੀ ਸਾਦੀ ਸੀ ਤੇ ਪ੍ਰਚੱਲਿਤ ਲੋਕ ਗੀਤਾਂ 'ਤੇ ਆਧਾਰਿਤ ਸੀ। ਆਮ ਤੌਰ 'ਤੇ ਸੰਗੀਤ ਲਈ ਹਰਮੋਨੀਅਮ, ਸਾਰੰਗੀ, ਤਬਲੇ, ਢੋਲਕ, ਤੂੰਬੇ ਆਦਿ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਸਤਾਦ ਲੋਕਾਂ ਦੀ ਰਹਿਨੁਮਾਈ ਹੇਠ ਹੀ ਗਾਇਆ ਜਾਂਦਾ ਸੀ। ਲਗਾਤਾਰ ਰਿਆਜ਼ ਕੀਤਾ ਜਾਂਦਾ ਸੀ, ਸਾਲਾਂ ਦੀ ਤਪੱਸਿਆ ਤੋਂ ਬਾਅਦ ਹੀ ਕਿਸੇ ਨੂੰ ਕਲਾਕਾਰ ਕਹਾਉਣ ਦਾ ਸੁਭਾਗ ਪ੍ਰਾਪਤ ਹੁੰਦਾ ਸੀ।

ਇਸ ਕਾਲ ਦੀਆਂ ਗਾਇਕਾਵਾਂ ਵਿੱਚ ਜੀਨਤ ਬੇਗ਼ਮ, ਫ਼ੁਲ ਜ਼ਮਾਨ, ਸ਼ਮਸ਼ਾਦ ਬੇਗ਼ਮ, ਦਿਲਸ਼ਾਦ ਬੇਗਮ, ਨੂਰਜਹਾਂ, ਉਮਰਾਜ਼ੀਆ ਬੇਗ਼ਮ, ਜ਼ੋਹਰਾ ਜਾਨ, ਬਦਰੁਨੀਸਾ, ਮੁਨੱਵਰ ਸੁਲਤਾਨਾ, ਫ਼ਜ਼ਲ ਬੀਬੀ, ਮਹਿਫੀਦਾ ਬੇਗ਼ਮ, ਨਵਾਬ ਬਾਈ, ਜ਼ਕਰੀਆ ਬਾਈ, ਮਿਸ ਕਮਲਾ ਝਰੀਆ, ਮਿਸ ਆਈ.ਐੱਮ. ਸਿਪਲੇ, ਮਿਸ ਬਦਰੋ ਮੁਲਤਾਨ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਪੁਸ਼ਪਾ ਹੰਸ ਆਦਿ ਸ਼ਾਮਲ ਹਨ। ਇਨ੍ਹਾਂ 'ਚੋਂ ਬਹੁਤੀਆਂ ਦਾ ਸੰਬੰਧ ਲਾਹੌਰ ਸ਼ਹਿਰ ਨਾਲ ਸੀ।

ਇੱਕ ਗੱਲ ਜਿਸ ਦਾ ਇਸ ਸਮੇਂ ਵਿੱਚ ਬਹੁਤ ਜ਼ਿਆਦਾ ਮਹੱਤਵ ਹੈ, ਉਹ ਹੈ ਆਲ ਇੰਡੀਆ ਰੇਡੀਓ ਲਾਹੌਰ ਦਾ ਸਥਾਪਿਤ ਹੋਣਾ। ਇਸ ਸਟੇਸ਼ਨ ਦੀ ਸਥਾਪਨਾ 1936 ਵਿੱਚ ਹੋਈ। ਲਾਹੌਰ ਸ਼ਹਿਰ ਨਾ ਕੇਵਲ ਪੰਜਾਬ ਦਾ, ਸਗੋਂ ਭਾਰਤ ਦਾ ਹੀ ਇੱਕ ਪ੍ਰਮੁੱਖ ਸ਼ਹਿਰ ਸੀ, ਜੋ ਸਾਹਿਤਕਾਰਾਂ, ਅਦੀਬਾਂ, ਵਿਦਵਾਨਾਂ, ਕਲਾਕਾਰਾਂ, ਸੰਗੀਤਕਾਰਾਂ, ਗਾਇਕਾਂ ਅਤੇ ਫਿਲਮਾਂ ਦਾ ਕੇਂਦਰ ਸੀ। ਇੱਥੋਂ ਦੇ ਰੇਡੀਓ ਸਟੇਸ਼ਨ ਨੇ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ ਤੇ ਬਹੁਤ ਸਾਰੇ ਗਾਇਕਾਂ ਤੇ ਗਾਇਕਾਵਾਂ ਨੂੰ ਲੋਕਾਂ ਦੇ ਸਾਹਮਣੇ ਆਉਣ ਦਾ ਮੌਕਾ ਦਿੱਤਾ।

ਇਸ ਸਟੇਸ਼ਨ ਤੋਂ ਸ਼ਮਸ਼ਾਦ ਬੇਗ਼ਮ, ਦਿਲਸ਼ਾਦ ਬੇਗ਼ਮ, ਮੁਨੱਵਰ ਸੁਲਤਾਨਾ, ਨੂਰ ਜਹਾਂ, ਉਮਰਾਜ਼ੀਆ ਬੇਗ਼ਮ, ਨਵਾਬ ਬਾਈ, ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਨੇ ਆਪਣੀ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ।

ਮੁੱਢਲੀਆਂ ਗਾਇਕਾਵਾਂ ਬਾਰੇ ਮਿਲਦੀ ਜਾਣਕਾਰੀ ਤੋਂ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕੇਵਲ ਮੁਸਲਮਾਨ ਗਾਇਕਾਵਾਂ ਦਾ ਹੀ ਬੋਲਬਾਲਾ ਸੀ। ਇਸ ਦੀਆਂ ਜੜ੍ਹਾਂ ਜਗੀਰਦਾਰੀ, ਸਾਮੰਤਵਾਦੀ ਪ੍ਰਬੰਧ ਵਿੱਚ ਸਮਾਈਆਂ ਹੋਈਆਂ ਹਨ। ਅਸਲ ਵਿੱਚ ਇਸ ਸਮੇਂ ਗਾਉਣਾ ਵੀ ਇੱਕ ਕਿੱਤਾ ਹੋਇਆ ਕਰਦਾ ਸੀ ਤੇ ਕੁਝ ਖ਼ਾਸ ਪਰਿਵਾਰ ਜਾਂ ਕਬੀਲੇ ਹੀ ਗੀਤ ਸੰਗੀਤ ਦਾ ਕੰਮ ਕਰਦੇ ਸਨ। ਕਈਆਂ ਨੂੰ ਸ਼ਾਹੀ ਸਰਪ੍ਰਸਤੀ ਵੀ ਹਾਸਲ ਸੀ। ਇਨ੍ਹਾਂ ਪਰਿਵਾਰਾਂ ਵਿੱਚ ਹੀ ਇਸਤਰੀਆਂ ਨੂੰ ਗਾਉਣ ਦੀ ਖੁੱਲ੍ਹ ਸੀ। ਛੋਟੀ ਉਮਰ ਤੋਂ ਹੀ ਲੜਕੀਆਂ ਨੂੰ ਗੀਤ-ਸੰਗੀਤ ਦੀ ਸਿੱਖਿਆ ਬਾਕਾਇਦਾ ਦਿੱਤੀ ਜਾਂਦੀ ਸੀ। ਉੱਚ ਘਰਾਣਿਆਂ ਵਿੱਚ ਖ਼ੁਸ਼ੀ ਦੇ ਮੌਕਿਆਂ 'ਤੇ ਇਨ੍ਹਾਂ ਗਾਉਣ ਵਾਲੀਆਂ ਪਾਰਟੀਆਂ ਤੋਂ ਹੀ ਮੁਜਰੇ ਆਦਿ ਕਰਵਾਏ ਜਾਂਦੇ ਸਨ। ਹਿੰਦੂਆਂ ਤੇ ਸਿੱਖ ਪਰਿਵਾਰਾਂ ਵਿੱਚ ਲੜਕੀਆਂ ਲਈ ਘਰ ਤੋਂ ਬਾਹਰ ਗਾਉਣਾ ਵਰਜਿਤ ਸੀ। ਵਿਆਹਾਂ ਸ਼ਾਦੀਆਂ ਜਾਂ ਹੋਰ ਖ਼ੁਸ਼ੀ ਦੇ ਮੌਕਿਆਂ 'ਤੇ ਭਾਵੇਂ ਘਰਾਂ 'ਚ ਲੜਕੀਆਂ ਜਾਂ ਇਸਤਰੀਆਂ ਲੋਕ ਗੀਤ ਆਮ ਗਾਉਂਦੀਆਂ ਨ।

ਹਿੰਦੂ-ਸਿੱਖ ਪਰਿਵਾਰਾਂ ਵਿੱਚੋਂ ਇਨ੍ਹਾਂ ਲੋਕ ਗੀਤਾਂ ਨੂੰ ਘਰ ਦੀ ਚਾਰਦੀਵਾਰੀ 'ਚੋਂ ਰੇਡੀਓ ਤੱਕ ਪਹੁੰਚਾਉਣ ਵਾਲੀਆਂ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਪੁਸ਼ਪਾ ਹੰਸ, ਜਗਜੀਤ ਕੌਰ, ਅਜੀਤ ਕੌਰ, ਮਹਿੰਦਰ ਕੌਰ ਹਨ, ਜੋ ਪਰੰਪਰਾ ਦੀ ਉਸ ਵਲਗਣ ਤੋਂ ਬਾਹਰ ਆਈਆਂ। ਪ੍ਰਕਾਸ਼ ਕੌਰ ਨੇ ਲੱਗਭੱਗ 1938 ਵਿੱਚ ਲਾਹੌਰ ਰੇਡੀਓ ਤੋਂ ਗਾਇਆ। 1942 ਵਿੱਚ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਵਿੱਚ ਸੁਰਿੰਦਰ ਕੌਰ ਵੀ ਰੇਡੀਓ 'ਤੇ ਪੁੱਜ ਗਈ ਸੀ। ਇਨ੍ਹਾਂ ਦੋਵਾਂ ਭੈਣਾਂ ਨੇ ਰਲ਼ ਕੇ ਬਹੁਤ ਸਾਰੇ ਪੰਜਾਬੀ ਲੋਕ ਗੀਤ ਰਿਕਾਰਡ ਕਰਵਾਏ। ਇਹ ਗੀਤ ਅੱਜ ਵੀ ਉੱਨੇ ਹੀ ਤਾਜ਼ਾ ਤੇ ਲੋਕ ਮਨਾਂ ਨੂੰ ਧੂਹ ਪਾਉਂਦੇ ਨ, ਜਿੰਨੀ ਕਿ ਉਸ ਸਮੇਂ ਪਾਉਂਦੇ ਨ।

ਗਾਇਕਾਵਾਂ ਦੁਆਰਾ ਗਾਏ ਸੋਲੋ ਗੀਤਾਂ ਅਤੇ ਦੋਗਾਣਿਆਂ 'ਚ ਵਿਸ਼ੇਸ਼ ਆਮ ਤੌਰ 'ਤੇ ਇੱਕ ਮੁਹੱਬਤ, ਮਾਹੀ ਤੋਂ ਦੂਰ ਰਹਿਣ ਦਾ ਗ਼ਮ, ਅੱਖੀਆਂ ਲਾਉਣ ਦੇ ਦੁੱਖ, ਦਿਲ ਦੇ ਦਰਦ ਆਦਿ ਹੀ ਰਹੇ।



ਏਸੇ ਗੱਲ ਦੀ ਡਰਦੀ ਅੜਿਆ
ਮੈਂ ਨਾ ਅੱਖੀਆਂ ਲਾਉਂਦੀ ...
(ਸ਼ਮਸ਼ਾਦ ਬੇਗ਼ਮ ਅਤੇ ਸਾਥਣਾਂ)
ਮੇਰੇ ਦਿਲ ਦੀ ਆਸ ਪੁਗਾ...
(ਮਿਸ ਆਈ.ਐਮ. ਸ਼ਿਪਲੇ)
ਜੇ ਨਹੀਂ ਕਰਨਾ ਸੀ ਪਿਆਰ ਮਾਹੀ...
(ਰਸ਼ੀਦਾ ਬੇਗ਼ਮ)
ਰੱਬ ਖੈਰ ਕਰੇ ਪਈ ਅੱਖ ਫਰਕੇ...
ਆ ਵੇ ਪੰਛੀ ਦੇਸ ਦਿਆ,
ਕੀਕਣ ਭੁੱਲਿਆ ਏ ਰਾਹ...
ਧੀਰੇ ਧੀਰੇ ਬੋਲ ਪਪੀਹਾ, ਹੌਲੇ ਹੌਲੇ ਬੋਲ
ਸੁਣ ਸੁਣ ਤੇਰੀ ਦਰਦ ਕਹਾਣੀ,
ਯਾਦ ਆਉਂਦਾ ਆਪਣਾ ਹਾਣੀ...
ਦੋ ਅੱਖੀਆਂ ਦਾ ਸਾਇਆ,
ਉੱਡਦਾ ਉੱਡਦਾ ਆਇਆ...
(ਜੀਨਤ ਬੇਗ਼ਮ)

ਇਸ ਤੋਂ ਇਲਾਵਾ ਪ੍ਰਚੱਲਿਤ ਲੋਕ ਗੀਤਾਂ 'ਚੋਂ ਵੀ ਗੀਤ ਗਾਏ ਹੋਏ ਮਿਲਦੇ ਹਨ, ਜਿਨ੍ਹਾਂ 'ਚ ਜਨ ਸਾਧਾਰਨ ਦੇ ਕੰਮਾਂ-ਕਾਰਾਂ, ਰਸਮਾਂ ਰਿਵਾਜ਼ਾਂ ਅਤੇ ਵਸਤੂਆਂ ਦਾ ਭਰਪੂਰ ਜ਼ਿਕਰ ਮਿਲਦਾ ਹੈ-

ਤਾਰਿਆਂ ਦੀ ਛਾਵੇਂ ਵੇ ਮੈਂ
ਦੁੱਧ ਪਈ ਰਿੜਕਾਂ...
ਮੱਸਿਆ ਦੀ ਰਾਤ ਕਾਲੀ...
(ਦਿਲਸ਼ਾਦ ਬੇਗ਼ਮ)
ਹੱਥ ਜੋੜਾ ਪੱਖੀਆਂ ਦਾ
ਇੱਕ ਵਾਰੀ ਤੱਕ ਸੋਹਣਿਆਂ ਵੇ ਕੀ ਘਸਦਾ ਏ ਅੱਖੀਆਂ ਦਾ (ਸ਼ਮਸ਼ਾਦ ਬੇਗ਼ਮ)
ਮੁੰਦਰੀ ਦੇ ਦੇ ਮਾਹੀਆ...
(ਮਿਸ ਬਦਰੋ ਸੁਲਤਾਨ)
ਐਡਾ ਮੇਰਾ ਕਿਹੜਾ ਦਰਦੀ,
ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ...
(ਫਜ਼ਲ ਬੀਬੀ)
ਸਾਡਾ ਮਾਹੀ ਅੜੀਓ ਨੀ ਦੇਸ ਪੰਜਾਬ ਦਾ...
(ਮੁਨੱਵਰ ਸੁਲਤਾਨਾ)
ਬੰਦਾ ਆਖੇ ਮੇਰੇ ਵਰਗਾ,
ਹੋਰ ਨਾ ਜੱਗ 'ਤੇ ਕੋਈ
ਮੌਤ ਕਹੇ ਤੂੰ ਭੇਸ ਵਟਾ ਕੇ
ਅਸਲੀ ਸ਼ਕਲ ਲਕੋਈ
ਭੋਲੀ ਜ਼ਿੰਦੇ ਨਾ ਕਰ ਐਵੇਂ ਕਿੱਸੇ,
ਝਗੜੇ ਝੇੜੇ
ਚਾਰ ਦਿਨਾਂ ਦਾ ਰੈਣ ਬਸੇਰਾ,
ਓੜਕ ਜਾਣਾ ਡੇਰੇ... (ਗੁਲ ਜ਼ਮਾਨ)

ਉਸ ਸਮੇਂ ਕਲਕੱਤਾ ਤੋਂ ਬਾਅਦ ਲਾਹੌਰ ਭਾਰਤ ਦਾ ਪ੍ਰਸਿੱਧ ਸ਼ਹਿਰ ਸੀ, ਪਰ ਹੌਲੀ-ਹੌਲੀ ਬੰਬਈ ਇੱਕ ਪ੍ਰਮੁੱਖ ਫਿਲਮੀ ਕੇਂਦਰ ਬਣ ਗਿਆ ਤੇ ਇਨ੍ਹਾਂ ਦੋਵਾਂ ਸ਼ਹਿਰਾਂ ਨੂੰ ਹਰ ਪੱਖੋਂ ਪਛਾੜ ਗਿਆ। ਬਹੁਤ ਸਾਰੇ ਸ਼ਾਇਰ, ਸੰਗੀਤਕਾਰ ਤੇ ਗਾਇਕ ਮੁੰਬਈ ਪਹੁੰਚ ਗਏ। ਸ਼ਮਸ਼ਾਦ ਬੇਗ਼ਮ, ਨੂਰਜਹਾਂ ਆਦਿ ਗਾਇਕਾਵਾਂ ਵੀ ਲਾਹੌਰ ਤੋਂ ਮੁੰਬਈ ਚਲੀਆਂ ਗਈਆਂ ਅਤੇ ਫਿਲਮਾਂ ਵਿੱਚ ਪਿੱਠਵਰਤੀ ਗਾਇਕਾਵਾਂ ਵਜੋਂ ਗਾਉਣ ਲੱਗ ਪਈਆਂ। ਵੰਡ ਵੇਲੇ ਨੂਰਜਹਾਂ ਵਾਪਸ ਲਾਹੌਰ (ਪਾਕਿਸਤਾਨ) ਚਲੀ ਗਈ ਅਤੇ ਸ਼ਮਸ਼ਾਦ ਬੇਗ਼ਮ ਮੁੰਬਈ ਹੀ ਟਿਕੀ ਰਹੀ।

ਸੰਨ 1947 'ਚ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਭੈਣਾਂ ਲਾਹੌਰ ਛੱਡ ਕੇ ਪਰਿਵਾਰ ਸਮੇਤ ਦਿੱਲੀ ਆ ਗਈਆਂ। ਸੰਨ 1948 'ਚ ਸੁਰਿੰਦਰ ਕੌਰ ਸੰਗੀਤਕਾਰ ਗ਼ੁਲਾਮ ਹੈਦਰ ਦੇ ਸੱਦੇ 'ਤੇ ਬੰਬਈ ਚਲੀ ਗਈ, ਪਰ ਪ੍ਰਕਾਸ਼ ਕੌਰ ਦਿੱਲੀ ਹੀ ਰਹੀ। ਉਸ ਨੇ ਦਿੱਲੀ ਰੇਡੀਓ ਸਟੇਸ਼ਨ ਤੋਂ ਆਪਣੀ ਗਾਇਕੀ ਦਾ ਸਫ਼ਰ ਜਾਰੀ ਰੱਖਿਆ। ਪੰਜ ਕੁ ਸਾਲ ਫਿਲਮਾਂ ਵਿੱਚ ਸੰਘਰਸ਼ ਕਰਨ ਤੋਂ ਬਾਅਦ ਸੁਰਿੰਦਰ ਕੌਰ ਸੰਨ 1953 'ਚ ਮੁੰਬਈ ਤੋਂ ਦਿੱਲੀ ਮੁੜ ਆਈ। ਫਿਰ ਦੋਵੇਂ ਭੈਣਾਂ ਨੇ ਬਹੁਤ ਸਾਰੇ ਲੋਕ ਗੀਤ ਮਿਲ ਕੇ ਗਾਏ। ਹੁਣ ਤਾਂ ਛੋਟੀ ਨਰਿੰਦਰ ਕੌਰ ਨੇ ਵੀ ਨਾਲ ਸਾਥ ਦੇਣਾ ਸ਼ੁਰੂ ਕਰ ਦਿੱਤਾ। ਜਿਹੜੇ ਲੋਕ ਗੀਤ ਪਹਿਲਾਂ ਪ੍ਰਕਾਸ਼ ਕੌਰ ਨੇ ਇਕੱਲੀ ਨੇ ਰਿਕਾਰਡ ਕਰਵਾਏ ਸਨ, ਕੰਪਨੀ ਨੇ ਉਨ੍ਹਾਂ ਨੂੰ ਮੁੜ ਦੋਵਾਂ ਭੈਣਾਂ ਦੀ ਆਵਾਜ਼ 'ਚ ਰਿਕਾਰਡ ਕੀਤਾ। ਇਹ ਤਜਰਬਾ ਬਹੁਤ ਸਫਲ ਰਿਹਾ। ਇਸ ਤਰ੍ਹਾਂ ਸੰਨ 1953 ਤੋਂ ਲੈ ਕੇ ਪ੍ਰਕਾਸ਼ ਕੌਰ ਦੀ ਮੌਤ ਤੱਕ ਪੰਜਾਬੀ ਸੰਗੀਤ ਜਗਤ 'ਤੇ ਇਹ ਦੋਵੇਂ ਭੈਣਾਂ ਛਾਈਆਂ ਰਹੀਆਂ।

ਲੋਕ ਗੀਤਾਂ ਦੇ ਨਾਲ-ਨਾਲ ਪ੍ਰਕਾਸ਼ ਕੌਰ ਤੇ ਸੁਰਿੰਦਰ



ਕੌਰ ਨੇ ਗਿਆਨ ਚੰਦ ਧਵਨ, ਗੌਰੀ ਸ਼ੰਕਰ ਸਾਕੀ, ਚਾਂਦ ਪੰਡਤ, ਨੰਦ ਲਾਲ ਨੂਰਪੁਰੀ ਆਦਿ ਗੀਤਕਾਰਾਂ ਦੇ ਗੀਤਾਂ ਨੂੰ ਅਵਾਜ਼ਾਂ ਦਿੱਤੀਆਂ। ਇਨ੍ਹਾਂ ਵਿੱਚੋਂ ਵੀ ਬਹੁਤ ਸਾਰੇ ਗੀਤ ਲੋਕ ਗੀਤਾਂ ਦਾ ਭੁਲੇਖਾ ਪਾਉਂਦੇ ਨ। ਇਨ੍ਹਾਂ ਦੇ ਗਾਏ ਕੁਝ ਗੀਤਾਂ ਦੇ ਮੁਖੜੇ ਇਸ ਤਰ੍ਹਾਂ ਹਨ-

ਮਾਵਾਂ ਤੇ ਧੀਆਂ ਰਲ਼ ਬੈਠੀਆਂ
ਨੀ ਮਾਏ...
– ਕਾਲਾ ਡੋਰੀਆ ਕੁੰਡੇ ਨਾਲ
ਅੜਿਆ ਈ ਓ...
– ਹਰਿਆ ਨੀ ਮਾਏਂ ਹਰਿਆ ਨੀ ਭੈਣੇ...
– ਨਿੱਕਿਆ ਮਾਂ ਵੇ ਸੁਹਾਗਣ
ਤੇਰੇ ਸ਼ਗਨ ਕਰੇ...
– ਪੈਰ ਧੋ ਕੇ ਝਾਂਜਰਾਂ ਪਾਉਂਦੀ,
ਕਿ ਸ਼ੌਂਕਣ ਮੇਲੇ ਦੀ...
– ਨਾ ਵੱਸ ਵੇ ਹਾਏ ਨਾ ਵੱਸ
ਬੱਦਲਾ ਕਾਲਿਆ...
– ਬਾਜਰੇ ਦਾ ਸਿੱਟਾ ਵੇ
ਅਸੀਂ ਤਲੀ 'ਤੇ ਮਰੋੜਿਆ...
– ਗੋਰੀ ਦੀਆਂ ਝਾਂਜਰਾਂ
ਬੁਲਾਉਂਦੀਆਂ ਈਆਂ...
– ਨੱਚ ਲੈਣ ਦੇ ਨੀ ਮੈਨੂੰ
ਦਿਓਰ ਦੇ ਵਿਆਹ ਵਿੱਚ...
– ਨੀ ਮੈਂ ਕੱਤਾਂ ਪ੍ਰੀਤਾਂ ਨਾਲ,
ਚਰਖਾ ਚੰਨਣ ਦਾ...

ਪ੍ਰਕਾਸ਼ ਕੌਰ ਦੇ ਗਾਏ ਹੋਏ ਸੋਲੋ ਗੀਤਾਂ ਦੀ ਗਿਣਤੀ ਅਣਗਿਣਤ ਹੈ। ਬਹੁਤ ਸਾਰੇ ਗੀਤ ਸਦਾਬਹਾਰ ਗੀਤ ਹਨ। ਕਦੇ ਸਮਾਂ ਸੀ ਜਦੋਂ ਰੇਡੀਓ ਸੀਲੋਨ, ਰੇਡੀਓ ਜੰਮੂ ਆਦਿ ਤੋਂ ਇਹ ਆਮ ਚੱਲਦੇ ਸਨ। ਕੁੱਝ ਪ੍ਰਸਿੱਧ ਗੀਤ ਇਹ ਹਨ-

– ਵੇ ਕੌਣ ਆਖੂ ਹੌਲਦਾਰਨੀ
ਕਿਤੇ ਆ ਜੀ ਨਾ ਤੁੜਾ ਕੇ ਨਾਮਾ,
– ਗੋਰੇ ਰੰਗ ਨੂੰ ਦੁਪੱਟਾ ਕਿਹੜਾ ਸੱਜਦਾ...
– ਬੱਲੇ ਬੱਲੇ ਬਈ
ਮੇਲੇ ਚੱਲੀ ਪਿੰਡ ਦੀ ਕੁੜੀ...
– ਟੁੱਟੇ ਦਿਲ ਨੀ ਜੁੜਦੇ, ਵੇਖੀਂ ਤੋੜੀਂ ਨਾ...
– ਵੇ ਲੈ ਦੇ ਮੈਨੂੰ ਮਖ਼ਮਲ ਦੀ
ਪੱਖੀ ਘੁੰਗਰੂਆਂ ਵਾਲੀ...
– ਮੇਰੀ ਘੱਗਰੀ ਨੂੰ ਘੁੰਗਰੂ ਲਵਾ ਦੇ...

# ਪੰਜਾਬੀ ਪੱਤਰਕਾਰੀ ਤੇ ਕੌਮਾਂਤਰੀ ਬੌਧਿਕ ਮਾਹੌਲ

**ਡਾ. ਸਵਰਾਜ ਸਿੰਘ**



ਲੱਗਭੱਗ 100 ਸਾਲ ਪਹਿਲਾਂ ਪੰਜਾਬੀ ਦੇ ਇਕ ਮਸ਼ਹੂਰ ਲੇਖਕ ਨੇ ਆਪਣੀਆਂ ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਰਾਬਿੰਦਰ ਨਾਥ ਟੈਗੋਰ ਨੂੰ ਦਿਖਾਈਆਂ ਤਾਂ ਟੈਗੋਰ ਨੇ ਉਸ ਨੂੰ ਇਹ ਸਲਾਹ ਦਿੱਤੀ ਕਿ ਉਹ ਅੰਗਰੇਜ਼ੀ ਦੀ ਬਜਾਏ ਪੰਜਾਬੀ ਵਿਚ ਲਿਖਿਆ ਕਰਨ, ਪਰ ਹੁਣ ਹਾਲਾਤ ਇੰਨੇ ਬਦਲ ਚੁੱਕੇ ਹਨ ਕਿ ਪੰਜਾਬੀ ਸਭਿਆਚਾਰ ਨਾਲ ਜੁੜੀ ਇਕ ਬਹੁਤ ਵੱਡੀ ਸ਼ਖ਼ਸ਼ੀਅਤ ਜੋ ਕਿ ਮੇਰੀ ਪੱਤਰਕਾਰੀ ਤੋਂ ਬਹੁਤ ਹੀ ਪ੍ਰਭਾਵਿਤ ਹੈ, ਨੇ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਇਕ ਸੁਹਿਰਦ ਸਲਾਹ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬੀ ਵਿਚ ਲਿਖਣ ਦੀ ਬਜਾਏ ਅੰਗਰੇਜ਼ੀ ਦੇ ਕਿਸੇ ਵੱਡੇ ਅਖ਼ਬਾਰ ਲਈ ਲਿਖਣਾ ਸ਼ੁਰੂ ਕਰੋ। ਉਨ੍ਹਾਂ ਕਿਹਾ ਕਿ ਤੁਹਾਡੀ ਪੱਤਰਕਾਰੀ ਦਾ ਪੱਧਰ ਕੌਮਾਂਤਰੀ ਹੈ, ਪਰ ਪੰਜਾਬੀ ਪੱਤਰਕਾਰੀ ਹਾਲੇ ਇਸ ਪੱਧਰ 'ਤੇ ਨਹੀਂ ਪਹੁੰਚੀ, ਇਸ ਲਈ ਪੰਜਾਬੀ ਵਿਚ ਲਿਖਣ ਨਾਲ ਤੁਹਾਡੀ ਪੂਰੀ ਕਦਰ ਨਹੀਂ ਪਏਗੀ। ਕੁਝ ਸਮਾਂ ਪਹਿਲਾਂ ਪਟਿਆਲੇ ਦੇ ਇਕ ਦੰਦਾਂ ਦੇ ਡਾਕਟਰ ਦੇ ਵੇਟਿੰਗ ਰੂਮ ਵਿਚ ਬੈਠੇ ਇੰਤਜ਼ਾਰ ਕਰਦਿਆਂ ਪੰਜਾਬੀ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਜੋ ਮੇਰੇ ਨਾਲ ਬੈਠੇ ਸਨ, ਗੱਲਬਾਤ ਸ਼ੁਰੂ ਹੋ ਗਈ। ਮੈਂ ਕਿਹਾ ਕਿ ਮੇਰਾ ਨਾਮ ਡਾ. ਸਵਰਾਜ ਸਿੰਘ ਹੈ। ਪੰਜਾਬੀ ਅਖ਼ਬਾਰਾਂ ਵਿਚ ਮੇਰੇ ਲੇਖ ਅਕਸਰ ਛਪਦੇ ਰਹਿੰਦੇ ਹਨ, ਜਿਸ ਢੰਗ ਨਾਲ ਉਨ੍ਹਾਂ ਨੇ ਆਪਣੀ ਪ੍ਰਤੀਕਿਰਿਆ ਦਿੱਤੀ, ਉਸ ਨੇ ਮੈਨੂੰ ਹੱਕਾ-ਬੱਕਾ ਕਰ ਦਿੱਤਾ। ਉਹ ਕਹਿਣ ਲੱਗੇ ਕਿ ਮੈਂ ਕਦੇ ਪੰਜਾਬੀ ਅਖ਼ਬਾਰ ਨਹੀ ਪੜ੍ਹਦਾ। ਮੈਂ ਤਾਂ ਸਿਰਫ਼ ਅੰਗਰੇਜ਼ੀ ਅਖ਼ਬਾਰ ਹੀ ਪੜ੍ਹਦਾ ਹਾਂ। ਉਨ੍ਹਾਂ ਦੇ ਕਹਿਣ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਪੰਜਾਬੀ ਦਾ ਅਖ਼ਬਾਰ ਪੜ੍ਹਨਾ ਆਪਣੇ ਪੱਧਰ ਨੂੰ ਥੱਲੇ ਸੁੱਟਣਾ ਹੋਵੇ। ਹੁਣੇ-ਹੁਣੇ ਪੰਜਾਬੀ ਯੂਨੀਵਰਸਿਟੀ ਵਿਚ ਹੋਏ ਇਕ ਸਰਵੇਖਣ ਨੇ ਉਸ ਪ੍ਰੋਫੈਸਰ ਦੀ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ। 80 ਫੀਸਦੀ ਲੋਕ ਪੰਜਾਬੀ ਯੂਨੀਵਰਸਿਟੀ 'ਚ ਅੰਗਰੇਜ਼ੀ ਦੇ ਅਖ਼ਬਾਰ ਪੜ੍ਹਦੇ ਹਨ ਅਤੇ ਉਸ ਯੂਨੀਵਰਸਿਟੀ ਵਿਚ ਜੋ ਕਿ ਬਣਾਈ ਹੀ ਪੰਜਾਬੀ ਭਾਸ਼ਾ ਨੂੰ ਪ੍ਰੋਤਸ਼ਾਹਿਤ ਕਰਨ ਲਈ ਸੀ, ਵਿਚ ਵੀ ਪੰਜਾਬੀ ਅਖ਼ਬਾਰਾਂ ਪੜ੍ਹਨ ਵਾਲਿਆਂ ਦੀ ਗਿਣਤੀ ਇੰਨੀ ਘੱਟ ਹੈ ਤਾਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਇਹ ਸਰਵੇਖਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਰਵਾਇਆ ਜਾਵੇ ਜਾਂ ਪੰਜਾਬ ਦੀ ਕਿਸੇ ਪ੍ਰਾਈਵੇਟ ਯੂਨੀਵਰਸਿਟੀ ਵਿਚ ਕਰਵਾਇਆ ਜਾਵੇ ਤਾਂ ਕੀ ਨਤੀਜੇ ਸਾਹਮਣੇ ਆਉਣਗੇ।

ਪੰਜਾਬ ਦੇ ਕਿਸੇ ਵੀ ਸ਼ਹਿਰ ਵਿਚ ਇਹ ਸੱਚਾਈ ਕਿਸੇ ਤੋਂ ਛੁਪੀ ਨਹੀਂ ਕਿ ਅੰਗਰੇਜ਼ੀ ਦੇ ਅਖ਼ਬਾਰਾਂ ਨਾਲ ਜੁੜੇ ਪੱਤਰਕਾਰਾਂ ਦਾ ਦਰਜਾ ਪੰਜਾਬੀ ਦੇ ਅਖ਼ਬਾਰਾਂ ਨਾਲ ਜੁੜੇ ਪੱਤਰਕਾਰਾਂ ਨਾਲੋਂ ਬਹੁਤ ਉੱਚਾ ਹੈ। ਇੱਥੋਂ ਤੱਕ ਕਿ ਜੇ ਕੋਈ ਅਖ਼ਬਾਰ ਅੰਗਰੇਜ਼ੀ ਤੇ ਪੰਜਾਬੀ ਵਿਚ ਛੱਪਦਾ ਹੈ ਤਾਂ ਅੰਗਰੇਜ਼ੀ ਵਾਲੇ ਪੱਤਰਕਾਰ ਆਪਣੇ ਆਪ ਨੂੰ ਪੰਜਾਬੀ ਦੇ ਪੱਤਰਕਾਰਾਂ ਨਾਲੋਂ ਬਹੁਤ ਉਪਰ ਸਮਝਦੇ ਹਨ, ਕੁਝ ਸਾਲ ਪਹਿਲਾਂ ਪਟਿਆਲੇ ਵਿਚ ਹੀ ਮੈਂ ਕੁਝ ਅੰਗਰੇਜ਼ੀ ਦੇ ਪੱਤਰਕਾਰਾਂ ਨੂੰ ਗੱਲਬਾਤ ਕਰਨ ਲਈ ਘਰ ਬੁਲਾਇਆ ਤਾਂ ਉਨ੍ਹਾਂ ਨੇ ਇਹ ਗਿਲਾ ਕੀਤਾ ਕਿ ਤੁਸੀਂ ਪੰਜਾਬੀ ਦੇ ਪੱਤਰਕਾਰਾਂ ਨੂੰ ਸਾਡੇ ਨਾਲ ਕਿਉਂ ਬੁਲਾਇਆ ਹੈ। ਇਕ ਬਹੁਤ ਹੀ ਵੱਡੇ ਤੇ ਮਸ਼ਹੂਰ ਅੰਗਰੇਜ਼ੀ ਦੇ ਅਖ਼ਬਾਰ ਨਾਲ ਸਬੰਧਿਤ ਪੱਤਰਕਾਰ ਨੇ ਮੈਨੂੰ ਕਿਹਾ ਕਿ ਮੈਨੂੰ ਇਕ ਬਹੁਤ ਵੱਡੇ ਪੁਲਿਸ ਅਫਸਰ ਨੇ ਖਾਣੇ 'ਤੇ ਬੁਲਾਇਆ ਹੈ।

ਮੈਨੂੰ ਕਹਿਣ ਲੱਗਾ ਕਿ ਸੱਚਾਈ ਤਾਂ ਇਹ ਹੈ ਕਿ ਸਾਰੇ ਅਫ਼ਸਰ ਸਾਡੇ ਤੋਂ ਡਰਦੇ ਹਨ। ਪੰਜਾਬ ਵਿਚ ਏਸੀ ਰੇਲ ਗੱਡੀ ਜਾਂ ਬੱਸ ਵਿਚ ਸਫਰ ਕਰਦੇ ਸਮੇਂ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਕੋਈ ਪੰਜਾਬੀ ਦਾ ਅਖ਼ਬਾਰ ਪੜ੍ਹਦਾ ਨਜ਼ਰ ਆਵੇ। ਕੁਝ ਦਿਨ ਪਹਿਲਾਂ ਪਟਿਆਲੇ ਤੋਂ ਦਿੱਲੀ ਸਫਰ ਕਰਦੇ ਹੋਏ ਮੇਰੇ ਨਾਲ ਬੈਠੇ ਇਕ ਸੱਜਣ ਨੇ ਕਿਹਾ ਕਿ ਜੇ ਤੁਹਾਡੇ ਕੋਲ ਕੋਈ ਅਖ਼ਬਾਰ ਹੋਵੇ ਤਾਂ ਦਿਓ।

ਮੈਂ ਉਨ੍ਹਾਂ ਨੂੰ ਪੰਜਾਬੀ ਦੀ ਇਕ ਅਖ਼ਬਾਰ ਦਿੱਤੀ ਤਾਂ ਉਹ ਕਹਿਣ ਲੱਗੇ ਕਿ ਜੇ ਕੋਈ ਅੰਗਰੇਜ਼ੀ ਦਾ ਅਖ਼ਬਾਰ ਹੋਵੇ ਤਾਂ ਦਿਓ। ਆਖ਼ਰ ਕੀ ਕਾਰਨ ਹੋ ਸਕਦਾ ਹੈ ਕਿ ਪੰਜਾਬੀ ਪੱਤਰਕਾਰੀ ਨੂੰ ਕੌਮਾਂਤਰੀ ਪੱਧਰ ਦੀ ਪੱਤਰਕਾਰੀ ਬਣਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ?

ਭਾਵੇਂ ਇਸ ਦੇ ਕਈ ਕਾਰਨ ਹਨ, ਪਰ ਮੈਨੂੰ ਇਸ ਦਾ ਮੁੱਖ ਕਾਰਨ ਸੰਸਾਰੀਕਰਨ ਦੇ ਯੁੱਗ ਵਿਚ ਹੋਇਆ ਕੰਪਾਰਟਮੈਂਟਲਾਈਜ਼ੇਸ਼ਨ ਅਰਥਾਤ ਵਰਗੀਕਰਨ ਹੈ, ਜਿਸ ਵਿਚ ਬੋਲੀਆਂ ਅਤੇ ਸਭਿਆਚਾਰਾਂ ਨੂੰ ਨਵੀਂ ਪਹਿਚਾਣ ਅਤੇ ਨਵੀਂ ਭੂਮਿਕਾ ਦਿੱਤੀ ਗਈ ਹੈ। ਪੰਜਾਬੀ ਬੋਲੀ ਨੂੰ ਮੇਲਿਆਂ, ਮਨਪ੍ਰਚਾਵੇ ਅਤੇ ਗਾਇਕੀ ਦੇ ਖੇਤਰ ਅਲਾਟ ਕਰ ਦਿੱਤੇ ਗਏ ਹਨ, ਪਰ ਇਸ ਬੋਲੀ ਨੂੰ ਸੰਜੀਦਾ ਅਤੇ ਗੰਭੀਰ ਖੇਤਰਾਂ ਤੋਂ ਪਰ੍ਹੇ ਰੱਖਿਆ ਗਿਆ ਹੈ। ਜ਼ਾਹਿਰ ਹੈ ਕਿ ਸੰਜੀਦਾ ਤੇ ਗੰਭੀਰ ਵਿਚਾਰ ਤੋਂ ਬਿਨਾਂ ਕੌਮਾਂਤਰੀ ਪੱਧਰ ਦੀ ਪੱਤਰਕਾਰੀ ਵਿਕਸਤ ਨਹੀਂ ਹੋ ਸਕਦੀ, ਪਰ ਬਦਕਿਸਮਤੀ ਨਾਲ ਪੰਜਾਬੀ ਬੋਲੀ ਨੂੰ ਇਨ੍ਹਾਂ ਖੇਤਰਾਂ ਤੋਂ ਵਾਂਝੇ ਰੱਖਣ ਦਾ ਫੈਸਲਾ ਹੋ ਗਿਆ ਲੱਗਦਾ ਹੈ।

ਭਾਵੇਂ ਸਾਡੀਆਂ ਉਚੇਰੀ ਵਿੱਦਿਅਕ ਸੰਸਥਾਵਾਂ ਵਿਚ ਵੱਡੇ-ਵੱਡੇ ਗਾਇਕਾਂ ਦੇ ਅਖਾੜੇ ਲੱਗ ਰਹੇ ਹਨ। ਮੇਲਾ ਸਭਿਆਚਾਰ ਵਿਕਸਤ ਹੋ ਚੁੱਕਾ ਹੈ, ਟੀ.ਵੀ 'ਤੇ ਫਿਲਮਾਂ ਦੀ ਸ਼ੂਟਿੰਗ ਅਕਸਰ ਹੁੰਦੀ ਹੈ ਤੇ ਸੁੰਦਰਤਾ ਮੁਕਾਬਲਿਆਂ ਵਿਚ ਵੀ ਮੱਲਾਂ ਮਾਰੀਆਂ ਜਾ ਰਹੀਆਂ ਹਨ ਪਰ ਪੰਜਾਬੀ ਬੋਲੀ ਨੂੰ ਸੰਜੀਦਾ ਤੇ ਗੰਭੀਰ ਕੌਮਾਂਤਰੀ ਪੱਧਰ ਦੇ ਵਿਚਾਰ-ਵਟਾਂਦਰੇ ਅਤੇ ਅਦਾਨ ਪ੍ਰਦਾਨ ਦਾ ਮਾਧਿਅਮ ਬਣਾਉਣ ਤੇ ਪੰਜਾਬੀ ਪੱਤਰਕਾਰੀ ਨੂੰ ਕੌਮਾਂਤਰੀ ਪੱਧਰ ਦੀ ਪੱਤਰਕਾਰੀ ਬਣਾਉਣ ਵਿਚ ਜ਼ਿਆਦਾ ਸਫਲਤਾ ਹਾਸਲ ਨਹੀਂ ਕੀਤੀ। ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਅੰਗਰੇਜ਼ੀ ਦੀ ਤੁਲਨਾ ਵਿਚ ਦੂਜੀਆਂ ਖੇਤਰੀ ਭਾਸ਼ਾਵਾਂ ਨੂੰ ਵੀ ਪੰਜਾਬੀ ਵਰਗਾ ਹੀ ਦਰਜਾ ਹਾਸਲ ਹੈ? ਅਜਿਹਾ ਬਿਲਕੁੱਲ ਨਹੀਂ, ਪੰਜਾਬ ਤੋਂ ਬਾਹਰ ਇਹ ਸੱਚਾਈ ਸਪੱਸ਼ਟ ਹੋ ਜਾਂਦੀ ਹੈ। ਅੰਗਰੇਜ਼ੀ ਦੀ ਤੁਲਨਾ ਵਿਚ ਜੋ ਸਥਾਨ ਪੰਜਾਬੀ ਨੂੰ ਮਿਲਿਆ ਹੈ, ਬੰਗਾਲੀ, ਮਰਾਠੀ ਜਾਂ ਦੱਖਣੀ ਭਾਰਤ ਦੀਆਂ ਭਾਸ਼ਾਵਾਂ ਨੂੰ ਉਸ ਤੋਂ ਵੱਖਰਾ ਸਥਾਨ ਹਾਸਲ ਹੈ।

ਟੈਗੋਰ ਨੂੰ ਨੋਬੇਲ ਪੁਰਸਕਾਰ ਉਸ ਦੀ ਬੰਗਾਲੀ ਵਿਚ ਲਿਖੀ ਗੀਤਾਂਜਲੀ ਲਈ ਮਿਲਿਆ ਸੀ। ਅੱਜ ਵੀ ਜੇ ਤੁਸੀਂ ਬੰਗਾਲ, ਮਹਾਂਰਾਸ਼ਟਰ ਜਾਂ ਦੱਖਣੀ ਪ੍ਰਾਂਤਾਂ ਵਿਚ ਏਸੀ ਗੱਡੀ ਵਿਚ ਸਫਰ ਕਰੋ ਤਾਂ ਤੁਹਾਨੂੰ ਉਥੇ ਲੋਕ ਆਪਣੀ ਖੇਤਰੀ ਬੋਲੀ ਵਿਚ ਅਖ਼ਬਾਰ ਪੜ੍ਹਦੇ ਮਿਲ ਜਾਣਗੇ।

ਭਾਵੇਂ ਉਨ੍ਹਾਂ ਦੀ ਬੋਲੀ ਵਿਚ ਗਾਣੇ ਗਾ ਕੇ ਬਾਲੀਵੁੱਡ ਵਿਚ ਗਾਇਕਾਂ ਨੇ ਕਰੋੜਾਂ ਅਰਬਾਂ ਰੁਪਏ ਇਕੱਠੇ ਤਾਂ ਨਹੀਂ ਕੀਤੇ ਤੇ ਨਾ ਹੀ ਉਹ ਕਰੋੜਾਂ ਰੁਪਏ ਦੀਆਂ ਕਾਰਾਂ ਚਲਾਉਂਦੇ ਜ਼ਰ ਆਉਣਗੇ, ਪਰ ਫਿਰ ਵੀ ਉਨ੍ਹਾਂ ਬੋਲੀਆਂ ਨੂੰ ਪੰਜਾਬੀ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਸਤਿਕਾਰਤ ਦਰਜਾ ਹਾਸਲ ਹੈ। ਜੇ ਪੰਜਾਬੀ ਵਿਚ ਕੁਝ ਅਖ਼ਬਾਰਾਂ ਨੇ ਸਾਹਿਤਕ ਪੱਧਰ 'ਤੇ ਕੌਮਾਂਤਰੀ ਪੱਤਰਕਾਰੀ ਦਾ ਪੱਧਰ ਕਾਇਮ ਰੱਖਣ ਦਾ ਯਤਨ ਕੀਤਾ ਹੈ ਤਾਂ ਉਹ ਜ਼ਿਆਦਾਤਰ ਖੱਬੇ ਪੱਖੀ ਅਖ਼ਬਾਰ ਹਨ, ਪਰ ਦੁਬਿਧਾ ਇਹ ਹੈ ਕਿ ਉਨ੍ਹਾਂ ਦੇ ਪਾਠਕਾਂ ਦੀ ਗਿਣਤੀ ਤੁਲਨਾਤਮਿਕ ਤੌਰ 'ਤੇ ਬਹੁਤ ਸੀਮਤ ਹੈ। ਇਸ ਲਈ ਉਹ ਵੀ ਸਮੁੱਚੇ ਤੌਰ 'ਤੇ ਪੰਜਾਬੀ ਪੱਤਰਕਾਰੀ ਨੂੰ ਕੌਮਾਂਤਰੀ ਪੱਧਰ ਦੀ ਪੱਤਰਕਾਰੀ ਬਣਾਉਣ ਵਿਚ ਜ਼ਿਆਦਾ ਸਫਲਤਾ ਹਾਸਲ ਨਹੀਂ ਕਰ ਸਕੇ।

ਪੰਜਾਬੀ ਪੱਤਰਕਾਰੀ ਦਾ ਪੱਧਰ ਤਾਂ ਹੀ ਉਪਰ ਚੁੱਕਿਆ ਜਾ ਸਕਦਾ ਹੈ ਜੇ ਅਸੀਂ ਸਾਮਰਾਜੀ ਸੰਸਾਰੀਕਰਨ ਵੱਲੋਂ ਪੰਜਾਬੀ ਬੋਲੀ ਲਈ ਕੀਤੇ ਗਏ ਨਿਰਧਾਰਿਤ ਸਥਾਨ ਜਿਸ ਵਿਚ ਇਸ ਨੂੰ ਹਲਕੇ-ਫੁਲਕੇ ਮਨੋਰੰਜਨ ਅਤੇ ਪੇਤਲੇ ਖਾਊ-ਪੀਊ ਸਭਿਆਚਾਰ ਦੀ ਪ੍ਰਤੀਨਿਧ ਦਾ ਸਥਾਨ ਹੀ ਹਾਸਲ ਹੈ ਅਤੇ ਇਸ ਦੀ ਪ੍ਰਤੀਨਿਧਤਾ ਮੁੱਖ ਤੌਰ 'ਤੇ ਗਾਇਕ, ਨਚਾਰ, ਫਿਲਮੀ ਕਲਾਕਾਰ ਅਤੇ ਇਨ੍ਹਾਂ ਨਾਲ ਜੁੜੇ ਅਖੌਤੀ ਵਿਦਵਾਨ ਹੀ ਕਰ ਰਹੇ ਹਨ, ਦੀ ਬਜਾਏ ਪੰਜਾਬੀ ਬੋਲੀ ਦੀ ਮਹਾਨ ਇਤਿਹਾਸਕ ਵਿਰਾਸਤ ਬਾਰੇ ਜਾਣਕਾਰੀ ਦਿੱਤੀ ਜਾਵੇ। ਪੰਜਾਬ ਅਤੇ ਪੰਜਾਬੀ ਬਾਰੇ ਸਾਮਰਾਜੀ ਸੰਸਾਰੀਕਰਨ ਅਤੇ ਉਸ ਦੇ ਖੇਤਰੀ ਦਲਾਲਾਂ ਨੇ ਜੋ ਗ਼ਲਤ ਪ੍ਰਭਾਵ ਪਾਇਆ ਹੈ ਕਿ ਇਹ ਸਿਰਫ ਖਾਊ-ਪੀਊ ਤੇ ਐਸ਼ ਕਰੋ ਤੱਕ ਸੀਮਤ ਹਨ ਅਤੇ ਇਹ ਗੰਭੀਰ ਅਤੇ ਸੰਜੀਦਾ ਵਿਚਾਰ ਜਾਂ ਫਲਸਫੇ ਤੋਂ ਹੀਣੇ ਹਨ, ਬਿਲਕੁੱਲ ਗ਼ਲਤ ਹੈ। ਪੰਜਾਬ ਅਤੇ ਪੰਜਾਬੀ ਬੋਲੀ ਦੀ ਇਤਿਹਾਸਕ ਵਿਰਾਸਤ ਬਹੁਤ ਅਮੀਰ ਹੈ। ਪੂਰਬੀ ਵਿਚਾਰਧਾਰਾ ਦਾ ਜਨਮ ਅਤੇ ਵਿਕਾਸ ਇਨ੍ਹਾਂ ਨਾਲ ਜੁੜਿਆ ਹੋਇਆ ਹੈ। ਇਸ ਧਰਤੀ 'ਤੇ ਵੇਦਾਂ ਦੀ ਰਚਨਾ ਹੋਈ। ਬੁੱਧ ਧਰਮ ਜਿਸ ਤੋਂ ਕਿ ਮਾਰਕਸ ਨੇ ਵੀ ਪ੍ਰੇਰਨਾ ਲਈ, ਦੇ ਵਿਕਾਸ ਦਾ ਵੀ ਇਹ ਖਿੱਤਾ ਬਹੁਤ ਹੀ ਮਹੱਤਵਪੂਰਨ ਕੇਂਦਰ ਰਿਹਾ।

ਗੁਰੂ ਗ੍ਰੰਥ ਸਾਹਿਬ ਜੋ ਕਿ ਕ੍ਰਮਵਾਰ 'ਕਰੋਨੋਲਾਜੀਕਲੀ' ਪੂਰਬੀ ਵਿਚਾਰਧਾਰਾ ਵਿਚ ਸਭ ਤੋਂ ਬਾਅਦ ਹੋਏ ਵਿਕਾਸ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਜੋ ਇਕ ਮੁਕੰਮਲ ਵਿਚਾਰਧਾਰਾ ਤੇ ਸਮੁੱਚੀ ਜੀਵਨ ਜਾਚ (ਕੰਪਰੀਹੈਨਸਿਵ ਫਿਲਾਸਫੀ ਆਫ਼ ਲਾਈਫ) ਹਨ, ਦੀ ਰਚਨਾ ਵੀ ਪੰਜਾਬ ਵਿਚ ਤੇ ਪੰਜਾਬੀ ਬੋਲੀ ਵਿਚ ਹੋਈ ਹੈ। ਜਿਸ ਬੋਲੀ ਵਿਚ ਇਨ੍ਹਾਂ ਮਹਾਨ ਫਲਸਫਾ ਵਿਕਸਤ ਹੋਇਆ ਹੈ, ਉਸ ਨੂੰ ਸਿਰਫ਼ ਹਲਕੇ-ਫੁਲਕੇ ਸਭਿਆਚਾਰ ਅਤੇ ਮਨਪ੍ਰਚਾਵੇ ਤੱਕ ਕਿਵੇਂ ਸੀਮਤ ਕੀਤਾ ਜਾ ਸਕਦਾ ਹੈ। ਸਾਨੂੰ ਸਾਮਰਾਜੀ ਸੰਸਾਰੀਕਰਨ ਵੱਲੋਂ ਨਿਰਧਾਰਤ ਪੰਜਾਬੀ ਬੋਲੀ ਲਈ ਸਥਾਨ ਦੀ ਬਜਾਏ ਪੰਜਾਬੀ ਬੋਲੀ ਦੇ ਮਹਾਨ ਇਤਿਹਾਸਕ ਵਿਕਾਸ ਬਾਰੇ ਸਹੀ ਜਾਣਕਾਰੀ ਦੇਣ ਦੇ ਯਤਨ ਕਰਨੇ ਚਾਹੀਦੇ ਹਨ।

ਅੰਗਰੇਜ਼ੀ ਦੀ ਉਚਤਾ ਪੱਛਮੀ ਸਰਮਾਏਦਾਰੀ ਦੀ ਸ਼ਕਤੀ ਨਾਲ ਜੁੜੀ ਹੋਈ ਹੈ। ਬਹੁਤ ਜਲਦ ਪੱਛਮੀ ਸਰਮਾਏਦਾਰੀ ਡਿੱਗਣ ਵਾਲੀ ਹੈ, ਕੀ ਫਿਰ ਵੀ ਅੰਗਰੇਜ਼ੀ ਦੀ ਉਚਤਾ ਕਾਇਮ ਰਹਿ ਸਕੇਗੀ?

*ਵਿਚਾਰ ਆਪੋ ਅਪਣੇ*

# ਸਿੱਖਾਂ ਦੀ ਪਛਾਣ

**ਦਵਿੰਦਰ ਸਿੰਘ ਸੇਖੋਂ**

**ਸਿੱਖਾਂ ਉੱਤੇ ਨਸਲੀ ਹਮਲਿਆਂ ਦੇ ਵਧਣ ਨੂੰ ਵੇਖਦਿਆਂ ਸਿੱਖ ਪਛਾਣ ਬਾਰੇ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਆਰੰਭੇ ਯਤਨਾਂ ਬਾਰੇ ਵੱਖਰੀ ਰਾਇ ਪ੍ਰਗਟਾਉਣ ਵਾਲਾ ਇਹ ਆਰਟੀਕਲਅਸੀਂ ਇਸ ਸਬੰਧੀ ਬਹਿਸ ਨੂੰ ਹੋਰ ਸਰਗਰਮ ਕਰਨ ਦੇ ਮਨਸ਼ੇ ਨਾਲ ਇੱਥੇ ਛਾਪ ਰਹੇ ਹਾਂ- ਸੰਪਾਦਕ**

ਵਿਸਾਖੀ ਦਾ ਦਿਹਾੜਾ ਹੁਣੇ ਹੀ ਲੰਘਿਆ ਹੋਣ ਕਰਕੇ ਅੱਜਕੱਲ ਉੱਤਰੀ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਜਿੱਥੇ ਵੀ ਕਿਤੇ ਸਿੱਖ ਵੱਸਦੇ ਹਨ, ਸਿੱਖ ਪਛਾਣ ਨੂੰ ਮੁੱਖ ਰੱਖਕੇ ਦਿਵਸ ਮਨਾਏ ਜਾ ਰਹੇ ਹਨ। ਸਿੱਖ ਪਛਾਣ ਦੱਸਣ ਲਈ ਕੀਤੇ ਜਾ ਰਹੇ ਉੱਪਰਾਲੇ ਕਿੰਨੇ ਕੁ ਸਾਰਥਿਕ ਹੁੰਦੇ ਹਨ ਅਤੇ ਉਹ ਆਪਣੀ ਅਸਲ ਪਛਾਣ ਦੱਸਣ ਵਿੱਚ ਕਿੰਨੇ ਕੁ ਕਾਮਯਾਬ ਹੁੰਦੇ ਹਨ? ਆਓ ਪੜਚੋਲ ਕਰੀਏ।

ਸਿੱਖਾਂ ਦੀ ਦਿੱਖ ਬਿੱਲਕੁੱਲ ਵੱਖਰੀ ਏ ਇਸ ਕਰਕੇ ਸੁਭਾਵਿਕ ਹੈ ਕਿ ਲੋਕਾਂ ਦਾ ਧਿਆਨ ਸਾਡੇ ਵੱਲ ਮੱਲੋ-ਮੱਲੀ ਜਾਵੇਗਾ। ਕੁੱਝ ਲੋਕ ਸਾਡੇ ਵੱਲ ਦੇਖ ਕੇ ਸਾਨੂੰ (ਦਸਤਾਰ ਵਾਲ਼ੇ ਸਿੱਖ ਨੂੰ) ਮੁਸਲਮਾਨ ਸਮਝਦੇ ਹਨ, ਕੁਝ ਕੁ ਨੂੰ ਪਤਾ ਹੈ ਕਿ ਅਸੀਂ ਸਿੱਖ ਹਾਂ। ਬਹੁਤ ਲੋਕ ਸਾਡੇ ਵਾਰੇ ਬਿਲਕੁਲ ਨਹੀਂ ਜਾਣਦੇ ਪਰ ਏਨਾ ਕੁ ਜ਼ਰੂਰ ਸਮਝਦੇ ਹਨ ਕਿ ਅਸੀਂ ਵੱਖਰੇ ਹਾਂ। ਗੱਲ ਪਛਾਣ ਦੱਸਣ ਦੀ ਇਸ ਕਰਕੇ ਤੁਰੀ ਕਿਉਂਕਿ 9/11 ਤੋਂ ਬਾਅਦ ਕੁਝ ਕੁ ਸਿੱਖਾਂ ਤੇ ਹਮਲੇ ਇਸ ਕਰਕੇ ਹੋਏ ਕਿਉਂਕਿ ਹਮਲ਼ੇ ਕਰਨ ਵਾਲੇ ਸਿੱਖਾਂ ਨੂੰ ਤਾਲਿਬਾਨ ਵਾਲ਼ੇ ਮੁਸਲਮਾਨ ਸਮਝਦੇ ਸਨ। ਓਹਨਾਂ ਹਮਲਿਆਂ ਨੂੰ ਸਿੱਖਾਂ ਤੇ ਨਸਲੀ ਹਮਲਿਆਂ ਦਾ ਨਾਂ ਦਿੱਤਾ ਗਿਆ। ਪਰ ਉਹ ਕੁਝ ਕੁ ਹਮਲਿਆਂ ਤੋਂ ਬਾਅਦ ਅਸੀਂ ਹਰ ਸਿੱਖ ਤੇ ਹੋਏ ਹਮਲ਼ੇ ਨੂੰ ਹੀ ਨਸਲੀ ਹਮਲਿਆਂ ਨਾਲ਼ ਜੋੜ ਦਿੱਤਾ



ਹਾਲਾਂਕਿ ਬਹੁਤੇ ਹਮਲ਼ੇ ਚੋਰੀ, ਡਕੈਤੀ ਜਾਂ ਕਿਸੇ ਹੋਰ ਕਾਰਨਾਂ ਕਰਕੇ ਹੋਏ। ਜੇਕਰ ਸਿੱਖਾਂ ਤੇ ਹੋਏ ਕੁੱਲ ਹਮਲਿਆਂ ਨੂੰ ਦੇਖਿਆ ਜਾਵੇ ਤਾਂ ਬਹੁਤੇ ਹਮਲ਼ੇ ਉਹਨਾਂ ਸਿੱਖਾਂ ਤੇ ਹੋਏ ਜਿਹੜੇ ਲਿੱਕਰ ਸਟੋਰਾਂ (ਸ਼ਰਾਬ ਅਤੇ ਤਮਾਕੂ ਦੇ ਠੇਕਿਆਂ ਤੇ) ਕੰਮ ਕਰਦੇ ਸਨ। ਲਿੱਕਰ ਸਟੋਰਾਂ ਤੇ ਕਾਫੀ ਗਾਹਕ ਨਸ਼ੇੜੀ ਕਿਸਮ ਦੇ ਹੋਣ ਕਰਕੇ ਲੜਾਈ ਝਗੜੇ ਅਤੇ ਚੋਰੀ ਹੋਣੀ ਆਮ ਗੱਲ ਹੈ। ਜ਼ਿਆਦਾਤਰ ਇਹਨਾਂ ਲੜਾਈ ਝਗੜਿਆਂ ਨੂੰ ਹੀ ਨਸਲੀ ਹਮਲਿਆਂ ਦਾ ਨਾਮ ਦੇ ਦਿੱਤਾ ਗਿਆ। ਜੇਕਰ ਹੋਰ ਡੂੰਘਾਈ ਨਾਲ਼ ਘੋਖਿਆ ਜਾਵੇ ਤਾਂ ਇੱਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਲਿੱਕਰ ਸਟੋਰਾਂ ਤੇ ਕੰਮ ਕਰਨ ਵਾਲ਼ੇ ਬਹੁਤੇ ਸਿੱਖ (ਜਿਨ੍ਹਾਂ ਤੇ ਹਮਲ਼ੇ ਹੋਏ) ਸਿਰਾਂ ਤੋਂ ਰੋਡੇ ਸਨ। ਫ਼ਿਰ ਹਮਲਾਵਰਾਂ ਨੂੰ ਕਿਵੇਂ ਪਤਾ ਲੱਗਿਆ ਕਿ ਇਹ ਤਾਲਿਬਾਨ ਵਾਲ਼ੇ ਹਨ? ਇਸ ਕਰਕੇ ਹਰ ਸਿੱਖ ਤੇ ਹੋਏ ਹਮਲ਼ੇ ਨੂੰ ਨਸਲੀ ਹਮਲਾ ਕਹਿਣਾ ਉਸ ਦੇ ਅਸਲੀ ਕਾਰਨਾਂ ਤੋਂ ਪਾਸੇ ਲਿਜਾਣਾ ਅਤੇ ਵਾਧੂ ਦੀ ਹਮਦਰਦੀ ਹਾਸਿਲ ਕਰਨਾ ਹੈ। ਇੱਥੇ ਹੀ ਬੱਸ ਨਹੀਂ, ਇਸ ਤਰਾਂ ਦੀਆਂ ਗੁੰਮਰਾਹਕੁਨ ਖ਼ਬਰਾਂ ਨਾਲ਼ ਜਿੱਥੇ ਸਿੱਖਾਂ ਵਿੱਚ ਵਾਧੂ ਦਾ ਡਰ ਪੈਦਾ ਹੁੰਦਾ ਹੈ ਉੱਥੇ ਪਤਿੱਤਪੁਣੇ ਨੂੰ ਵੀ ਉੱਤਸ਼ਾਹ ਮਿਲਿਆ ਹੈ।

ਗਲਤ ਫਹਿਮੀ ਨਾਲ ਆਮ ਹਮਲਿਆਂ ਨੂੰ ਨਸਲੀ ਹਮਲੇ ਸਮਝ ਲੈਣ ਕਰਕੇ ਪੈਦਾ ਹੋਏ ਡਰ ਕਾਰਨ, ਕਈਆਂ ਨੇ ਸਿੱਖਾਂ ਦੀ ਪਛਾਣ ਦਾ ਪ੍ਰਚਾਰ ਕਰਨ ਦੇ ਨਾਮ ਤੇ ਨਿੱਜੀ ਭੱਲ ਬਣਾਉਣ ਦੇ ਮਨਸ਼ੇ ਨਾਲ ਯਤਨ ਆਰੰਭੇ। ਇਸ ਸਬੰਧ 'ਚ ਸਿੱਖ ਕਈ ਮਿਲੀਅਨ ਡਾਲਰ ਆਪਣੀ ਪਛਾਣ ਦੱਸਣ ਲਈ, ਵਿਗਿਆਪਨ ਤਿਆਰ ਕਰਨ ਲਈ ਦਾਨ ਕਰ ਚੁੱਕੇ ਹਨ। ਇਸ ਨਾਲ਼ ਸਿੱਖਾਂ ਦੀ ਪਛਾਣ ਕਿੰਨੀ ਕੁ ਅਤੇ ਕਿਵੇਂ ਦੀ ਬਣੀ ਇਹ ਤਾਂ ਸਾਡੇ ਸਾਹਮਣੇ ਹੀ ਹੈ, ਤੁਸੀਂ ਆਪ ਦੇਖ ਲਵੋ ਕਿ ਤੁਹਾਨੂੰ ਹੁਣ ਤੱਕ ਕਿੰਨੇ ਕੁ ਲੋਕਾਂ ਨੇ ਦੱਸਿਆ ਏ ਕਿ ਅਸੀਂ ਤੁਹਾਡੇ ਵਾਰੇ ਵਿਗਿਆਪਨ ਦੇਖਿਆ ਏ? ਪਰ ਇਸ ਦਾ ਇਹ ਸਿੱਟਾ ਜ਼ਰੂਰ ਨਿੱਕਲਿਆ ਏ ਕਿ ਸਿੱਖਾਂ ਦੀਆਂ ਜੇਬਾਂ ਦੇ ਪੈਸੇ ਨਾਲ਼ ਵਿਗਿਆਪਨ ਤਿਆਰ ਕਰਨ ਵਾਲਿਆਂ ਅਤੇ ਵਿਗਿਆਪਨ ਚਲਾਉਣ ਵਾਲਿਆਂ ਨੂੰ ਕਮਾਈ ਮਿਲ਼ ਗਈ। ਪੈਸਾ ਜੇਬਾਂ ਚੋਂ ਕੱਢਵਾਂ ਕੇ ਇਨਾਂ ਕੰਪਨੀਆਂ ਤੱਕ ਪਹੁੰਚਾਉਣ ਵਾਲਿਆਂ ਨੂੰ ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਤੇ ਅੰਤਰਾਸ਼ਟਰੀ ਪੱਧਰ ਦੀ ਬੱਲੇ-ਬੱਲੇ ਮਿਲ ਗਈ ਅਤੇ ਉਹਨਾਂ ਨੂੰ ਸਿਆਸਤ ਵਿੱਚ ਪੈਰ ਜਮਾਉਣ ਲਈ ਥਾਂ ਮਿਲ ਗਈ। ਕੌਮ ਦਾ ਪੈਸਾ, ਸਮਾਂ, ਦਿਮਾਗ ਅਤੇ ਜਜ਼ਬਾਤ ਮਿਲ ਕੇ ਕੌਮ ਦੀ ਸਮੁੱਚੇ ਰੂਪ ਵਿਚ ਤਾਕਤ ਬਣਦੇ ਹਨ। ਇਸ ਤਾਕਤ ਨੂੰ ਜੇਕਰ ਇਕੱਠਿਆਂ ਕਰਕੇ ਸੁਚੱਜੇ ਢੰਗ ਨਾਲ਼ ਵਰਤਿਆ ਜਾਵੇ ਤਾਂ ਇਹ ਕੌਮ ਨੂੰ ਬੁਲੰਦੀਆਂ ਤੇ ਲੈ ਜਾਂਦੀ ਹੈ। ਪਰ ਸਾਡੀ ਬਦਕਿਸਮਤੀ ਹੀ ਹੈ ਕਿ ਸਾਡੀ ਕੌਮ ਦੀ ਇਸ ਤਾਕਤ ਨੂੰ ਸਮੇਂ ਸਮੇਂ ਤੇ ਵੱਖ-ਵੱਖ ਨੀਤੀਆਂ ਤਹਿਤ ਇੱਧਰ-ਓਧਰ ਦੇ ਬੇਲੋੜੇ ਅਤੇ ਬਿਨਾਂ ਨਿਸ਼ਾਨੇ ਤੋਂ ਆਰੰਭੇ ਕੰਮਾਂ ਤੇ ਵਰਤਕੇ ਬਰਬਾਦ ਕਰ ਦਿੱਤਾ ਜਾਂਦਾ ਹੈ। ਕੌਮ ਦਾ ਜ਼ੋਰ ਬਹੁਤ ਲੱਗ ਰਿਹਾ ਏ, ਇਸ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਪਰ ਕਿਸ ਪਾਸੇ ਲੱਗ ਰਿਹਾ ਹੈ ਅਤੇ ਕੀ ਸਿੱਟੇ ਨਿਕਲ ਰਹੇ ਹਨ ਇਸ ਦਾ ਹੀ ਪਤਾ ਨਹੀਂ ਲੱਗ ਰਿਹਾ। ਸ਼ਹਿਰ-ਸ਼ਹਿਰ ਚ' ਲੱਖਾਂ ਡਾਲਰ ਖ਼ਰਚ ਕੇ ਹੋ ਰਹੇ ਨਗਰ ਕੀਰਤਨ, ਭਾਂਤ-ਸੁਭਾਂਤੇ ਲੰਗਰ, ਵੱਡੇ-ਵੱਡੇ ਕੀਰਤਨ ਦਰਬਾਰ ਅਤੇ ਸੋਸ਼ਲ ਮੀਡੀਆ ਤੇ ਵਿਵਾਦਾਂ ਤੇ ਲੜ ਰਹੇ ਲੋਕ, ਸਭ ਲੱਗ ਰਹੇ ਜ਼ੋਰ ਦਾ ਹੀ ਦ੍ਰਿਸ਼ ਪੇਸ਼ ਕਰਦੇ ਹਨ। ਇਹਨਾਂ ਦੇ ਸਿੱਟੇ ਕੀ ਨਿੱਕਲ ਰਹੇ ਹਨ ਅਤੇ ਕੌਮ ਕੀ ਪ੍ਰਾਪਤ ਕਰ ਰਹੀ ਹੈ ਇਹ ਨਹੀਂ ਦਿੱਖ ਰਿਹਾ। ਸਿੱਖਾਂ ਦੇ ਅਹਿਮ ਮਸਲੇ ਉੱਥੇ ਦੇ ਉੱਥੇ ਹੀ ਖੜ੍ਹੇ ਹਨ ਕਿਉਂਕਿ ਅਸੀਂ ਤਾਕਤ ਇਕੱਠੀ ਕਰਨ ਦੀ ਬਜਾਇ ਨਵੇਂ ਨਵੇਂ ਤਰੀਕਿਆਂ ਨਾਲ਼ ਖੁਰਦ-ਬੁਰਦ ਕਰ ਰਹੇ ਹਾਂ। ਸਾਨੂੰ ਆਪਣੀ ਪਛਾਣ ਹੋਰਨਾਂ ਨੂੰ ਦੱਸਣ ਤੋਂ ਪਹਿਲਾਂ ਖੁਦ ਆਪ ਹੋਣੀ ਚਾਹੀਦੀ ਹੈ। ਸਿਰਫ਼ ਇਹ ਦੱਸਣ ਨਾਲ਼ ਕਿ ਪੱਗਾਂ ਵਾਲ਼ੇ ਮੁਸਲਮਾਨ ਨਹੀਂ ਸਿੱਖ ਹੁੰਦੇ ਹਨ, ਕੋਈ ਬਹੁਤਾ ਫ਼ਰਕ ਨਹੀਂ ਪੈਣਾ ਕਿਉਂਕਿ ਪਛਾਣ ਕਿਰਦਾਰ ਨਾਲ਼ ਜੁੜੀ ਹੁੰਦੀ ਹੈ, ਨਾਮ ਤਾਂ ਸਿਰਫ਼ ਉਸ ਕਿਰਦਾਰ ਨੂੰ ਦੱਸਣ ਲਈ ਹੁੰਦਾ ਹੈ। ਇਸ ਨੂੰ ਸਮਝਣ ਲਈ ਸਾਨੂੰ, ਜੋ ਸਿੱਖਾਂ ਦੀ ਪਛਾਣ ਭਾਰਤ ਵਿੱਚ ਬਣਾਈ ਗਈ ਹੈ ਉਸ ਵੱਲ ਧਿਆਨ ਦੇਣ ਦੀ ਲੋੜ ਹੈ। ਲੱਗਭੱਗ ਸਾਰੇ ਹੀ ਭਾਰਤ ਵਿੱਚ ਲੋਕ ਜਾਣਦੇ ਹਨ ਕਿ ਪੱਗਾਂ ਵਾਲ਼ੇ ਸਿੱਖ ਹੁੰਦੇ ਹਨ। ਪਰ ਗੱਲ ਇਸ ਤੋਂ ਅੱਗੇ ਦੀ ਹੈ ਕਿ ਉਹ ਸਿੱਖਾਂ ਦੀ ਪਛਾਣ ਕਿਸ ਕਿਰਦਾਰ ਨਾਲ਼ ਕਰਦੇ ਹਨ। ਡਾ: ਜੋਧ ਸਿੰਘ ਕਹਿੰਦੇ ਕਿ ਪੰਜਾਬ ਤੋਂ ਬਾਹਰ ਖ਼ਾਸਕਰ ਦੱਖਣੀ ਭਾਰਤ ਵਿੱਚ ਜਦੋਂ ਵੀ ਉਹ ਜਾਂਦੇ ਹਨ ਤਾਂ ਅਕਸਰ ਲੋਕ ਉਹਨਾਂ ਵੱਲ ਦੇਖਕੇ ਦੋ ਬਾਹਵਾਂ, ਭੰਗੜੇ ਵਾਲ਼ੀ ਮੁਦਰਾ ਵਿੱਚ ਖੜੀਆ ਕਰ ਦਿੰਦੇ ਹਨ। ਇਹਦਾ ਮਤਲਬ ਕਿ ਉਹ ਸਮਝਦੇ ਹਨ ਕਿ ਪੱਗਾਂ ਵਾਲ਼ੇ ਨੱਚਣ ਵਾਲ਼ੇ ਹੁੰਦੇ ਹਨ।

ਬਾਕੀ ਸਫ਼ਾ 28 'ਤੇ

# ਖੁਸ਼ੀਆਂ ਦਾ ਦੇਵਤਾ

**ਅਵਤਾਰ ਗੋਂਦਾਰਾ**
(ਫੋਨ: 559 375 2589)

ਭਾਰਤ ਵਰਗੇ ਮੁਲਕ ਵਿੱਚ ਨਾ ਡਾਕਟਰਾਂ ਦੀ ਥੁੜ ਹੈ ਨਾ ਹੀ ਇੰਜੀਨੀਅਰਾਂ, ਆਰਕੀਟੈਕਟਾਂ ਦੀ। ਵੱਡੀਆਂ ਫੀਸਾਂ ਖਰਚੇ ਕਰਕੇ ਬਣੇ ਜਿੱਥੇ ਪਹਿਲਿਆਂ ਦਾ ਜੀਵਨ-ਮਨੋਰਥ, ਲੋਕਾਂ ਦੀ ਸਿਹਤ ਨਹੀਂ, ਪੈਸਾ ਹੈ। ਉੱਥੇ ਮਗਰਲਿਆਂ ਦਾ ਉਦੇਸ਼ ਚੰਗੀਆਂ ਸੜਕਾਂ, ਹੰਢਣਸਾਰ ਪੁਲ, ਸੁਹਣੇ ਨਗਰ ਅਤੇ ਪਾਰਕਾਂ ਦੀ ਉਸਾਰੀ ਨਹੀਂ, ਸਗੋਂ ਕਮਿਸ਼ਨ ਰਾਹੀਂ ਮਾਇਆ ਇਕੱਠੀ ਕਰਨਾ ਹੁੰਦਾ ਹੈ। ਪਹਿਲਾਂ ਗੈਰਕਾਨੂੰਨੀ ਉਸਾਰੀਆਂ ਕਲੋਨੀਆਂ ਨੂੰ ਬਣਦੇ ਉਸਰਦੇ ਦੇਖਣਾ ਤੇ ਫਿਰ ਉਨਾਂ ਨੂੰ ਰੈਗੂਲਰ ਕਰਨ ਦੇ ਨਾਂ ਤੇ ਆਪਣਾ ਹਿੱਸਾ ਬਟੋਰਨਾ। ਮਾਹਿਰਾਂ ਦੀ ਇਸ ਭੀੜ ਵਿੱਚ ਕਈ ਅਜਿਹੇ ਮਰਜੀਵੜੇ ਵੀ ਹੁੰਦੇ ਹਨ, ਜੋ ਵਹਿਣ ਦੇ ਉਲਟ ਚੱਲਦੇ ਹਨ। ਅਜਿਹੀ ਹੀ ਸਖਸ਼ੀਅਤ ਹੈ- ਡਾ. ਹਰਸ਼ਿੰਦਰ ਕੌਰ। ਉਹ ਪਟਿਆਲਾ ਦੇ ਸਰਕਾਰੀ ਹਸਪਤਾਲ ਵਿੱਚ ਬੱਚਿਆਂ ਦੇ ਵਿਭਾਗ ਵਿੱਚ ਤਾਇਨਾਤ ਹੈ। ਉਹ ਉਨ੍ਹਾਂ ਡਾਕਟਰਾਂ ਚੋਂ ਨਹੀਂ, ਜਿਨ੍ਹਾਂ ਲਈ ਰੋਗੀ ਇੱਕ ਚੁੰਗ ਹੋਵੇ, ਉਹ ਉਸ ਨੂੰ ਸਿਹਤਮੰਦ ਤੇ ਖੁਸ਼ ਦੇਖਣ ਲਈ ਯਤਨਸ਼ੀਲ ਹੈ।



ਕਈ ਕੌਮਾਂਤਰੀ, ਕੌਮੀ ਅਤੇ ਰਾਜਕੀ ਇਨਾਮਾਂ ਨਾਲ ਨਿਵਾਜੀ ਇਸ, ਸਮਾਜ ਸੇਵੀ ਨੇ ਲੰਮਾ ਤੇ ਬਿਖੜਾ ਪੈਂਡਾ ਤਹਿ ਕੀਤਾ ਹੈ। ਪਿਛਲੇ ਦਿਨੀਂ ਇਸ ਸਫਰ ਦੇ ਮੋੜਾਂ ਘੋੜਾਂ ਬਾਰੇ ਉਸ ਦੇ ਮੂੰਹੋਂ ਸੁਣਨ ਦਾ ਮੌਕਾ ਮਿਲਿਆ। ਥਾਂ ਸੀ ਕਵੀ ਅਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਦਾ ਫਰਿਜਨੋ ਨਿਵਾਸ, ਜਿੱਥੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਕੁੰਨ ਹਾਜਿਰ ਸਨ। ਉਸ ਦੇ ਬੋਲਾਂ ਵਿੱਚ ਸਫਰ ਦਾ ਥਕੇਵਾਂ ਨਹੀਂ, ਡਾ. ਹਰਸ਼ਿੰਦਰ ਦੇ ਚਿਹਰੇ ਤੇ ਮਿਲੇ ਸਨਮਾਨਾਂ, ਕੀਤੀ ਸੇਵਾ ਦਾ ਖੇੜਾ ਹੈ।

ਉਸ ਦਾ ਪਹਿਲਾ ਪ੍ਰਭਾਵ ਅਜਿਹਾ ਸੀ ਕਿ ਮਿਥੇ ਸਮੇਂ ਤੋਂ ਕਾਫੀ ਪਛੜ ਕੇ ਆਉਣਾ, ਕਿਸੇ ਨੂੰ ਚੁੱਭਿਆ ਨਹੀਂ। ਪੰਜਾਬੀਆਂ ਦੇ ਸਮੇਂ ਦੀ ਪਾਬੰਦੀ ਤੋਂ ਬੇਨਿਆਜ਼ ਖੁੱਲ੍ਹੇ ਡੁੱਲੇ ਸੁਭਾ ਦੀ ਰਿਹਾਇਤ ਦਿੰਦਿਆਂ ਸਭਾ ਦੇ ਸਕੱਤਰ ਹਰਜਿੰਦਰ ਕੰਗ ਨੇ ਉਸ ਨੂੰ ਜੀਉਂ ਆਇਆਂ ਆਖਿਆ ਅਤੇ ਲਹਿੰਦੇ ਪੰਜਾਬ ਦੇ ਸ਼ਾਇਰ ਮੁਨੀਰ ਨਿਆਜੀ ਦੀਆਂ ਸਤਰਾਂ ਨਾਲ ਗੱਲ ਤੋਰੀ। ਜਰੂਰੀ ਬਾਤ ਕਹਿਨੀ ਹੋ, ਕੋਈ ਵਾਅਦਾ ਨਿਭਾਨਾ ਹੋ, ਉਸੇ ਆਵਾਜ ਦੇਨੀ ਹੋ ਉਸੇ ਵਾਪਿਸ ਬੁਲਾਨਾ ਹੋ, ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ"।

ਆਪਣੀ ਪ੍ਰੇਰਣਾ, ਜਿੰਦਗੀ 'ਚ ਆਏ ਕੁਦਰਤੀ ਮੋੜਾਂ ਬਾਰੇ ਉਹ ਗੱਲ ਸ਼ੁਰੂ ਕਰਦੀ ਹੈ। ਕਹਾਣੀਕਾਰ ਕਰਮ ਸਿੰਘ ਮਾਨ ਪੁੱਛਦਾ ਹੈ ਕਿ ਬਾਕੀ ਡਾਕਟਰਾਂ ਦੇ ਉਲਟ ਮਾਇਆ ਦੀ ਥਾਂ, ਉਸ ਨੇ ਮੋਹ ਦਾ ਰਾਹ ਕਿਵੇਂ ਫੜ ਲਿਆ। ਉਹ ਦੱਸਦੀ ਹੈ ਕਿ ਕਿਸੇ ਪਿੰਡ ਕੈਂਪ ਲਾਉਣ ਜਾਂਦਿਆਂ, ਦੋ ਦਹਾਕੇ ਪਹਿਲਾਂ, ਰਾਹ ਚ ਵਾਪਰੀ ਘਟਨਾ ਨੇ ਉਸ ਨੂੰ ਅੰਦਰ ਤੱਕ ਹਲੂਣ ਦਿੱਤਾ ਸੀ। ਹੱਡਾਂ ਰੋੜੀ ਵਿੱਚ ਕਿਸੇ ਦੇ ਰੋਣ ਦੀ ਆਵਾਜ ਤੋਂ ਚੌਕੀ ਆਪਣੇ ਪਤੀ ਨਾਲ ਉਹ ਉੱਧਰ ਜਾਂਦੀ ਹੈ। ਜਿੱਥੇ ਕੁੱਤੇ ਇੱਕ ਨਵਜਾਤ ਨੂੰ ਕੋਹ ਕੇ ਮਾਰ ਚੁੱਕੇ ਹਨ। ਧਿਆਨ ਨਾਲ ਦੇਖਣ ਤੇ ਪਤਾ ਲੱਗਦਾ ਹੈ ਕਿ ਲਾਸ਼ ਕੁੜੀ ਦੀ ਹੈ। ਇਸ ਬਾਰੇ ਉਹ ਪਿੰਡ ਵਿੱਚ ਗੱਲ ਤੋਰਦੀ ਹੈ। ਪਰ ਕਿਸੇ ਲਈ ਇਹ ਅਲੋਕਾਰੀ ਘਟਨਾ ਨਹੀਂ। ਪਿੰਡ ਵਾਲੇ ਸਰਸਰੀ ਦੱਸਦੇ ਹਨ ਕਿ ਫਲਾਣਿਆਂ ਦੀ ਗਰੀਬ ਘਰ ਦੀ ਔਰਤ ਆਪਣੀ ਨਵਜੰਮੀ ਕੁੜੀ ਨੂੰ ਹੱਡਾਰੋੜੀ ਵਿੱਚ ਸੁੱਟ ਕੇ ਆਈ ਹੈ। ਉਹ ਦੱਸਦੇ ਹਨ ਕਿ ਪਹਿਲਾਂ ਹੀ ਤਿੰਨ ਕੁੜੀਆਂ ਦੀ ਮਾਂ ਨੂੰ ਉਸ ਦੇ ਪਤੀ ਨੇ ਧਮਕੀ ਦਿੱਤੀ ਸੀ ਕਿ ਚੌਥੀ ਕੁੜੀ ਜੰਮਣ ਤੇ ਉਹ ਸਾਰੀਆਂ ਨੂੰ ਘਰੋ ਕੱਢ ਦੇਵੇਗਾ।

ਡਾ. ਹਰਸ਼ਿੰਦਰ ਨੂੰ ਔਰਤ ਹੋਣ ਦੇ ਸੰਤਾਪ ਦਾ ਪਹਿਲੀ ਵਾਰ ਪਤਾ ਲੱਗਦਾ ਹੈ ਤੇ ਫਿਰ ਖੋਜ ਸ਼ੁਰ ਹੋ ਹੁੰਦੀ ਹੈ। ਉਹ ਦੱਸਦੀ ਹੈ, ਉਸ ਨੂੰ ਭਰੂਣ ਹੱਤਿਆ ਦਾ ਪਤਾ ਨਹੀਂ ਸੀ। ਆਪ ਕਿਤੇ ਵਿਤਕਰਾ ਦੇਖਿਆ ਨਹੀਂ ਫਿਰ ਕੈਂਪਾਂ ਵਿੱਚ ਮੈਂ ਮੁੰਡੇ ਕੁੜੀ ਦੇ ਪੈਦਾ ਹੋਣ ਵਿੱਚ ਔਰਤ ਮਰਦ ਦੇ ਰੋਲ ਬਾਰੇ ਬਕਾਇਦਾ ਦੱਸਣਾ ਸ਼ੁਰੂ ਕੀਤਾ'। ਉਹ ਦੁਨੀਆਂ ਦੀਆਂ 383 ਕੁੜੀ-ਮਾਰ ਜਾਤੀਆਂ ਬਾਰੇ ਦਸਦੀ ਹੈ, ਜਿੰਨਾਂ ਦੀ ਹੁਣ ਕੋਈ ਹੋਂਦ ਨਹੀਂ ਔਰਤ ਪ੍ਰਤੀ ਵਿਤਕਰੇ ਦੀ ਤਾਲਾਸ਼ ਉਸ ਨੂੰ ਲਾਇਬਰੇਰੀਆਂ, ਮਰਦਮਸ਼ੁਮਾਰੀਆਂ ਘਰੇ ਪਈਆਂ ਪੁਰਾਣੀਆਂ ਪੁਸਤਕਾਂ ਤੱਕ ਲਿਜਾਂਦੀ ਹੈ ਉਸ ਨੇ ਆਮ ਪੇਡੂ ਔਰਤਾਂ ਅਤੇ ਲੜਕੀਆਂ ਨਾਲ ਹੁੰਦੇ ਵਿਤਕਰੇ ਤੇ ਸ਼ੋਸ਼ਣ ਦੀ ਵਿਆਪਕਤਾ ਨੂੰ ਡੂੰਘਾਈ ਤੱਕ ਦੇਖਿਆ ਹੈ।

ਡਾ. ਹਰਸ਼ਿੰਦਰ ਦਾ ਮਨ ਡਾਵਾਂਡੋਲ ਵੀ ਹੁੰਦਾ ਹੈ। ਕਈ ਸਾਲਾਂ ਦੇ ਪ੍ਰਚਾਰ ਪ੍ਰਸਾਰ ਨਾਲ ਵੀ ਜੇ ਉਹ ਕੁੱਖ ਪਲਦੀ ਕਿਸੇ ਕੁੜੀ ਨੂੰ ਨਹੀਂ ਬਚਾ ਸਕੀ ਤਾਂ ਇਸ ਭੱਜ ਨੱਠ ਦਾ ਕੀ ਮਕਸਦ? ਨਾਲ ਦੇ ਡਾਕਟਰ ਤਰੱਕੀਆਂ ਲੈ ਗਏ, ਕਈਆਂ ਨੇ ਚੋਖੀਆਂ ਕਮਾਈਆਂ ਕੀਤੀਆਂ ਡਾਕਟਰੀ ਭਾਈਚਾਰਾ ਉਸ ਨੂੰ ਸਿਰਫਿਰੀ ਸਮਝਦਾ ਹੈ ਉਹ ਸਭ ਕੁਝ ਛੱਡ ਦੇਣ ਬਾਰੇ ਸੋਚਦੀ ਹੈ। ਤਾਂ ਉਸ ਨੂੰ ਇੱਕ ਕੈਨੇਡਾ ਨਿਵਾਸੀ ਦਾ ਫੋਨ ਆਉਂਦਾ ਹੈ। ਫੋਨ ਕਰਤਾ ਕਹਿੰਦਾ ਹੈ ਕਿ ਉਹ ਪਤਨੀ ਨੂੰ ਲੈ ਕੇ ਰੋਪੜ ਦੇ ਮਸ਼ਹੂਰ ਐੱਨ ਆਈ ਆਰ ਕਲਿਨਿਕ ਚ" ਗਰਭਪਾਤ ਕਰਾਉਣ ਆਇਆ ਸੀ। ਜਦੋਂ ਉਸ ਦੀ ਪਤਨੀ ਓਪਰੇਸ਼ਨ ਥੀਏਟਰ 'ਚ ਸੀ, ਤਾਂ ਉਸ ਨੇ ਉੱਥੇ ਪਏ ਅਖਬਾਰ ਵਿੱਚ ਉਸ ਦਾ ਲੇਖ 'ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਏ' ਪੜਿਆ। ਉਹ ਕਹਿੰਦਾ ਪੜ੍ਹਦਿਆਂ ਪੜ੍ਹਦਿਆਂ ਮੇਰਾ ਗੱਚ ਭਰ ਆਇਆ ਤੇ ਮੈਂ ਤੁਰੰਤ ਕਿਹਾ ਅਸੀਂ ਆਬੋਰਸ਼ਨ ਨਹੀਂ ਕਰਾਉਣਾ ਅਸੀਂ ਕੈਨੇਡਾ ਵਾਪਸ ਆ ਗਏ। ਸਾਡੇ ਲੜਕੀ ਹੋਈ ਹੈ ਅਤੇ ਅਸੀਂ ਉਸ ਦਾ ਨਾਂ 'ਹਰਸ਼ਿੰਦਰ' ਰੱਖਿਆ ਹੈ। ਇਸ ਘਟਨਾ ਨੇ ਉਸ ਦੇ ਡੋਲਦੇ ਮਨ ਨੂੰ ਫਿਰ ਤਕੜਾ ਕੀਤਾ। ਪਿੰਡ ਪਿੰਡ ਫਿਰਨ ਦੀ ਥਾਂ, ਉਸ ਨੇ ਇੱਕ ਪਿੰਡ ਮੱਲਾ ਖੇੜੀ ਅਪਣਾਇਆ, ਜਿੱਥੇ 100 ਮੁੰਡਿਆ ਮਗਰ 83 ਕੁੜੀਆਂ ਸਨ। ਧਾਗਿਆਂ ਦੀ ਮਦਦ ਨਾਲ X Y ਕਰੋਮੋਸੋਮਾਂ ਦੀ ਲੀਲਾ ਦੱਸੀ, ਕਿ ਮੁੰਡਾ-ਕੁੜੀ ਕਿਵੇਂ ਬਣਦੇ ਹਨ। ਪ੍ਰੇਰਣਾ ਤੇ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਮੁੰਡਿਆ ਕੁੜੀਆਂ ਦੀ ਅਨੁਪਾਤ 100 ਅਤੇ 103 ਵਿੱਚ ਬਦਲ ਗਈ। ਇਸ ਦਾ ਚਰਚਾ ਦੇਸ਼ ਬਦੇਸ਼ ਤੱਕ ਹੋਇਆ। ਨੀਦਰਲੈਂਡ ਤੋਂ ਟੀਮ ਆਈ, ਉਸ ਨੇ ਪਿੰਡ ਦਾ ਦੌਰਾ ਕੀਤਾ ਤੇ ਦਸਤਾਵੇਜੀ ਫਿਲਮ ਬਣਾਈ, ਜਿਸ ਨਾਂ ਰੱਖਿਆ, `A lady with a thread. A lady with a mission`.

ਏਨੇ ਮਿਸ਼ਨਰੀ ਕੰਮ ਦੇ ਬਾਵਜੂਦ, ਪੰਜਾਬ ਸਰਕਾਰ ਦੁਆਰਾ ਸਸਪੈਂਡ ਤੇ ਕੇਂਦਰ ਸਰਕਾਰ ਦੁਆਰਾ ਤੰਗ ਕਰਨ ਦਾ ਕਾਰਣ ਕੀ ਸੀ, ਕਵੀ ਸੰਤੋਖ ਮਿਨਹਾਸ ਪੁੱਛਦਾ ਹੈ। ਡਾ. ਹਰਸ਼ਿੰਦਰ ਦੱਸਦੀ ਹੈ ਕਿ ਕਿਵੇਂ ਉਸ ਦੇ ਕੰਮ ਦੀ ਖਬਰ ਯੂ ਐਨ ਓ ਤੱਕ ਪਹੁੰਚੀ ਤੇ ਕਿਵੇਂ ਉਨਾਂ ਨੇ ਉਥੇ ਬੋਲਣ ਲਈ ਸੱਦਾ ਦਿੱਤਾ, ਜਿਸ ਦਾ ਵਿਸ਼ਾ ਸੀ, ਪੰਜਾਬੀ ਕੁੜੀ ਮਾਰ ਕਿਉਂ ਹਨ?' ਇਸ ਵਿਸ਼ੇ ਨੇ ਉਸ ਨੂੰ ਹੋਰ ਉਕਸਾਇਆ ਤੇ ਮੁਲਕ ਭਰ ਵਿੱਚ ਮੁੰਡੇ ਕੁੜੀ ਦੇ ਅਨੁਪਾਤ ਦੀ ਖੋਜ ਕੀਤੀ।

ਉਸ ਦੀ ਕਹਾਣੀ ਵਿੱਚ ਗਲੋਬਲੀ ਵਰਤਾਰੇ ਦੀਆ ਪਰਤਾਂ ਖੁਲਦੀਆਂ ਹਨ ਕੁੜੀ ਮਾਰਾਂ ਵਿੱਚ ਸਾਰੇ ਮੁਲਕਾਂ ਦਾ ਨੁਮਾਇਆ ਯੋਗਦਾਨ ਹੈ। ਚੀਨ ਵਿੱਚ ਯਾਂਗਸੀ ਦਰਿਆ ਦਾ ਵਹਿਣ ਇਸ ਕਰਕੇ ਬਦਲਿਆ ਕਿਉਂਕਿ ਸਮੇਂ ਦੇ ਫੇਰ ਨਾਲ ਲੱਖਾਂ ਕੁੜੀਆਂ ਦੇ ਦੱਬੇ ਪਿੰਜਰਾਂ ਨੇ ਉਸ ਦੇ ਕਿਨਾਰੇ ਬੰਨ ਮਾਰ ਦਿੱਤਾ ਭਾਰਤੀ ਸਰਕਾਰ ਦੇ ਹਵਾਲਿਆਂ ਮੁਤਾਬਿਕ ਰਾਜਸਥਾਨ ਦੇ ਭੱਟੀ ਰਾਜਪੂਤਾਂ ਵਿੱਚ 10,000 ਮੁੰਡਿਆਂ ਪਿੱਛੇ 50 ਕੁੜੀਆਂ ਰਹਿ ਗਈਆਂ ਹਨ। ਹਰਿਆਣਾ ਪੰਜਾਬ ਨੂੰ ਮਾਤ ਪਾ ਰਿਹਾ ਸੀ। ਬੰਬਈ ਦੇ ਇੱਕ ਹਸਪਤਾਲ ਵਿੱਚ ਇੱਕ ਸਾਲ ਵਿੱਚ 1000 ਕੁੜੀਆਂ ਦੀ ਭਰੂਣ ਹੱਤਿਆ ਦੀ ਰਿਪੋਰਟ ਇੱਕ ਮੈਡੀਕਲ ਰਸਾਲੇ 'ਚ ਛਪੀ। ਉਸ ਕੋਲ ਘਰਾਂ ਵਿੱਚ ਨਜਦੀਕੀ ਰਿਸ਼ਤੇਦਾਰਾਂ ਦੁਆਰਾ ਕੁੜੀਆਂ ਦੇ ਸ਼ੋਸ਼ਣ ਦੇ ਦਹਿਲਾਉਣ ਵਾਲੇ ਕਿੱਸੇ ਕਹਾਣੀਆਂ ਹਨ। ਉਹ ਯੂ ਐਨ ਓ ਜਾ ਕੇ ਪੰਜਾਬੀਆਂ ਬਾਰੇ ਦਰਜ ਅੰਕੜਿਆਂ ਨੂੰ ਚੁਣੌਤੀ ਦਿੰਦੀ ਹੈ ਕਿ ਕੁੜੀ ਮਾਰਾਂ ਵਿੱਚ ਬਾਕੀ ਸੂਬਿਆਂ ਦਾ ਹਾਲ ਏਦੂੰ ਵੀ ਮਾੜਾ ਹੈ। ਸੱਚ ਦੱਸਣਾ ਮਹਿੰਗਾ ਪੈਂਦਾ ਹੈ ਤੇ ਸਰਕਾਰ ਸਮਝਦੀ ਹੈ ਕਿ ਕੌਮਾਂਤਰੀ ਭਾਈਚਾਰੇ ਵਿੱਚ ਮੁਲਕ ਦੀ ਭੰਡੀ ਹੋਈ ਹੈ। ਫਿਰ ਵਿਭਾਗੀ ਕਾਰਵਾਈਆਂ ਤੇ ਸੂਹੀਆਂ ਏਜੰਸੀਆਂ ਦੀ ਘੇਰਾਬੰਦੀ ਸ਼ੁਰੂ ਹੁੰਦੀ ਹੈ। ਕਈ ਹਫਤੇ ਘਰ ਦਹਿਸ਼ਤ ਨਾਲ ਭਰਿਆ ਰਿਹਾ। ਯੂ. ਐਨ. ਓ. ਦੇ ਦਖਲ ਅਤੇ ਲੋਕਾਂ ਦੇ ਵਿਰੋਧ ਕਰਨ ਸਰਕਾਰ ਢਾਪਲ ਜਾਂਦੀ ਹੈ, ਤੇ ਉਹ ਮਾਨਸਿਕ ਤੌਰ ਤੇ ਤੋੜਨ ਵਾਲੇ ਇਸ ਸੰਤਾਪ ਚੋਂ ਸਾਬਤ ਕਦਮੀ ਨਿਕਲਦੀ ਹੈ। ਹਾਲਾਤ ਬਦਲਦੇ ਹਨ। ਹੱਥਕੜੀਆਂ ਚੁੱਕੀ ਫਿਰਦੀ ਸਰਕਾਰ, ਹੁਣ ਉਸ ਨੂੰ ਇੱਕ ਤੋਂ ਬਾਅਦ ਇੱਕ ਇਨਾਮ ਨਾਲ ਨਿਵਾਜ ਰਹੀ ਹੈ।

ਉਸ ਨੇ ਨਸ਼ਿਆਂ ਨਾਲ ਰਸਾਤਲ ਵਿੱਚ ਪਹੁੰਚੇ ਪੰਜਾਬੀ ਪਰਿਵਾਰਾਂ, ਬੇਰੁਜਗਾਰੀ ਹੰਢਾ ਰਹੇ ਅਤੇ ਬਦੇਸ਼ਾਂ ਨੂੰ ਜਾਣ ਲਈ ਕਾਹਲੇ ਨੌਜਵਾਨਾਂ ਨੂੰ ਨੇੜਿਓਂ ਦੇਖਿਆ ਹੈ। ਗਰੀਬ ਕੁੜੀਆਂ ਦੀ ਦੁਰਦਸ਼ਾ ਨੇ ਉਸ ਨੂੰ ਟਰੱਸਟ ਬਣਾਉਣ ਲਈ ਪਰੇਰਿਆ ਜੋ ਦਰਜਨਾਂ ਲੋੜਵੰਦ ਗਰੀਬ ਕੁੜੀਆਂ ਦੀ ਪੜ੍ਹਾਈ ਲਿਖਾਈ ਦਾ ਕਰਤਵ ਨਿਭਾ ਰਿਹਾ ਹੈ।

ਜਦੋਂ ਡਾ ਹਰਸ਼ਿੰਦਰ ਨੂੰ ਪੰਜਾਬ ਦੀ ਅਜੋਕੇ ਨਿਘਾਰ ਦੇ ਕਾਰਣਾਂ ਬਾਰੇ ਟਿੱਪਣੀ ਕਰਨ ਨੂੰ ਕਿਹਾ ਗਿਆ ਤਾਂ ਉਸ ਨੇ ਇਸ ਦਾ ਠੁਣਾ ਮਾੜੀਆਂ ਸਰਕਾਰੀ ਨੀਤੀਆਂ ਸਿਰ ਭੰਨਿਆ। ਮੁਫਤ ਬਿਜਲੀ ਪਾਣੀ ਨੇ ਲੋਕਾਂ ਦਾ ਉੱਦਮ ਖੋਹ ਲਿਆ ਹੈ। ਉਨਾਂ ਨੂੰ ਮੰਗਤੇ ਬਣਾ ਦਿੱਤਾ ਹੈ। ਉਹ ਸਰਕਾਰਾਂ ਨੂੰ ਸੁਆਲ ਕਰਨੋ ਹਟ ਗਏ ਹਨ। ਉਸ ਨੇ ਦੱਸਿਆ ਜਦੋਂ ਉਸ ਨੇ ਬੋਲਣ ਲਈ ਸੱਦਾ ਭੇਜਣ ਵਾਲੇ ਅਦਾਰਿਆਂ ਤੋਂ ਟਰੱਸਟ ਲਈ ਪੈਸੇ ਮੰਗਣੇ ਸ਼ੁਰੂ ਕੀਤੇ, ਤਾਂ ਕਈਆਂ ਨੇ ਸੱਦਣਾ ਹੀ ਬੰਦ ਕਰ ਦਿੱਤਾ। ਉਨਾਂ ਨੇ ਵੀ ਜੋ ਆਪਣੇ ਸਲਾਨਾ ਸਮਾਗਮਾਂ ਤੇ ਗਾਉਣ ਵਾਲਿਆਂ ਨੂੰ ਲੱਖਾਂ ਰੁਪਏ ਦਿੰਦੇ ਹਨ। ਡਾ. ਹਰਸ਼ਿੰਦਰ ਨੇ ਪ੍ਰਵਾਸੀਆਂ ਨੂੰ ਵੀ ਕੋਸਿਆ ਜੋ ਸੋਨੇ ਦੇ ਮੋਟੇ ਕੜੇ, ਮੁੰਦੀਆਂ ਤੇ ਗਾਨੀਆਂ ਪਾ ਕੇ, ਆਪਣੀਆਂ ਪੰਜਾਬ ਫੇਰੀਆਂ ਦੌਰਾਨ, ਅਮੀਰੀ ਦਾ ਲੱਚਰ ਵਿਖਾਵਾ ਕਰਦੇ ਹਨ। ਤੇ ਉੱਥੋਂ ਦੇ ਮੁੰਡੇ ਕੁੜੀਆਂ ਵਿੱਚ ਝੂਠੇ ਸੁਫਨਿਆਂ ਦਾ ਬੀਅ ਬੋਅਦੇ ਹਨ। ਉਸ ਨੇ ਬਦੇਸ਼ੀ ਫੇਰੀਆਂ ਤੇ ਆਉਂਦੇ ਭਾਰਤੀ ਸਿਆਸਤਦਾਨਾਂ ਨੂੰ ਸੁਆਲ ਕਰਨ ਦਾ ਸੱਦਾ ਦਿੱਤਾ।

ਵੱਖ ਵੱਖ ਧਿਰਾਂ ਦੀਆਂ ਜਿੰਮੇਵਾਰੀਆਂ ਅਤੇ ਬੇਵਸਾਹੀਆਂ ਦੀ ਲੰਮੀ ਚਰਚਾ ਬਾਅਦ ਕਵਿਤਾਵਾਂ ਦਾ ਦੌਰ ਸ਼ੁਰੂ ਹੁੰਦਾ ਹੈ। ਆਪਣੀਆ ਕਵਿਤਾਵਾਂ ਦੇ ਪਾਠ ਮਗਰੋਂ ਡਾ. ਹਰਸ਼ਿੰਦਰ ਨੇ ਕਿਹਾ ਕਿ ਕਦੇ ਉਸ ਨੇ ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ' ਦੇ ਸਿਰਲੇਖ ਹੇਠ ਲੇਖ ਲਿਖਿਆ ਸੀ। ਉਸ ਨੇ ਖੁਸ਼ੀ ਜਾਹਿਰ ਕੀਤੀ ਕਿ ਉਹ ਇੰਨ੍ਹਾਂ ਸਤਰਾਂ ਦੇ ਰਚੇਤਾ ਨੂੰ ਮਿਲ ਸਕੀ ਹੈ। ਉਸ ਦੇ ਇਸਰਾਰ ਕਰਨ ਤੇ ਹਰਜਿੰਦਰ ਕੰਗ ਨੇ ਆਪਣਾ ਉਹੀ ਗੀਤ ਸੁਣਾਇਆ। ਹਾਜਰ ਕਵੀਆਂ ਚੋਂ ਅਸ਼ਰਫ ਗਿੱਲ, ਡਾ, ਗੁਰੂਮੇਲ ਸਿੱਧੂ, ਕਰਮ ਸਿੰਘ ਮਾਨ, ਮਹਿੰਦਰ ਸਿੰਘ ਢਾਅ, ਸੁਰਿੰਦਰ ਮੰਢਾਲੀ, ਨਵਦੀਪ ਧਾਲੀਵਾਲ, ਗੁੱਡੀ ਸਿੱਧੂ ਤੇ ਸੰਤੋਖ ਮਿਨਹਾਸ ਆਪਣੀਆਂ ਕਵਿਤਾਵਾਂ ਨਾਲ ਹਾਜਰੀ ਲੁਆਉਂਦੇ ਹਨ। ਜਨਮ ਸਮੇਂ ਵਾਪਰੀ ਘਟਨਾ ਡਾ. ਹਰਸ਼ਿੰਦਰ ਦੇ ਜੀਵਨ ਮਿਸ਼ਨ ਤਹਿ ਕਰ ਦਿੰਦੀ ਹੈ। ਉਹ ਦੱਸਦੀ ਹੈ ਕਿ ਉਸ ਦੇ ਜਨਮ ਤੇ ਗੁਆਂਢਣਾਂ ਅਫਸੋਸ ਕਰਨ ਆਉਂਦੀਆਂ ਹਨ ਤਾਂ ਉਸ ਦੇ ਡੈਡੀ ਛਿੜਕਣ ਦਿੰਦੇ ਹਨ ਤੇ ਕਹਿੰਦੇ ਹਨ, ਤੁਸੀਂ ਅਫਸੋਸ ਕਰਨ ਆਈਆਂ ਹੋ, ਅਸੀਂ ਕੁੜੀ ਦਾ ਨਾਂ ਹਰਸ਼ ਇੰਦਰ ਰੱਖਣਗੇ। ਭਾਵ ਖੁਸ਼ੀਆਂ ਦਾ ਦੇਵਤਾ'। ਨਿੱਜੀ ਖੁਸ਼ੀ ਨੂੰ ਉਸ ਨੇ ਲੋਕਾਂ ਦੀ ਖੁਸ਼ੀ ਨਾਲ ਪਿਉਂਦ ਕਰ ਲਿਆ ਹੈ। ਡਾ. ਹਰਸ਼ਿੰਦਰ ਕੌਰ ਆਪਣੇ ਕੰਮਾਂ ਤੇ ਲਿਖਤਾਂ ਰਾਹੀਂ ਆਪਣੇ ਨਾਂ ਦੀ ਲੱਜ ਪਾਲ ਰਹੀ ਹੈ।

# ਮੱਛੀ ਤੋਂ ਮਨੁੱਖ ਤਕ ਦਾ ਸਫ਼ਰ



**ਸੁਰਜੀਤ ਸਿੰਘ ਢਿੱਲੋਂ (ਡਾ.)**
ਫੋਨ ਸੰਪਰਕ: 0175-2214547

ਭਾਗੋ ਹਾਂ ਕਿ ਸੰਸਾਰ ਵਿਖੇ ਅਸੀਂ ਤਦ ਰਹਿ ਰਹੇ ਹਾਂ, ਜਦੋਂ ਸਾਨੂੰ ਸੰਸਾਰ ਅਤੇ ਜੀਵਨ ਬਾਰੇ ਬਹੁਤ ਕੁਝ ਸਪਸ਼ਟ ਸਮਝ ਆ ਰਿਹਾ ਹੈ। ਅੱਜ ਸਮਝ ਸਕਣਾ ਸੰਭਵ ਹੈ ਕਿ ਜੀਵਨ ਪ੍ਰਿਥਵੀ ਉਪਰ ਹੀ ਕਿਉਂ ਪੁੰਗਰਿਆ, ਸੂਰਜ ਮੰਡਲ ਵਿੱਚ ਹੋਰ ਕਿਧਰੇ ਕਿਉਂ ਨਹੀਂ; ਅਸੀਂ ਸੰਸਾਰ ਵਿੱਚ ਕਿਧਰੋਂ ਆਏ ਹਾਂ; ਜੀਵਾਂ ਦੀ ਵੰਨਗੀ ਦਾ ਇਸ ਹੱਦ ਤਕ ਫੈਲਾਓ ਕਿਉਂ ਹੈ ਅਤੇ ਕਿਹੋ ਜਿਹਾ ਹੈ ਵਿਸ਼ਵ ਅਤੇ ਇਸ ਦਾ ਇਤਿਹਾਸ? ਉਂਜ, ਇਸ ਸਭ ਕੁਝ ਦੇ ਸਹੀ ਸਹੀ ਸਮਝ 'ਚ ਆਉਣ ਨੇ ਬਹੁਤ ਸਮਾਂ ਲਿਆ।

ਸਾਡੀ ਸਮਝ ਪਹਿਲਾਂ-ਪਹਿਲ ਤਾਂ ਉਸ ਤਕ ਸੀਮਿਤ ਰਹੀ ਜੋ ਵੀ ਅਸੀਂ ਸੰਵੇਦਨਾਵਾਂ ਦੁਆਰਾ ਅਨੁਭਵ ਕਰ ਸਕਦੇ ਸੀ, ਭਾਵ ਜੋ ਦੇਖ, ਸੁਣ, ਸੁੰਘ, ਚੱਖ ਸਕਦੇ ਸੀ ਜਾਂ ਫਿਰ ਛੋਹ ਦੁਆਰਾ ਮਹਿਸੂਸ ਕਰ ਸਕਦੇ ਸੀ। ਇਸ ਪ੍ਰਕਾਰ ਅਨੁਭਵ ਕੀਤੀ ਜਾ ਰਹੀ ਹਕੀਕਤ ਦਾ ਅਤਿ ਸੌੜਾ ਖੇਤਰ ਸੀ। ਹਕੀਕਤ ਪ੍ਰਤੀ ਗਿਆਨ ਨੇ ਉਦੋਂ ਫੈਲਣਾ ਸ਼ੁਰੂ ਕਰ ਦਿੱਤਾ, ਜਦੋਂ ਖੋਜ ਨੂੰ ਉਪਕਰਨਾਂ ਦਾ ਆਸਰਾ ਨਸੀਬ ਹੋਇਆ। ਦੂਰਬੀਨ ਨੇ ਦੁਨੀਆਂ ਅੰਦਰਲੀਆਂ ਦੂਰੀਆਂ ਸਮੇਟ ਦਿੱਤੀਆਂ ਅਤੇ ਖੁਰਦਬੀਨ ਨੇ ਅਜਿਹੇ ਬਹੁਤ ਕੁਝ ਨਾਲ ਸਾਡੀ ਪਛਾਣ ਕਰਵਾਈ ਜਿਹੜਾ ਸਾਧਾਰਨ ਨਜ਼ਰ ਨਹੀਂ ਸੀ ਆ ਰਿਹਾ। ਮੁੱਠੀ ਭਰ ਰੇਤ 'ਚ ਵੀ ਲੱਖਾਂ ਦੀ ਗਿਣਤੀ 'ਚ ਸੂਖ਼ਮ ਜੀਵ ਕੁਰਬਲਾਉਂਦੇ ਦਿੱਸੇ। ਰੇਡਿਆਈ ਉਪਕਰਨਾਂ ਦੁਆਰਾ ਅਸੀਂ ਅਜਿਹੀਆਂ ਤਰੰਗਾਂ ਤੋਂ ਜਾਣੂ ਹੋਏ ਜਿਨ੍ਹਾਂ ਦੇ ਉਪਯੋਗ ਦੁਆਰਾ ਸੰਸਾਰ ਭਰ 'ਚ ਗਿਆਨ ਦਾ ਸਹਿਲ ਸੰਚਾਰ ਹੋਣ ਲੱਗਿਆ ਅਤੇ ਲੋਕਾਂ ਦੇ ਆਪਸੀ ਸਬੰਧਾਂ ਨੇ ਵੀ ਨਵੀਂ ਦਿਸ਼ਾ ਅਪਣਾਈ।

ਇਸ ਉਪਰੰਤ ਵੀ ਗਿਆਨ ਨਿਰੋਲ ਉਪਕਰਨਾਂ ਦੁਆਰਾ ਫਰੋਲੀ ਜਾ ਰਹੀ ਹਕੀਕਤ ਤਕ ਹੀ ਸੀਮਿਤ ਨਾ ਰਿਹਾ। ਇਸ ਦਾ ਦਾਇਰਾ ਉਪਕਰਨਾਂ ਦੀ ਪਕੜ ਦੇ ਪਾਰ ਵੀ ਫੈਲਿਆ। ਡੀਐੱਨਏ, ਜਿਹੜਾ ਹਰ ਇੱਕ ਜੀਵ ਦੇ ਜੀਵਨ ਦਾ ਆਧਾਰ ਹੈ ਅਤੇ ਐਟਮ, ਜਿਨ੍ਹਾਂ ਆਸਰੇ ਸਮੁੱਚਾ ਜਗਤ ਖਲੋਤਾ ਹੈ, ਅਤਿ ਸ਼ਕਤੀਸ਼ਾਲੀ ਖੁਰਦਬੀਨ ਦੁਆਰਾ ਵੀ ਦੇਖੇ ਨਾ ਜਾ ਸਕੇ। ਖੋਜ ਦੁਆਰਾ ਇਕੱਤਰ ਕੀਤੇ ਤੱਥਾਂ ਦੇ ਆਧਾਰ 'ਤੇ ਇਨ੍ਹਾਂ ਦੇ ਮਾਡਲ ਤਿਆਰ ਕਰਕੇ ਫਿਰ ਇਨ੍ਹਾਂ ਨੂੰ ਜਾਣਿਆ ਸਮਝਿਆ ਗਿਆ। ਉਧਰ, ਸੰਸਾਰ ਦੀ ਵਿਸ਼ਾਲਤਾ ਦਾ ਵੀ ਅੰਤ ਨਹੀਂ; ਉਪਕਰਨ ਤਾਂ ਉਪਕਰਨ ਇਹ ਤਾਂ ਕਲਪਨਾ ਦੇ ਕਲਾਵੇ 'ਚ ਵੀ ਆਉਣ ਯੋਗ ਨਹੀਂ। ਇਸ ਨੂੰ ਵੀ ਜਾਣਨ ਸਮਝਣ ਲਈ ਇਸ ਦਾ ਮਾਡਲ ਤਿਆਰ ਕਰਨ ਦੀ ਲੋੜ ਪਈ।

ਜੀਵਨ ਦਾ ਇਤਿਹਾਸ ਫਰੋਲਣ ਲਈ ਵੀ ਸਮੇਂ 'ਚ ਪਿਛਾਂਹ ਜਾ ਸਕਣਾ ਸੰਭਵ ਨਹੀਂ। ਪਰ ਇੱਕ ਅਜਿਹਾ ਸਾਧਨ ਵਿਗਿਆਨ ਦੇ ਹੱਥ ਆ ਗਿਆ ਜਿਸ ਦੁਆਰਾ ਇਹ ਪਤਾ ਲੱਗਦਾ ਰਿਹਾ ਕਿ ਪੁਰਾਣੇ ਸਮਿਆਂ 'ਚ ਵਿਚਰੇ ਜੀਵ ਕਿਹੋ ਜਿਹੇ ਸਨ ਅਤੇ ਕਿਨ੍ਹਾਂ ਸਮਿਆਂ 'ਚ ਸੰਸਾਰ ਇਨ੍ਹਾਂ ਨਾਲ ਆਬਾਦ ਸੀ। ਇਹ ਸਾਧਨ ਸੀ, ਪੁਰਾਣੇ ਸਮਿਆਂ 'ਚ ਵਿਚਰੇ ਜੀਵਾਂ ਦੇ ਪਥਰੀਲੀਆਂ ਪਰਤਾਂ 'ਚ ਅੰਕਿਤ ਹੋਏ ਚਿੰਨ੍ਹ ਭਾਵ ਪਥਰਾਟ। ਪਥਰਾਟਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਜੀਵਨ ਦੇ ਇਤਿਹਾਸ ਦਾ ਜਿਹੜਾ ਮਾਡਲ ਤਿਆਰ ਕੀਤਾ ਗਿਆ, ਉਹ ਇਸ ਪ੍ਰਸ਼ਨ ਦਾ ਉੱਤਰ ਵੀ ਦੇ ਰਿਹਾ ਹੈ ਕਿ ਅਸੀਂ ਕਿਧਰੋਂ ਆਏ ਹਾਂ? ਇਸ ਉੱਤਰ ਦੀ ਪੁਸ਼ਟੀ ਭਿੰਨ ਭਿੰਨ ਜੀਵਾਂ ਦੇ ਡੀਐੱਨਏ ਤੋਂ ਮਿਲੀ ਜਾਣਕਾਰੀ ਵੀ ਕਰ ਰਹੀ ਹੈ। ਵੱਖ ਵੱਖ ਹੋਰਨਾਂ ਸਰੋਤਾਂ ਤੋਂ ਪ੍ਰਾਪਤ ਪ੍ਰਮਾਣ ਵੀ ਸਿੱਧ ਕਰ ਰਹੇ ਹਨ ਕਿ ਜੀਵ ਸਮੇਂ ਨਾਲ ਬਦਲਦੇ ਰਹੇ ਹਨ ਅਤੇ ਬਦਲਦੇ ਹੋਏ ਇਹ ਬਹੁਵੰਨਗੀ 'ਚ ਢਲਦੇ ਰਹੇ ਹਨ।

ਸਾਡੀ ਸੂਝ ਅਤੇ ਸਮਝ ਉਸ 'ਚੋਂ ਪੁੰਗਰਦੇ ਹਨ ਜੋ ਆਲੇ-ਦੁਆਲੇ ਵਾਪਰਦਾ ਦੇਖ ਰਹੇ ਹਾਂ। ਅਸੀਂ ਦੇਖ ਰਹੇ ਹਾਂ ਕਿ ਘੋੜੇ ਘੋੜਿਆਂ ਨੂੰ ਜਨਮ ਦੇ ਰਹੇ ਹਨ, ਮੋਰ ਮੋਰਾਂ ਨੂੰ, ਜਦੋਂਕਿ ਬੋਹੜ ਦੇ ਬੀਜ 'ਚੋਂ ਬੋਹੜ ਉੱਗ ਰਹੇ ਹਨ, ਪਿੱਪਲ ਨਹੀਂ ਅਤੇ ਮਨੁੱਖ ਤੋਂ ਵੀ ਮਨੁੱਖ ਹੀ ਜਨਮ ਲੈ ਰਹੇ ਹਨ। ਫਿਰ ਕਿਵੇਂ ਮੰਨ ਲਿਆ ਜਾਵੇ ਕਿ ਅਸੀਂ ਵਣਮਾਨਸ ਤੋਂ ਵਿਕਸਿਤ ਹੋਏ ਹਾਂ ਜਾਂ ਵਣਮਾਨਸ, ਬਾਂਦਰ ਤੋਂ ਵਿਕਸਿਤ ਹੋਇਆ ਸੀ, ਜਿਵੇਂ ਵਿਗਿਆਨ ਕਹਿ ਰਿਹਾ ਹੈ। ਪਰ ਜੋ ਜਿਵੇਂ ਦਿੱਸ ਰਿਹਾ ਹੈ, ਉਹ ਨਜ਼ਰਾਂ ਦਾ ਧੋਖਾ ਵੀ ਤਾਂ ਹੋ ਸਕਦਾ ਹੈ ਜਿਵੇਂ ਰੇਗਿਸਤਾਨ 'ਚ ਜਲ ਦਾ ਭੁਲੇਖਾ ਪੈ ਜਾਣਾ ਜਾਂ ਫਿਰ ਸੂਰਜ ਦਾ ਚੰਦਰਮਾ ਨਾਲੋਂ ਛੋਟਾ ਆਕਾਰ ਲੱਗਣਾ।

ਪੁਰਾਣੇ ਵਿਚਰੇ ਜੀਵਾਂ ਦੀ ਸਹੀ ਬਣਤਰ ਬਨਾਵਟ ਦਾ ਪਤਾ ਪਥਰਾਟ ਦੇ ਰਹੇ ਹਨ ਅਤੇ ਕਿਸ ਸਮੇਂ ਇਹ ਸੰਸਾਰ ਵਿੱਚ ਵਿਚਰੇ, ਇਸ ਦਾ ਪਤਾ ਵੀ ਉਸ ਪਥਰੀਲੀ ਪਰਤ ਦੀ ਆਯੂ ਤੋਂ ਲੱਗ ਜਾਂਦਾ ਹੈ ਜਿਸ ਵਿੱਚ ਇਨ੍ਹਾਂ ਦੇ ਨਿਸ਼ਾਨ ਖੁਣੇ ਮਿਲਦੇ ਹਨ।

ਪਥਰਾਟ ਸੰਕੇਤ ਦੇ ਰਹੇ ਹਨ ਕਿ ਅੱਜ ਤੋਂ 60 ਲੱਖ ਵਰ੍ਹੇ ਪਹਿਲਾਂ ਮਨੁੱਖ ਜਾਂ ਮਨੁੱਖ ਜਿਹਾ ਕੋਈ ਪ੍ਰਾਣੀ ਸੰਸਾਰ ਵਿੱਚ ਨਹੀਂ ਸੀ ਵਿਚਰ ਰਿਹਾ। ਤਦ ਵਣਮਾਨਸ ਹੈ ਸਨ, ਪਰ ਜਿਹੜੇ ਢਾਈ ਕਰੋੜ ਵਰ੍ਹੇ ਪਹਿਲਾਂ ਨਹੀਂ ਸਨ, ਜਦੋਂਕਿ ਬਾਂਦਰ ਸਨ। ਅੱਜ ਤੋਂ 40 ਕਰੋੜ ਵਰ੍ਹੇ ਪਹਿਲਾਂ ਤਾਂ ਖੁਸ਼ਕ ਭੂਮੀ ਉਪਰ ਹੱਡੀਆਂ ਦੇ ਪਿੰਜਰ ਸਹਿਤ ਕੋਈ ਪ੍ਰਾਣੀ ਵੀ ਤੁਰ-ਫਿਰ ਨਹੀਂ ਸੀ ਰਿਹਾ, ਨਾ ਡੱਡੂ, ਨਾ ਕਿਰਲੇ ਜਾਂ ਸੱਪ, ਨਾ ਹਵਾ 'ਚ ਉੱਡਦੇ ਪੰਛੀ ਅਤੇ ਨਾ ਦੁਧਾਰੂ ਪਸ਼ੂ। ਇਹ ਪ੍ਰਾਣੀ ਸਮੇਂ ਨਾਲ ਵਾਰੀ ਸਿਰ ਵਿਕਸਿਤ ਹੋਏ। ਵਿਕਾਸ ਦੌਰਾਨ ਇਹ ਨਹੀਂ ਹੁੰਦਾ ਕਿ ਪਲ ਝਪਕਦਿਆਂ ਇੱਕ ਨਸਲ ਦੇ ਕੁਝ ਪ੍ਰਾਣੀ ਦੂਜੀ ਨਸਲ ਦੀਆਂ ਵਿਸ਼ੇਸ਼ਤਾਵਾਂ ਧਾਰਨ ਕਰ ਲੈਣ। ਇਹ ਨਹੀਂ ਸੀ ਹੋਇਆ ਕਿ 60 ਲੱਖ ਵਰ੍ਹੇ ਪਹਿਲਾਂ ਵਣਮਾਨਸਾਂ 'ਚੋਂ ਕੁਝ ਤਾਂ ਚਿੰਪਾਂਜ਼ੀ ਬਣ ਕੇ ਰੁੱਖਾਂ ਉਪਰ ਜਾ ਬਿਰਾਜੇ ਅਤੇ ਦੂਜੇ ਧਰਤੀ ਉਪਰ ਤੁਰਨ-ਫਿਰਨ ਲੱਗ ਪਏ। ਬਦਲ ਰਹੇ ਵਾਤਾਵਰਨ ਅਧੀਨ ਨਾ ਅਨੁਭਵ ਕੀਤੀ ਜਾਣ ਵਾਲੀ ਗਤੀ ਅਨੁਕੂਲ ਇਨ੍ਹਾਂ ਪ੍ਰਾਣੀਆਂ 'ਚ ਸਹਿਜੇ ਸਹਿਜੇ ਬਦਲਾਓ ਆਉਂਦੇ ਰਹੇ।

ਜੀਵ-ਨਸਲਾਂ 'ਚ ਆ ਰਹੀ ਤਬਦੀਲੀ ਦੀ ਗਤੀ ਸਰੀਰ 'ਚ ਆ ਰਹੀ ਗਤੀ ਦੇ ਟਾਕਰੇ ਕੁਝ ਵੀ ਨਹੀਂ। ਇੱਕ ਹੱਸਦਾ-ਖੇਡਦਾ ਚੁਲਬੁਲਾ ਜਵਾਨ 40 ਵਰ੍ਹਿਆਂ ਉਪਰੰਤ ਬਜ਼ੁਰਗੀ ਵਾਲੀ

ਬਾਕੀ ਸਫ਼ਾ 28 'ਤੇ


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਕਲਪਿਤ ਦੁਨੀਆਂ ਦਾ ਸੰਸਾਰ ਫੇਸਬੁੱਕ

ਪ੍ਰਤੀ ਖਿੱਚ ਦਾ ਇੱਕ ਹੋਰ ਕਾਰਨ ਹੈ। ਫੇਸਬੁੱਕ ਆਪਣੀ ਬਣਤਰ ਵਿੱਚ ਹੀ ਕਿਸੇ ਗੰਭੀਰ ਸੰਵਾਦ ਦੇ ਬਦਲੇ ਗੱਪਸ਼ੱਪ ਨੂੰ ਉਤਸ਼ਾਹਿਤ ਕਰਦੀ ਹੈ। ਗੰਭੀਰ ਸੰਵਾਦ ਅਕਸਰ ਲੰਮੇ ਵਾਰਤਾਲਾਪ ਦਾ ਰੂਪ ਲੈ ਜਾਂਦਾ ਹੈ, ਪਰ ਫੇਸਬੁੱਕ 'ਤੇ ਨਾ ਕੋਈ ਲੰਮੀ ਪੋਸਟਿੰਗ ਕਰਦਾ ਹੈ ਤੇ ਨਾ ਸਾਹਮਣੇ ਵਾਲਾ ਲੰਮੀ ਉਡੀਕ ਕਰਦਾ ਹੈ। ਨਾਲੇ ਆਹਮੋ-ਸਾਹਮਣੇ ਦੇ ਸੰਵਾਦ ਵਿੱਚ ਸਾਹਮਣੇ ਵਾਲੇ ਦਾ ਸੰਪੂਰਨ ਵਿਅਕਤੀਤਵ ਮੌਜੂਦ ਹੁੰਦਾ ਹੈ, ਜਦੋਂ ਕਿ ਫੇਸਬੁੱਕ 'ਤੇ ਲਿਖੇ ਹੋਏ ਅੱਖਰ ਜਾਂ ਫੋਟੋ ਹੁੰਦੀ ਹੈ। ਕੁੱਲ ਮਿਲਾ ਕੇ ਫੇਸਬੁੱਕ ਗੱਪਸ਼ੱਪ ਦਾ ਉਹ ਅੱਡਾ ਹੈ, ਜਿੱਥੇ ਕੋਈ ਵੀ ਚਲਵੀਂ ਟਿੱਪਣੀ ਕੀਤੀ ਜਾ ਸਕਦੀ ਹੈ। ਚਾਹੇ ਵਿਸ਼ਾ ਸਾਹਮਣੇ ਵਾਲੇ ਦੀ ਪੋਸ਼ਾਕ ਦਾ ਹੋਵੇ ਜਾਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਦਾ ਹੋਵੇ। ਇਸ ਪ੍ਰਕਾਰ ਦੀ ਗੱਪਸ਼ੱਪ ਦੀ ਲੋੜ ਇਸ ਕਰਕੇ ਵੱਧ ਗਈ ਹੈ ਕਿ ਅੱਜ ਗੱਪਸ਼ੱਪ ਦੇ ਰਵਾਇਤੀ ਅੱਡੇ ਖ਼ਤਮ ਹੋ ਗਏ ਹਨ।

ਇੰਝ ਕੁਲ ਮਿਲਾ ਕੇ ਦੇਖਿਆ ਜਾਵੇ, ਤਾਂ ਫੇਸਬੁੱਕ ਦੇ ਕਰੇਜ਼ ਦਾ ਰਾਜ਼ ਇਹੀ ਹੈ ਕਿ ਉਹ ਅਜੋਕੇ ਵਿਅਕਤੀ ਦੀ ਹਕੀਕੀ ਜ਼ਿੰਦਗੀ ਦੀਆਂ ਕੁਝ ਲੋੜਾਂ ਨੂੰ ਇੰਟਰਨੈੱਟ ਦੀ ਕਲਪਿਤ ਦੁਨੀਆਂ ਵਿੱਚ ਪੂਰਾ ਕਰਦਾ ਹੈ। ਦੋਸਤੀ, ਸੰਵਾਦ ਤੋਂ ਲੈ ਕੇ ਚੀਜ਼ਾਂ 'ਤੇ ਕੰਟਰੋਲ ਤੱਕ ਉਸ ਦੀਆਂ ਲੋੜਾਂ ਕਲਪਿਤ ਢੰਗ ਨਾਲ ਪੂਰੀਆਂ ਹੋ ਜਾਂਦੀਆਂ ਹਨ, ਪਰ ਕਿਉਂ ਜੋ ਇਹ ਹਕੀਕੀ ਰੂਪ 'ਚ ਪੂਰੀਆਂ ਨਹੀਂ ਹੁੰਦੀਆਂ, ਪਿਆਸ ਬਣੀ ਰਹਿੰਦੀ ਹੈ। ਥੋੜ੍ਹਾ ਹੋਰ ਡੂੰਘਾਈ ਨਾਲ ਵੇਖੀਏ, ਤਾਂ ਫੇਸਬੁੱਕ ਤੇ ਇੰਟਰਨੈੱਟ ਦੀ ਇਹ ਕਲਪਿਤ ਦੁਨੀਆਂ ਸਰਮਾਏਦਾਰਾ ਸਮਾਜ ਵਿੱਚ ਵਿਅਕਤੀ ਦੇ ਅਲਗਾਓ ਦਾ ਇੱਕ ਹੋਰ ਨਵਾਂ ਪ੍ਰਗਟਾਵਾ ਹੈ। ਮੂਲ ਪ੍ਰਵਿਰਤੀ ਪੁਰਾਣੀ ਹੈ, ਉਸ ਦਾ ਪ੍ਰਗਟਾਵਾ ਨਵਾਂ ਹੈ। ਫਿਰ ਫੇਸਬੁੱਕ ਵਰਗੀ ਕਲਪਿਤ ਦੁਨੀਆਂ ਦਾ ਭਵਿੱਖ ਕੀ ਹੈ ? ਇਹ ਕਦੋਂ ਤੱਕ ਅਤੇ ਕਿਸ ਹੱਦ ਤੱਕ ਹਕੀਕੀ ਦੁਨੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਰਹੇਗੀ ?

ਸਰਮਾਏਦਾਰੀ ਦੇ ਖਾਸੇ ਨੂੰ ਦੇਖਦੇ ਹੋਏ ਫੇਸਬੁੱਕ ਆਦਿ ਦਾ ਭਵਿੱਖ ਬਹੁਤਾ ਦੂਰ ਦਾ ਨਹੀਂ। ਸਰਮਾਏਦਾਰੀ ਇੱਕ ਅਜਿਹਾ ਪ੍ਰਬੰਧ ਹੈ, ਜਿਹੜਾ ਇਸ ਤਰ੍ਹਾਂ ਦੇ ਫੈਸ਼ਨ ਨੂੰ ਕਦੇ ਵੀ ਸਥਾਈ ਨਹੀਂ ਹੋਣ ਦਿੰਦਾ। ਕੁਝ ਸਮੇਂ ਬਾਅਦ ਉਹ ਇਹਦੇ ਬਦਲ 'ਚ ਨਵੀਂ ਚੀਜ਼ ਪੇਸ਼ ਕਰ ਦਿੰਦਾ ਹੈ। ਇੱਥੋਂ ਤੱਕ ਕਿ ਧਰਮ ਦੇ ਮਾਮਲੇ 'ਚ ਵੀ ਸਰਮਾਏਦਾਰੀ ਇੰਝ ਹੀ ਕਰਦੀ ਹੈ, ਅਨੇਕਾਂ ਬਾਬੇ ਪੈਦਾ ਹੁੰਦੇ ਤੇ ਅਲੋਪ ਹੁੰਦੇ ਰਹਿੰਦੇ ਹਨ, ਪਰ ਫੇਸਬੁੱਕ ਕਲਪਿਤ ਢੰਗ ਨਾਲ ਅਜੋਕੇ ਮਨੁੱਖ ਦੀਆਂ ਜਿਨ੍ਹਾਂ ਲੋੜਾਂ ਨੂੰ ਪੂਰਾ ਕਰਦੀ ਹੈ, ਉਹ ਤਾਂ ਹਕੀਕੀ ਹੀ ਨੇ। ਸਰਮਾਏਦਾਰੀ ਦੇ ਵਿਕਾਸ ਨਾਲ ਮਨੁੱਖ ਦੇ ਟੁੱਟਣ ਅਤੇ ਰਿਸ਼ਤਿਆਂ ਦੇ ਖੋਖਲੇ ਹੋਣ ਦਾ ਅਮਲ ਹੋਰ ਵੀ ਤੇਜ਼ ਤੇ ਪੀੜਾਦਾਇਕ ਹੋਣਾ ਹੈ। ਸਰਮਾਏਦਾਰੀ ਦੇ ਮੰਗ ਤੇ ਪੂਰਤੀ ਦੇ ਨਿਯਮ ਅਨੁਸਾਰ ਇਨ੍ਹਾਂ ਹਕੀਕੀ ਲੋੜਾਂ ਦੀ ਪੂਰਤੀ ਦੇ ਫੇਸਬੁੱਕਨੁਮਾ ਹੋਰ ਵੀ ਹੱਲ ਸਾਹਮਣੇ ਆਉਣਗੇ, ਪਰ ਉਹ ਵੀ ਥੋੜ੍ਹ ਚਿਰੇ ਹੀ ਸਾਬਤ ਹੋਣ ਲਈ ਸਰਾਪੇ ਹੋਣਗੇ। ਹਕੀਕੀ ਸਮੱਸਿਆਵਾਂ ਤੇ ਲੋੜਾਂ ਦਾ ਹਕੀਕੀ ਹੱਲ ਸਰਮਾਏਦਾਰੀ ਦੇ ਖਾਤਮੇ ਨਾਲ ਹੀ ਸੰਭਵ ਹੈ।

## ਸਿੱਖਾਂ ਦੀ ਪਛਾਣ

ਇਸ ਦੀ ਪ੍ਰੋੜਤਾ ਇੱਕ ਦਿਨ ਗਿਆਨੀ ਰਣਜੀਤ ਸਿੰਘ ਜੀ ਨੇ ਵੀ ਬੰਗਲਾ ਸਾਹਿਬ ਤੋਂ ਕਥਾ ਦੌਰਾਨ ਕੀਤੀ, ਕਿ ਬਾਹਰ ਦੇ ਲੋਕ ਅਕਸਰ ਉਹਨਾਂ ਵੱਲ ਏਦਾਂ ਦੋ ਬਾਹਵਾਂ ਖੜੀਆਂ ਕਰਕੇ ਦੱਸਦੇ ਹਨ ਕਿ ਤੁਹਾਨੂੰ ਪਛਾਣ ਲਿਆ ਏ। ਦੂਜਾ, ਬਾਹਰ ਦੇ ਲੋਕ ਇਹ ਸਮਝਦੇ ਹਨ ਕਿ ਸਰਦਾਰ ਦਾਰੂ ਜ਼ਰੂਰ ਪੀਂਦੇ ਹਨ। ਇਸ ਗੱਲ ਦਾ ਜ਼ਿਕਰ ਇੱਕ ਦਿਨ ਡਾ: ਗਿਆਨ ਸਿੰਘ ਜੀ (ਪੰਜਾਬੀ ਯੂਨੀਵਰਸਿਟੀ ) ਨੇ ਪੰਜਾਬੀ ਸੱਭਿਆਚਾਰ ਦੀ ਗੱਲ ਕਰਦਿਆਂ ਵੀ ਕੀਤਾ ਸੀ। ਇਸ ਤੋਂ ਨਿਚੋੜ ਇਹ ਨਿੱਕਲਿਆ ਕਿ ਬਾਹਰ ਦੇ ਲੋਕਾਂ ਨੂੰ ਇਹ ਤਾਂ ਪਤਾ ਏ ਕਿ ਪੱਗਾਂ ਵਾਲ਼ੇ ਸਿੱਖ ਹੁੰਦੇ ਹਨ ਪਰ ਸਾਡੇ ਕਿਰਦਾਰ ਵਾਰੇ ਜੋ ਉਹ ਸੋਚਦੇ-ਸਮਝਦੇ ਹਨ ਅਸਲ ਵਿੱਚ ਉਹਨਾਂ ਦੀ ਨਿਗ੍ਹਾ ਵਿੱਚ ਸਾਡੀ ਓਹੀ ਪਛਾਣ ਏ ? ਇਹ ਇੱਕ ਚਿੰਤਨ ਦਾ ਵਿਸ਼ਾ ਏ ਕਿ ਜਿਸ ਕੌਮ ਦੀ ਪਛਾਣ ਉੱਚੇ-ਸੁੱਚੇ ਕਿਰਦਾਰ, ਧੀ-ਭੈਣ ਦੀ ਇੱਜਤ ਕਰਨ ਵਾਲਿਆਂ, ਨਸ਼ਾ-ਰਹਿਤ ਅਤੇ ਹੱਕ-ਸੱਚ ਲਈ ਕੁਰਬਾਨ ਹੋਣ ਵਾਲਿਆਂ ਵਜੋਂ ਹੋਣੀ ਚਾਹੀਦੀ ਸੀ ਉਸ ਕੌਮ ਨੂੰ ਨੱਚਣ-ਗਾਉਣ, ਦਾਰੂ ਪੀਣ ਵਾਲਿਆਂ ਅਤੇ ਬੇ-ਵਜਾ ਲੜਨ ਵਾਲਿਆਂ ਵਜੋਂ ਕਿਓਂ ਪਛਾਣਿਆ ਜਾ ਰਿਹਾ ਏ ?

ਉੱਪਰੋਕਤ ਵਿਚਾਰ ਤੋਂ ਇਹ ਸਪੱਸਟ ਹੁੰਦਾ ਹੈ ਕਿ ਸਿੱਖਾਂ ਨੂੰ ਆਪਣੀ ਪਛਾਣ ਦੱਸਣ ਵਾਲ਼ੇ ਪ੍ਰੋਗਰਾਮ ਉਲੀਕਣ ਤੋਂ ਪਹਿਲਾਂ ਇਹ ਸਾਫ਼ ਹੋਣਾ ਚਾਹੀਦਾ ਹੈ ਕਿ ਕੀ ਸਾਡਾ ਪ੍ਰੋਗਰਾਮ ਸਾਡੀ ਅਸਲ ਪਛਾਣ ਦੱਸਣ ਵੱਲ ਵੱਧ ਰਿਹਾ ਹੈ ? ਜਾਂ ਸਿਰਫ਼ ਉਸ ਤੱਕ ਹੀ ਸੀਮਤ ਹੈ ਜੋ ਪਛਾਣ ਭਾਰਤ ਵਿੱਚ ਵੇਖਣ ਨੂੰ ਮਿਲ ਰਹੀ ਏ। ਬਾਹਰ ਦੇ ਲੋਕਾਂ ਨੂੰ ਦੱਸਣ ਤੋਂ ਪਹਿਲਾਂ ਖੁਦ ਨੂੰ ਆਪਣੀ ਪਛਾਣ ਪ੍ਰਤੀ ਪਤਾ ਹੋਣਾ ਜ਼ਰੂਰੀ ਹੈ ? ਜੇਕਰ ਸਾਡਾ ਕਿਰਦਾਰ ਸਿੱਖੀ ਵਾਲ਼ਾ ਹੋ ਜਾਵੇ ਤਾਂ ਸਾਨੂੰ ਵਿਗਿਆਪਨ ਦੇਨਕੇ ਜਾਂ ਇਹੋ ਜਿਹੇ ਦਿਖਾਵੇ ਦੇ ਪ੍ਰੋਗਰਾਮ ਕਰਕੇ ਨਾ ਦੱਸਣਾ ਪਵੇ ਕਿ ਅਸੀਂ ਕੌਣ ਹਾਂ। ਸ. ਰਵੀ ਸਿੰਘ (ਖ਼ਾਲਸਾ ਏਡ ਵਾਲ਼ੇ) ਆਪਣੇ ਸਿੱਖੀ ਸਿਧਾਂਤਾਂ ਅਨੁੰਸਾਰ ਕੀਤੇ ਕੰਮਾਂ ਅਤੇ ਕਿਰਦਾਰ ਸਦਕਾ ਆਪਣੀ ਪਛਾਣ ਦੱਸਣ ਵਿੱਚ ਇਹੋ ਜਿਹੇ ਵਿਗਿਆਪਨਾਂ ਨਾਲੋਂ ਹਜ਼ਾਰਾਂ ਦਰਜ਼ੇ ਵਧੀਆ ਅਤੇ ਅਸਰਦਾਰ ਸਾਬਤ ਹੋ ਰਹੇ ਹਨ।

## ਮੱਛੀ ਤੋਂ ਮਨੁੱਖ ਤਕ ਦਾ ਸਫ਼ਰ

ਗੰਭੀਰਤਾ ਦੀ ਨੁਮਾਇਸ਼ ਕਰਨ ਲੱਗਦਾ ਹੈ ਜਦੋਂਕਿ ਮੱਛੀ ਦੇ ਮਨੁੱਖ ਤਕ ਦੇ ਸਫ਼ਰ ਨੂੰ ਪੂਰਾ ਹੋਣ ਵਿੱਚ 40 ਕਰੋੜ ਵਰ੍ਹੇ ਲੰਘ ਗਏ ਸਨ। ਮੱਛੀ ਅਤੇ ਮਨੁੱਖ ਵਿਚਕਾਰ ਲਗਪਗ 18 ਕਰੋੜ ਪੁਸ਼ਤਾਂ ਦਾ ਫਾਸਲਾ ਹੈ ਅਤੇ ਦੋਵਾਂ ਵਿਚਕਾਰ ਕਿਰਲੇ-ਸੱਪ, ਛਛੂੰਦਰਾਂ, ਲੀਮਰ, ਬਾਂਦਰ, ਵਣਮਾਨਸ ਆਦਿ ਖਲੋਤੇ ਹਨ। ਮਨੁੱਖ ਨੂੰ ਕਿਰਲਿਆਂ ਤੋਂ 17 ਕਰੋੜ ਪੁਸ਼ਤਾਂ ਵੱਖ ਕਰ ਰਹੀਆਂ ਹਨ, ਜਦੋਂਕਿ ਛਛੂੰਦਰਾਂ ਤੋਂ 4.5 ਕਰੋੜ, ਲੀਮਰ ਤੋਂ 70 ਲੱਖ, ਬਾਂਦਰ ਤੋਂ 15 ਲੱਖ, ਵਣਮਾਨਸ ਤੋਂ 2.5 ਲੱਖ ਅਤੇ ਆਦਿ-ਮਨੁੱਖ ਤੋਂ 50 ਹਜ਼ਾਰ ਪੁਸ਼ਤਾਂ ਵੱਖ ਕਰ ਰਹੀਆਂ ਹਨ।

ਅਸੀਂ ਆਪ ਜਿਹੋ ਜਿਹੇ ਅੱਜ ਹਾਂ, ਹਜ਼ਾਰ ਵਰ੍ਹੇ ਪਹਿਲਾਂ ਇਹੋ ਜਿਹੇ ਹੀ ਸੀ ਅਤੇ 10 ਹਜ਼ਾਰ ਵਰ੍ਹੇ ਪਹਿਲਾਂ ਵੀ। 40 ਪੁਸ਼ਤਾਂ ਅਤੇ 400 ਪੁਸ਼ਤਾਂ ਪਹਿਲਾਂ ਵਿਚਰੇ ਸਾਡੇ ਬਜ਼ੁਰਗਾਂ ਅਤੇ ਸਾਡੇ 'ਚ ਸਰੀਰਕ ਪੱਧਰ 'ਤੇ ਕੋਈ ਫ਼ਰਕ ਨਹੀਂ ਸੀ; ਰਹਿਣ-ਸਹਿਣ, ਬੋਲਬਾਣੀ ਅਤੇ ਪਹਿਰਾਵੇ 'ਚ ਭਾਵੇਂ ਲਗਾਤਾਰ ਪਰਿਵਰਤਨ ਆ ਰਹੇ ਸਨ। ਇੱਕ ਲੱਖ ਵਰ੍ਹੇ ਪਹਿਲਾਂ ਸਾਡੀ ਚਾਰ ਹਜ਼ਾਰਵੀਂ ਪੁਸ਼ਤ ਸਾਡੇ ਨਾਲੋਂ ਜ਼ਰੂਰ ਭਿੰਨ ਸੀ, ਪਰ ਮਾਮੂਲੀ ਹੱਦ ਤਕ ਹੀ। ਉਨ੍ਹਾਂ ਬਜ਼ੁਰਗਾਂ ਦੇ ਫੀਨੇ ਨੱਕ ਸਨ, ਪਿਛਾਂਹ ਢਿੱਲਕਵੇਂ ਮੱਥੇ ਸਨ ਅਤੇ ਜੁੱਸੇ ਵੀ ਸੁਡੌਲ ਨਹੀਂ ਸਨ। ਫਿਰ ਵੀ ਸਨ ਉਹ ਸਾਡੀ ਨਸਲ ਦੇ ਹੀ, ਹੋਮੋ ਸੇਪੀਅਨਜ਼। ਇੱਕ ਨਸਲ ਦੇ ਪ੍ਰਾਣੀ ਦਿੱਸਣ ਭਾਵੇਂ ਇੱਕ ਦੂਜੇ ਨਾਲੋਂ ਭਿੰਨ, ਪਰ ਇਹ ਆਪਸ 'ਚ ਸੰਭੋਗੀ ਸਬੰਧਾਂ ਦੁਆਰਾ ਔਲਾਦ ਉਪਜਾਉਣ ਯੋਗ ਹੁੰਦੇ ਹਨ।

10 ਲੱਖ ਵਰ੍ਹੇ ਪਹਿਲਾਂ 50 ਹਜ਼ਾਰਵੀਂ ਪੁਸ਼ਤ ਸਾਡੇ ਨਾਲੋਂ ਵੱਖਰੀ ਨਸਲ ਸੀ। ਸਾਡੇ ਇਹ ਬਜ਼ੁਰਗ ਹੋਮੋ ਇਰੈਕਟੱਸ ਸਨ ਜਿਨ੍ਹਾਂ ਦਾ ਚੌੜੀਆਂ ਨਾਸਾਂ ਵਾਲਾ ਬੈਠਵਾਂ ਨੱਕ ਸੀ, ਸੌੜਾ ਮੱਥਾ ਪਿਛਾਂਹ ਢਿੱਲਕਵਾਂ ਸੀ, ਮੋਢੇ ਪੱਧਰੇ ਨਹੀਂ ਸਨ ਅਤੇ ਮੋਢਿਆਂ ਉਪਰ ਟਿਕਿਆ ਸਿਰ ਵੀ ਧੌਣ ਬਿਨਾਂ ਸੀ ਜਦੋਂਕਿ ਅਗਾਂਹ ਵਧੇ ਹੋਏ ਜਬਾੜ੍ਹੇ ਦੀ ਠੋਡੀ ਨਹੀਂ ਸੀ। 40 ਲੱਖ ਵਰ੍ਹੇ ਪਹਿਲਾਂ ਜੀਵਨ ਭੋਗ ਰਿਹਾ ਸਾਡਾ ਪੂਰਵਜ ਵਣਮਾਨਸ ਜਿਹਾ ਵੱਧ ਅਤੇ ਸਾਡੇ ਜਿਹਾ ਸਿਰਫ਼ ਇਸ ਪੱਖੋਂ ਸੀ ਕਿ ਉਹ ਦੋ ਟੰਗਾਂ ਉਪਰ ਤੁਰ-ਫਿਰ ਰਿਹਾ ਸੀ ਅਤੇ ਰਾਤੀਂ ਬਸੇਰਾ ਵੀ ਉਹ ਰੁੱਖਾਂ ਉਪਰ ਹੀ ਕਰ ਰਿਹਾ ਸੀ।

ਇਸ ਤੋਂ ਪਹਿਲਾਂ ਘਟਨਾਵਾਂ ਕੁਝ ਕੁ ਇਸ ਪ੍ਰਕਾਰ ਵਾਪਰੀਆਂ ਸਨ। ਲੰਬੇ ਸਮੇਂ ਤਕ ਚਿੱਕੜ 'ਚ ਵਿਚਰਦੀ ਫੇਫੜੇਦਾਰ ਮੱਛੀ ਨਿਊਟ ਬਣੀ। ਡੱਡੂਆਂ ਦੀ ਸ਼੍ਰੇਣੀ ਦਾ ਇਹ ਪ੍ਰਾਣੀ ਕਿਰਲਾ ਬਣਿਆ, ਕਿਰਲਾ ਛਛੂੰਦਰ ਜਿਹਾ ਪ੍ਰਾਣੀ ਬਣਿਆ, ਜਿਸ ਤੋਂ ਲੀਮਰ, ਲੀਮਰ ਤੋਂ ਬਾਂਦਰ ਅਤੇ ਬਾਂਦਰ ਤੋਂ ਅਗਾਂਹ ਵਣਮਾਨਸ ਹੋਂਦ 'ਚ ਆਇਆ। ਇਹ ਪ੍ਰਾਣੀ ਵਾਰੀ ਸਿਰ, ਲੰਬੇ ਸਮੇਂ ਦੀ ਵਿੱਥ ਨਾਲ ਇੱਕ ਪਿੱਛੋਂ ਇੱਕ ਵਿਕਸਿਤ ਹੁੰਦੇ ਰਹੇ। ਇਹ ਪ੍ਰਾਣੀ ਵੱਖ ਵੱਖ ਵਾਤਾਵਰਨ 'ਚ ਰਹਿ ਰਹੇ ਸਨ ਅਤੇ ਵੱਖਰੇ ਹਾਲਾਤ ਅਨੁਕੂਲ ਇਹ ਨਵੀਆਂ ਨਵੀਆਂ ਵਿਸ਼ੇਸ਼ਤਾਵਾਂ ਧਾਰਨ ਕਰਦੇ ਰਹੇ ਸਨ। ਅਜਿਹਾ ਕਰਨਾ ਇਸ ਲਈ ਲਾਜ਼ਮੀ ਸੀ ਕਿਉਂਕਿ ਵੱਖਰੇ ਹਾਲਾਤ ਅਧੀਨ ਵੱਖਰੀਆਂ ਵਿਸ਼ੇਸ਼ਤਾਵਾਂ ਦਾ ਅਧਿਕਾਰੀ ਬਣੇ ਬਿਨਾਂ ਨਾ ਜਿਉਂਦੇ ਰਹਿਣਾ ਸੰਭਵ ਸੀ ਅਤੇ ਨਾ ਹੀ ਸੰਤਾਨ ਨੂੰ ਜਨਮ ਦੇਣਾ। ਜਦੋਂ ਵਣਮਾਨਸ ਦੋ ਟੰਗਾਂ ਉਪਰ ਖਲੋ ਕੇ ਤੁਰਨ-ਫਿਰਨ ਲੱਗ ਪਿਆ, ਤਦ ਇਸ ਦੇ ਹੱਥ ਸ਼ਿਕਾਰ ਕਰਨ ਅਤੇ ਪੱਥਰ ਤਰਾਸ਼ਣ ਲਈ ਵਿਹਲੇ ਹੋ ਗਏ ਸਨ ਅਤੇ ਨਾਲੋ-ਨਾਲ ਇਨ੍ਹਾਂ ਕਾਰਜਾਂ ਦੀ ਅਗਵਾਈ ਕਰ ਰਹੇ ਦਿਮਾਗ਼ ਅੰਦਰ ਬੁੱਧੀ ਦਾ ਪ੍ਰਕਾਸ਼ ਹੋਣਾ ਵੀ ਆਰੰਭ ਹੋ ਗਿਆ ਸੀ। ਅਜਿਹਾ ਹੁੰਦਿਆਂ ਹੁੰਦਿਆਂ 60 ਲੱਖ ਵਰ੍ਹੇ ਬੀਤ ਗਏ ਸਨ। ਇਸ ਸਮੇਂ ਦੇ ਅੰਤ ਤੇ ਅਤੇ ਇਸ ਦੌਰਾਨ ਹੋਈ ਉਧੇੜ-ਬੁਣ ਦੇ ਫਲਸਰੂਪ ਇੱਕ ਅਜਿਹਾ ਰੋਮ-ਰਹਿਤ, ਖੁਸ਼-ਸ਼ਕਲ, ਸਜੀਲਾ ਪ੍ਰਾਣੀ ਜੀਵ-ਸੰਸਾਰ ਦਾ ਭਾਗ ਬਣਿਆ ਜਿਸ ਦੀ ਸੁਘੜ ਸੂਝ ਦੀ ਅਗਵਾਈ ਅਧੀਨ ਆਲਾ-ਦੁਆਲਾ ਕਾਰਜਕਾਰੀ ਸਰਗਰਮੀਆਂ ਨਾਲ ਜਗਮਗਾਉਣ ਲੱਗਿਆ। ਇਸ ਪ੍ਰਾਣੀ ਦੀ ਸਿਫ਼ਤ ਫ਼ੈਜ਼ ਦਾ ਇਹ ਸ਼ਿਅਰ ਵੀ ਕਰ ਰਿਹਾ ਹੈ:

ਸ਼ਬਾਬ, ਜਿਸ ਸੇ ਤਖ਼ੀਅਲ ਪੇ ਬਿਜਲੀਆਂ ਬਰਸੇਂ,
ਵਕਾਰ, ਜਿਸ ਦੀ ਰਫ਼ਾਕਤ ਕੋ ਸ਼ੋਖੀਆਂ ਤਰਸੇਂ।

## ਫਿਜ਼ਾਵਾਂ 'ਚ ਰੌਣਕਾਂ ਬਿਖੇਰ ਗਿਆ ਪੰਜਾਬੀ ਕਲਚਰਲ ਸੁਸਾਇਟੀ ਦਾ ਸਾਲਾਨਾ ਸਭਿਆਚਾਰਕ ਪ੍ਰੋਗਰਾਮ 'ਰੰਗਲਾ ਪੰਜਾਬ 2018'

ਰਾਜਿੰਦਰ ਸਿੰਘ ਮਾਗੋ ਨੇ ਸੁਸਾਇਟੀ ਦੇ ਬੋਰਡ ਮੈਂਬਰਾਂ ਤੇ ਪ੍ਰੋਗਰਾਮ ਦੇ ਸਪਾਂਸਰਾਂ ਨੂੰ ਲੋਕਾਂ ਦੇ ਰੂਬਰੂ ਕੀਤਾ। ਅਹੁਦਾ ਤਿਆਗ ਰਹੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਅਤੇ ਚੇਅਰਮੈਨ ਹਰਦਿਆਲ ਸਿੰਘ ਨੂੰ ਮੋਮੈਂਟੋ ਦਿੱਤੇ ਗਏ। ਅਹੁਦਾ ਸੰਭਾਲ ਰਹੇ ਪ੍ਰਧਾਨ ਸੁਰਿੰਦਰ ਸਿੰਘ ਪਲੀਆ ਤੇ ਚੇਅਰਮੈਨ ਭੂਪਿੰਦਰ ਸਿੰਘ ਧਾਲੀਵਾਲ ਨੇ ਸਭਨਾਂ ਨੂੰ ਫਤਹਿ ਬੁਲਾਈ। ਪ੍ਰੋਗਰਾਮ ਦੇ ਗਰੈਂਡ ਸਪਾਂਸਰ ਭੂਪਿੰਦਰ ਸਿੰਘ ਧਾਲੀਵਾਲ ਤੇ ਗੁਰਦੀਪ ਸਿੰਘ ਨੰਦਰਾ ਤੋਂ ਇਲਾਵਾ ਦੂਜੇ ਸਪਾਂਸਰਜ ਦਾ ਮੋਮੈਂਟੋ ਤੇ ਪਲੇਕਾਂ ਦੇ ਕੇ ਸਨਮਾਨ ਕੀਤਾ ਗਿਆ

ਪ੍ਰੋਗਰਾਮ ਦੇ ਮੁੱਖ ਮਹਿਮਾਨ ਗੁਰਦੀਪ ਸਿੰਘ ਨੰਦਰਾ ਨੇ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਨੂੰ ਇੰਨਾ ਮਿਆਰੀ ਸਭਿਆਰਚਾਰਕ ਉੱਦਮ ਸਫ਼ਲਤਾ ਪੂਰਬਕ ਜਾਰੀ ਰੱਖਣ ਬਦਲੇ ਵਧਾਈ ਦਿੱਤੀ।

ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੀ ਇਸ ਯਾਦਗਾਰੀ ਸ਼ਾਮ ਦੇ ਪ੍ਰੋਗਰਾਮਾਂ ਦੌਰਾਨ ਸਟੇਜ ਦੀ ਕਾਰਵਾਈ ਨੂੰ ਕਾਵਿਕ ਢੰਗ ਨਾਲ ਪੇਸ਼ ਕਰਨ ਵਾਲਿਆਂ 'ਚ ਰਸਕੀਰਥ ਸਿੰਘ, ਗੁਰਕਿਰਨ ਕੌਰ ਪਲੀਆ, ਗੁਰੂ ਧਾਲੀਵਾਲ, ਸੀਰਤ ਕੌਰ ਕਲੇਰ ਤੇ ਮੋਨਾ ਭੱਲਾ ਸ਼ਾਮਲ ਸਨ। ਇਸ ਮੌਕੇ ਕ੍ਰਿਸ਼ਨ ਬੇਦੀ ਦੀ ਅੰਗਰੇਜੀ 'ਚ ਲਿਖੀ ਪੁਸਤਕ ਇੰਜੀਨੀਰਿੰਗ ਏ ਲਾਈਫ਼ ਅਤੇ ਮੈਡੀ ਸਿੰਘ ਦੀ ਸੰਗੀਤ ਵੀਡੀਓ ਵੀ ਰਿਲੀਜ ਕੀਤੀ ਗਈ।

ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ ਅਗਲਾ ਅਹਿਮ ਪ੍ਰੋਗਰਾਮ "ਪੀਸੀਐੱਸ ਯੂਥ ਗਰੈਜੂਏਸ਼ਨ ਐਂਡ ਸ਼ਕਾਲਰਸ਼ਿਪ" ਹੋਵੇਗਾ ਜਿਹੜਾ 10 ਜੂਨ ਨੂੰ ਵਾਇਸਰਾਇ ਆਫ਼ ਇੰਡੀਆ ਰੈਸਟੋਰੈਂਟ ਲੰਬਾਰਡ, ਇਲੀਨੋਇ ਵਿਖੇ ਕੀਤਾ ਜਾਵੇਗਾ। ਇਸ ਮੌਕੇ ਹੁਸ਼ਿਆਰ ਵਿਦਿਆਰੀਆਂ ਨੂੰ ਉਨ੍ਹਾਂ ਦੀਆਂ ਵਿਦਿਅਕ ਪ੍ਰਾਪਤੀਆਂ ਬਦਲੇ ਸਨਮਾਨਿਆ ਜਾਂਦਾ ਹੈ

## ਕੈਨੇਡਾ ਵਿੱਚ ਰੁਜ਼ਗਾਰ ਦੀ ਭਾਸ਼ਾ ਬਣੀ ਪੰਜਾਬੀ

ਵੱਡੀਆਂ ਕੰਪਨੀਆਂ ਵਿੱਚ ਵੀ ਪੰਜਾਬੀ ਭਾਸ਼ਾ ਦੀ ਮੁਹਾਰਤ ਰੱਖਣ ਵਾਲਿਆਂ ਦੀ ਲੋੜ ਹੈ। ਸੰਘੇੜਾ ਨੇ ਕਿਹਾ ਕਿ ਵੈਨਕੂਵਰ ਪਹਿਲਾ ਕੌਮਾਂਤਰੀ ਹਵਾਈ ਅੱਡਾ ਹੈ, ਜਿੱਥੇ ਪੰਜਾਬੀ ਵਿੱਚ ਉੱਕਰੇ ਬੋਰਡ ਲੱਗੇ ਹੋਏ ਹਨ। ਉਨ੍ਹਾਂ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ (ਬੀਸੀ) ਦੀਆਂ 4 ਯੂਨੀਵਰਸਿਟੀਆਂ ਫਰੇਜ਼ਰ ਯੂਨੀਵਰਸਿਟੀ, ਯੂਨੀਵਰਸਿਟੀ ਆਫ ਬੀਸੀ, ਕੇਪੀਯੂ ਆਦਿ ਵਿੱਚ ਬਾਕਾਇਦਾ ਪੰਜਾਬੀ ਦੀਆਂ ਜਮਾਤਾਂ ਲੱਗਦੀਆਂ ਹਨ, ਜਿੱਥੇ ਗੋਰੀ ਡਾ. ਐੱਨ ਮਰਫੀ ਅਤੇ ਸੁਖਵੰਤ ਹੁੰਦਲ ਆਦਿ ਪੜ੍ਹਾਉਂਦੇ ਹਨ। ਇਸੇ ਤਰ੍ਹਾਂ ਸਰੀ ਦੇ 8 ਹਾਈ ਅਤੇ 4 ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ ਅਤੇ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ 2011 ਵਿਚ ਹੋਈ ਜਨਗਣਨਾ ਦੌਰਾਨ ਪੰਜਾਬੀ ਭਾਸ਼ਾ ਤੀਜੇ ਸਥਾਨ 'ਤੇ ਸੀ। ਫਿਰ ਸਾਲ 2016 ਵਿੱਚ ਪੰਜਾਬੀ ਪੰਜਵੇਂ ਸਥਾਨ 'ਤੇ ਰਹੀ। ਉਨ੍ਹਾਂ ਦੱਸਿਆ ਕਿ ਹੁਣ 2021 ਵਿੱਚ ਜਨਗਣਨਾ ਹੋਣੀ ਹੈ ਤੇ ਉਹ ਹੁਣ ਤੋਂ ਹੀ ਪੰਜਾਬੀ ਭਾਈਚਾਰੇ ਨੂੰ ਮਾਂ-ਬੋਲੀ ਵੱਲ ਪ੍ਰੇਰਿਤ ਕਰ ਰਹੇ ਹਨ।

## ਰਣਜੀਤ ਸਿੰਘ ਕਮਿਸ਼ਨ ਅੱਗੇ ਪੇਸ਼ ਹੋਣ ਨਹੀਂ ਹੋਵੇਗਾ ਵੱਡਾ ਬਾਦਲ

ਕਿਹਾ ਕਿ ਇਸ ਕਮਿਸ਼ਨ ਦੀ ਰਿਪੋਰਟ ਕਮਿਸ਼ਨ ਕਾਇਮ ਕੀਤੇ ਜਾਣ ਤੋਂ ਪਹਿਲਾਂ ਹੀ ਤਿਆਰ ਹੋ ਗਈ ਸੀ। ਹੁਣ ਤਾਂ ਇਸ ਰਿਪੋਰਟ ਉੱਤੇ ਦਸਤਖ਼ਤ ਕਰਨ ਦੀ ਰਸਮੀ ਕਾਰਵਾਈ ਹੋਣੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੀ ਹੈਸੀਅਤ ਵਿੱਚ ਉਨ੍ਹਾਂ ਜਾਂ ਅਕਾਲੀ ਦਲ ਨੂੰ ਇਸ ਕਮਿਸ਼ਨ ਦੀ ਕਾਰਵਾਈ ਦੀ ਹਿੱਸਾ ਬਣਨ ਦੀ ਕੋਈ ਲੋੜ ਨਹੀਂ ਜਾਪਦੀ। ਸ੍ਰੀ ਬਾਦਲ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਪਾਰਟੀ ਦੀ ਸਰਕਾਰ ਨੇ ਨਿਯੁਕਤ ਕੀਤਾ ਹੈ ਜਿਸ ਦੇ ਹੱਥ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਖ਼ੂਨ ਨਾਲ ਰੰਗੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਨਿਆਂਪਾਲਿਕਾ ਵਿੱਚ ਪੂਰਾ ਭਰੋਸਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਗੁਰੂ ਗ੍ਰੰਥ ਸਾਹਿਬ ਅਤੇ ਦੂਜੇ ਧਾਰਮਿਕ ਗਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦਾ ਪਰਦਾਫਾਸ਼ ਕਰਨ ਲਈ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਅਗਵਾਈ ਹੇਠ ਬਣਾਏ ਤਾਂ ਅਕਾਲੀ ਦਲ ਕਿਸੇ ਸੁਤੰਤਰ ਕਮਿਸ਼ਨ ਨੂੰ ਪੂਰਾ ਸਹਿਯੋਗ ਦੇਣਗੇ। ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਅਤੇ ਇਸ ਦੀਆਂ ਸਰਕਾਰਾਂ ਨੇ ਆਪਣੀ ਸਰਕਾਰੀ ਮਸ਼ੀਨਰੀ ਦੀ ਵਰਤੋਂ ਰਾਹੀਂ ਹਮੇਸ਼ਾਂ ਹੀ ਆਪਣਾ ਸਿੱਖ-ਵਿਰੋਧੀ ਏਜੰਡਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਅਮਰੀਕਾ 'ਚ ਵੱਡੇ ਪੱਧਰ ਮਨਾਇਆ ਖਾਲਸੇ ਦਾ ਸਾਜਨਾ ਦਿਵਸ 'ਵਿਸਾਖੀ'

ਕਿ ਸਿੱਖਾਂ ਲਈ ਇਹ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਦਿਹਾੜਾ ਹੈ ਅਤੇ ਅਸੀਂ ਆਪਣੇ ਅਮਰੀਕੀ ਸਿੱਖ ਮਿੱਤਰਾਂ ਨੂੰ ਇਹ ਮਹਾਨ ਦਿਨ ਮਨਾਉਣ ਦੀਆਂ ਸ਼ੁਭਇੱਛਾਵਾਂ ਦਿੰਦੇ ਹਾਂ।

ਏਪੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ ਅਮਰੀਕਾ ਦੀਆਂ ਚੋਟੀ ਦੀਆਂ ਸਖਸ਼ੀਅਤਾਂ ਦੁਆਰਾ ਸੰਦੇਸ਼ ਪ੍ਰਸਾਰਿਤ ਕੀਤੇ ਜਾਣ 'ਤੇ ਸਮੂਹ ਸਿੱਖ ਕੌਮ ਨੂੰ ਬਹੁਤ ਖੁਸ਼ੀ ਹੋਈ ਹੈ। ਅਮਰੀਕੀ ਲੋਕਾਂ ਦੇ ਪ੍ਰਤੀਨਿਧਾਂ ਨੇ ਸਿੱਖ ਕੌਮ ਦੇ ਇਸ ਇਤਿਹਾਸਕ ਤੇ ਮਹੱਤਵਪੂਰਨ ਦਿਨ ਉਤੇ ਮੁਬਾਰਕਬਾਦ ਦੇ ਕੇ ਸਣੇ ਅਮਰੀਕਾ ਦੇ ਪੂਰੇ ਸੰਸਾਰ ਦੇ ਲੋਕਾਂ ਦੇ ਦਿਲ ਜਿੱਤੇ ਹਨ।

ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਕਮੇਟੀ ਦੇ ਹਰਪ੍ਰੀਤ ਸਿੰਘ ਨੇ ਅਮਰੀਕੀ ਕਾਂਗਰਸ ਤੇ ਸੈਨੇਟਰ ਦੇ ਪ੍ਰਤੀਨਿਧਾਂ ਵੱਲੋਂ ਇਸ ਮਹਾਨ ਇਤਿਹਾਸਕ ਦਿਨ ਉਤੇ ਇਕਜੁਟਤਾ ਦਰਸਾਉਂਦਿਆਂ ਜੋ ਸਿੱਖ ਭਾਈਚਾਰੇ ਨੂੰ ਵਿਸਾਖੀ ਦੇ ਸ਼ੁਭ ਮੌਕੇ ਉਤੇ ਵਧਾਈ ਭੁਜੀ ਹੈ ਉਸ ਲਈ ਉਨਾਂ ਵਿਸ਼ੇਸ਼ ਪ੍ਰਤੀਨਿਧਾਂ ਦਾ ਧੰਨਵਾਦ ਕੀਤਾ।

ਅਮਰੀਕਾ ਦੇ ਸਿੱਖ ਨੇਤਾਵਾਂ ਨੇ ਕਿਹਾ ਕਿ ਉਹ ਇਹ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ ਕਿ ਉੱਚ ਪੱਧਰੀ ਪ੍ਰਤੀਨਿਧਾਂ ਨੇ ਅਮਰੀਕਾ ਲਈ ਸਿੱਖਾਂ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਹੈ ਅਤੇ ਦੇਸ਼ ਅਤੇ ਦੁਨੀਆਂ ਭਰ 'ਚ ਨਿਆਂ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਵੱਲੋਂ ਦਿੱਤੇ ਜਾ ਰਹੇ ਯੋਗਦਾਨ ਬਦਲੇ ਧੰਨਵਾਦ ਕੀਤਾ ਹੈ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਕਈ ਸਟੇਟਾਂ ਦੇ ਗਵਰਨਰ ਅਤੇ ਸਟੇਟ ਅਸੈਂਬਲੀਜ਼ ਨੇ ਇਸ ਮੌਕੇ ਜਸ਼ਨ ਮਨਾਉਣ ਲਈ ਘੋਸ਼ਨਾਵਾਂ ਅਤੇ ਬਿਆਨ ਜਾਰੀ ਕੀਤੇ ਹਨ।

ਅਮਰੀਕੀ ਕਾਂਗਰਸ ਵਿਚ ਅਮੈਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਵੱਲੋਂ 11 ਅਪ੍ਰੈਲ ਨੂੰ ਰੇਅਬਰਨ ਬਿਲਡਿੰਗ ਵਿਚ ਇਕ ਵਿਸ਼ੇਸ ਪ੍ਰਭਾਵਸ਼ਾਲੀ ਸਮਾਗਮ ਹੋਇਆ, ਜਿਸ ਨੂੰ ਕਾਕਸ ਦੇ ਚੇਅਰਮੈਨ ਜਾਹਨ ਗਰਮੈਂਡੀ ਤੇ ਦੂਸਰੇ ਮੈਂਬਰ ਜਿਮ ਕੋਸਟਾ ਤੇ ਹਿਊਸਟਨ ਤੋਂ ਕਾਂਗਰਸ ਮੈਂਬਰ ਟੈਡ ਪੋ ਨੇ ਸਮਾਗਮ ਵਿਚ ਸ਼ਿਕਰਤ ਕੀਤੀ ਤੇ ਸਿੱਖਾਂ ਦੇ ਅਮਰੀਕੀ ਸਮਾਜ ਵਿਚ ਪਾਏ ਯੋਗਦਾਨ ਨੂੰ ਸਲਾਹਿਆ। ਉਨਾਂ ਨੇ ਵਿਸ਼ੇਸ਼ ਤੋਰ ਤੇ ਕਿਹਾ ਕਿ ਕਾਕਸ ਸਿੱਖਾਂ ਨੂੰ ਦਰਪੇਸ਼ ਮਸਲਿਆਂ ਤੋਂ ਭਲੀਭਾਂਤ ਜਾਣੂੰ ਹੈ ਤੇ ਇਨ੍ਹਾਂ ਨੂੰ ਹਲ ਕਰਨ ਲਈ ਸੰਭਵ ਯਤਨ ਕਰ ਰਿਹਾ ਹੈ।

ਇਸ ਸਮਾਗਮ ਵਿਚ ਅਮਰੀਕਾ ਦੇ ਵਖ ਵਖ ਹਿਸਿਆਂ ਤੋਂ ਸਿਖ ਆਗੂਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਚਾਰ ਸਿੱਖਾਂ, ਹਰਦਿਆਲ ਸਿੰਘ, ਜਸਜੀਤ ਸਿੰਘ, ਹਰਦਮ ਸਿੰਘ ਅਜ਼ਾਦ ਤੇ ਬੀਬੀ ਪਰਮਿੰਦਰ ਕੌਰ ਢਿੱਲੋਂ ਨੂੰ ਉਨਾਂ ਦੀਆਂ ਭਾਈਚਾਰੇ ਪ੍ਰਤੀ ਸੇਵਾਵਾਂ ਨੂੰ ਮੁਖ ਰਖਦਿਆਂ ਸਨਮਾਨਤ ਕੀਤਾ ਗਿਆ। ਬਾਅਦ ਵਿਚ ਸਮਾਗਮ ਦੀ ਸਪਾਪਤੀ ਉੱਤੇ ਸਭ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ।

## 'ਨਵਜੋਤ ਸਿੱਧੂ ਮਾਮਲੇ 'ਚ ਸਰਕਾਰ ਨੂੰ ਪੁਰਾਣਾ ਸਟੈਂਡ ਹੀ ਲੈਣਾ ਪੈਣਾ ਸੀ'

ਉਹ ਇਕ ਪਾਸੇ ਨਵਜੋਤ ਸਿੱਧੂ ਨਾਲ ਤੇ ਦੂਜੇ ਪਾਸੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨਾਲ ਆਪਣੇ ਵਧ ਰਹੇ ਮਤਭੇਦਾਂ ਬਾਰੇ ਸਵਾਲ ਦਾ ਜਵਾਬ ਦੇ ਰਹੇ ਸਨ। ਸ੍ਰੀ ਜਾਖੜ ਨੇ ਮੁੱਖ ਮੰਤਰੀ ਨੂੰ ਨਾ ਮਿਲ ਸਕਣ ਅਤੇ ਲੰਮਾ ਸਮਾਂ ਇੰਤਜ਼ਾਰ ਕਰਾਉਣ ਕਾਰਨ ਆਪਣੀ ਨਾਰਾਜ਼ਗੀ ਜਨਤਕ ਤੌਰ 'ਤੇ ਜਤਾਈ ਸੀ। ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਬੀਤੇ ਬੁੱਧਵਾਰ ਨੂੰ ਇਹ ਘਟਨਾ ਵਾਪਰਨ ਤੋਂ ਬਾਅਦ ਹਾਲੇ ਸ੍ਰੀ ਜਾਖੜ ਨੂੰ ਨਹੀਂ ਮਿਲੇ, ਪਰ ਉਹ ਹਮੇਸ਼ਾ ਖ਼ੁਦ ਸ੍ਰੀ ਜਾਖੜ ਦੇ ਹਮਾਇਤੀ ਤੇ ਮਦਦਗਾਰ ਹਨ।

ਕੈਬਨਿਟ ਵਿਸਤਾਰ ਦਾ ਇੰਤਜ਼ਾਰ ਲੰਬਾ ਹੋਣ ਬਾਰੇ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਅਜਿਹਾ ਮਹਿਜ਼ ਵਿਧਾਇਕਾਂ ਨੂੰ ਲੁਭਾਉਣ ਲਈ ਕਰ ਰਹੇ ਹਨ ਤਾਂ ਉਨ੍ਹਾਂ ਇਸ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ, "ਮੈਂ ਸੰਭਵ ਤੌਰ 'ਤੇ ਚਾਰ-ਪੰਜ ਦਿਨਾਂ ਵਿੱਚ ਪਾਰਟੀ ਪ੍ਰਧਾਨ ਨੂੰ ਮਿਲ ਰਿਹਾ ਹਾਂ। ਅਸੀਂ ਬਹੁਤੇ ਵਿਧਾਇਕਾਂ ਨੂੰ ਵੱਖ-ਵੱਖ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਜਾਂ ਵਿਧਾਨਕੀ ਸਹਿਯੋਗੀਆਂ ਵਜੋਂ ਥਾਂ ਦੇ ਰਹੇ ਹਾਂ। ਵਿਧਾਨਕੀ ਸਹਿਯੋਗੀ ਲਾਉਣੇ ਸਾਡੇ ਵੱਲੋਂ ਇਕ ਨਵੀਂ ਚੀਜ਼ ਹੋਵੇਗੀ। ਇਹ ਨਿਯੁਕਤੀਆਂ ਵਿਧਾਨ ਸਭਾ ਦੇ ਸਪੀਕਰ ਵੱਲੋਂ ਵਿਸ਼ੇਸ਼ ਅਧਿਕਾਰਾਂ ਤਹਿਤ ਕੀਤੀਆਂ ਜਾਣਗੀਆਂ। ਇਹ ਜ਼ਰੂਰੀ ਹੈ ਕਿ ਸਰਕਾਰ ਚਲਾਉਣ ਦੀ ਜ਼ਿੰਮੇਵਾਰੀ ਪਾਰਟੀ ਵਿਧਾਇਕਾਂ ਨੂੰ ਦਿੱਤੀ ਜਾਵੇ, ਕਿਉਂਕਿ ਸਰਕਾਰ ਦੇ 48 ਵਿਭਾਗ ਹਨ ਅਤੇ ਮੰਤਰੀ ਹਰੇਕ ਵਿਭਾਗ ਨਾਲ ਨਿਆਂ ਨਹੀਂ ਕਰ ਸਕਦੇ। ਇਨ੍ਹਾਂ ਮੰਤਰੀਆਂ ਦੀ ਵਿਧਾਨਕੀ ਸਹਾਇਕਾਂ ਵੱਲੋਂ ਸਿਰਫ਼ ਵਿਧਾਨਕੀ ਕੰਮ-ਕਾਜ ਲਈ ਮੱਦਦ ਕੀਤੀ ਜਾਵੇਗੀ।" ਸੂਤਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਦਫ਼ਤਰ ਦਿੱਤੇ ਜਾਣਗੇ ਅਤੇ ਉਹ ਵਿਭਾਗ ਦੇ ਪ੍ਰਸ਼ਾਸਕੀ ਮਾਮਲਿਆਂ ਵਿੱਚ ਸ਼ਮੂਲੀਅਤ ਨਹੀਂ ਕਰਨਗੇ।

ਅੱਜ-ਕੱਲ੍ਹ ਸਰਕਾਰ ਸਬੰਧੀ ਜ਼ਿਆਦਾ ਖ਼ਬਰਾਂ ਪੁਲੀਸ ਦੀ ਤਾਜ਼ਾ ਖ਼ਾਨਾਜੰਗੀ ਅਤੇ ਮੁੱਖ ਮੰਤਰੀ ਦਫ਼ਤਰ ਦੇ ਤਾਜ਼ਾ ਘਟਨਾਕ੍ਰਮ ਕਾਰਨ 'ਅੰਦਰੂਨੀ ਵਿਵਾਦਾਂ' ਬਾਰੇ ਆਉਣ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਸੇ ਅੰਦਰੂਨੀ ਲੜਾਈ ਤੋਂ ਇਨਕਾਰ ਕਰਦਿਆਂ ਇਨ੍ਹਾਂ ਮਾਮਲਿਆਂ ਨੂੰ ਮਹਿਜ਼ 'ਸ਼ਖ਼ਸੀ ਟਕਰਾਅ' ਕਰਾਰ ਦਿੱਤਾ। ਉਨ੍ਹਾਂ ਕਿਹਾ, "ਪੁਲੀਸ ਵਿਭਾਗ ਵਿੱਚ 10 ਡੀਜੀਪੀਜ਼, 20 ਏਡੀਜੀਪੀਜ਼, 34 ਆਈਜੀਜ਼ ਅਤੇ 12 ਡੀਆਈਜੀਜ਼ ਹਨ। ਜਿੰਨੇ ਇਹ ਹਨ, ਓਨੇ ਤਾਂ ਪੁਲੀਸ ਥਾਣੇ ਨਹੀਂ ਹੋਣਗੇ। ਇਸ ਕਾਰਨ ਅਜਿਹਾ ਹੋ ਰਿਹਾ ਹੈ ਅਤੇ 15 ਸਾਲ ਬਾਅਦ ਇਸ ਕਾਰਨ ਹੋਰ ਸਮੱਸਿਆਵਾਂ ਪੈਦਾ ਹੋਣਗੀਆਂ।"

ਉਨ੍ਹਾਂ ਆਪਣੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਪੂਰੀ ਤਰ੍ਹਾਂ ਪਿੱਠ ਥਾਪੜਦਿਆਂ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ (ਸ੍ਰੀ ਸੁਰੇਸ਼ ਕੁਮਾਰ) ਦੀ ਚੋਣ ਉਨ੍ਹਾਂ ਦੀਆਂ 'ਨਿੱਜੀ ਸਮਰੱਥਾਵਾਂ' ਕਾਰਨ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਖੇਤੀ ਦੀ ਵੰਨ-ਸੁਵੰਨਤਾ, ਦੱਖਣੀ ਮਾਲਵਾ ਨੂੰ ਸੰਗਤਰੇ ਦੀ ਉਪਜ ਦੇ ਜ਼ੋਨ ਵਜੋਂ ਵਿਕਸਤ ਕਰਨ ਦੇ ਨਾਲ ਸ਼ਹਿਰੀ ਵਿਕਾਸ ਤੇ ਪੰਜਾਬ ਦੇ ਸਨਅਤੀਕਰਨ ਨੂੰ ਤਵੱਜੋ ਦੇ ਰਹੀ ਹੈ।

## ਮੇਰੀ ਡੋਰ ਪ੍ਰਮਾਤਮਾ ਦੇ ਹੱਥ- ਨਵਜੋਤ ਸਿੱਧੂ

ਸਹੀ ਸਟੈਂਡ 'ਤੇ ਕਾਇਮ ਰਹਿਣਾ ਚਾਹੀਦਾ ਹੈ ਰਾਜ ਸਰਕਾਰ ਦਾ ਇਸ ਕੇਸ ਵਿੱਚ ਸਟੈਂਡ ਸਹੀ ਹੈ। ਇਕ ਹੋਰ ਸੀਨੀਅਰ ਵਕੀਲ ਨੇ ਕਿਹਾ ਕਿ ਸਰਕਾਰ ਆਪਣੇ ਸਟੈਂਡ ਨੂੰ ਨਰਮ ਕਰ ਸਕਦੀ ਸੀ ਤੇ ਚੁੱਪ ਵੀ ਰਹਿ ਸਕਦੀ ਸੀ ਤੇ ਕੇਸ ਦੇ ਕਮਜ਼ੋਰ ਪੱਖਾਂ ਤੋਂ ਵੀ ਅਦਾਲਤ ਨੂੰ ਜਾਣੂ ਕਰਵਾ ਸਕਦੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਅਰਸੇ ਵਿੱਚ ਕੇਂਦਰ ਸਰਕਾਰ ਸਮੇਤ ਰਾਜ ਸਰਕਾਰਾਂ ਨੇ ਵੱਖ ਵੱਖ ਕੇਸਾਂ ਵਿੱਚ ਸਟੈਂਡ ਬਦਲੇ ਹਨ। ਸੀਨੀਅਰ ਵਕੀਲ ਆਰ.ਐਸ. ਚੀਮਾ ਨੇ ਕਿਹਾ ਕਿ ਸਰਕਾਰ ਪਹਿਲਾਂ ਲਏ ਸਟੈਂਡ ਨਾਲੋਂ ਵੱਖਰਾ ਸਟੈਂਡ ਲੈ ਸਕਦੀ ਸੀ। ਇਸ ਮੁੱਦੇ ਨੂੰ ਰਾਜਨੀਤਕ ਹਲਕਿਆਂ ਵਿੱਚ ਵੱਖਰੇ ਹੀ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਕੈਬਨਿਟ ਮੰਤਰੀ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਜਿਸ ਸਮੇਂ 2006 ਵਿੱਚ ਹਾਈ ਕੋਰਟ ਨੇ ਕੇਸ ਦਾ ਫੈਸਲਾ ਸੁਣਾਇਆ ਸੀ, ਉਸ ਸਮੇਂ ਵੀ ਪੰਜਾਬ ਵਿੱਚ ਕੈਪਟਨ ਸਰਕਾਰ ਸੀ ਤੇ ਹੁਣ ਵੀ ਕੈਪਟਨ ਸਰਕਾਰ ਹੈ ਜਿਸ ਨੇ ਆਪਣੇ ਮੰਤਰੀ ਦੇ ਹੱਕ ਵਿਚ ਸਟੈਂਡ ਲੈਣ ਦੀ ਬਜਾਏ ਵਿਰੁੱਧ ਸਟੈਂਡ ਲੈਣ ਨੂੰ ਤਰਜੀਹ ਦਿੱਤੀ ਹੈ। ਪੰਜਾਬ ਦੀ ਪਿਛਲੀ ਅਕਾਲੀ ਸਰਕਾਰ ਨੇ ਕੈਪਟਨ ਵਿਰੁੱਧ ਚਲ ਰਹੇ ਕੇਸ ਵਿਚ ਆਪਣਾ ਫੈਸਲਾ ਬਦਲਿਆ ਸੀ। ਇਸ ਲਈ ਇਸ ਮਾਮਲੇ ਦਾ ਸੂਬੇ ਦੀ ਰਾਜਨੀਤੀ 'ਤੇ ਅਸਰ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਮੁਸਲਮਾਨ ਬੱਚੀ ਨਾਲ ਬਲਾਤਕਾਰ ਤੇ ਬੇਰਹਿਮੀ ਨਾਲ ਕਤਲ ਬਾਅਦ ਹਿੰਦੂ ਰਾਸ਼ਟਰਵਾਦੀਆਂ ਨੇ ਜਿੱਤ ਵਜੋਂ ਰਾਸ਼ਟਰੀ ਝੰਡੇ ਲਹਿਰਾਏ

ਇਹ ਘਟਨਾ ਹਿਟਲਰ ਦੇ ਫਲਸਫੇ ਤੋਂ ਪਰੇਰਣਾ ਲੈਣ ਦਾ ਸਿੱਟਾ ਹੈ, ਜਿਸ ਦਾ ਸੁਪਨਾ ਗੁਰੂ ਗੋਲਵਰਕਰ ਨੇ ਦੇਖਿਆ ਸੀ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੰਸਥਾਪਕ ਗੁਰੂ ਗੋਲਵਰਕਰ ਨੇ ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿਚ ਇਹ ਲਿਖਿਆ ਹੈ ਕਿ ਭਾਰਤ ਦੇ ਤਿੰਨ ਮੁੱਖ ਦੁਸ਼ਮਣ ਹਨ; ਮੁਸਲਮਾਨ, ਇਸਾਈ ਅਤੇ ਕਮਿਊਨਿਸਟ। ਜੇਕਰ ਭਾਰਤ ਵਿਚ ਹਿੰਦੂ ਰਾਸ਼ਟਰ ਸਿਰਜਣਾ ਹੈ ਤਾਂ ਸਾਨੂੰ ਹਿਟਲਰ ਦੇ ਸਿਧਾਂਤਾਂ 'ਤੇ ਪਹਿਰਾ ਦੇਣਾ ਪਵੇਗਾ ਤੇ ਉਸੇ ਦੀ ਨੀਤੀ ਨੂੰ ਭਾਰਤ ਵਿਚ ਲਾਗੂ ਕਰਨਾ ਪਵੇਗਾ।

### ਕਿਵੇਂ ਵਾਪਰੀ ਘਟਨਾ

ਜਨਵਰੀ ਮਹੀਨੇ ਵਿੱਚ ਕਠੂਆ ਜ਼ਿਲ੍ਹੇ ਦੇ ਰਸਾਨਾ ਪਿੰਡ ਦੀ 8 ਸਾਲ ਦੀ ਮੁਸਲਮਾਨ ਬਕਰਵਾਲ ਬੱਚੀ ਆਸਿਫਾ, 10 ਜਨਵਰੀ ਨੂੰ ਆਪਣੇ ਘੋੜੇ ਨੂੰ ਚਰਾਉਣ ਗਈ ਸੀ ਅਤੇ ਵਾਪਸ ਨਹੀਂ ਆਈ। ਪਿੰਡ ਦੇ ਹੀ ਇਕ ਮੰਦਰ ਵਿਚ ਇਕ ਹਫ਼ਤੇ ਤੱਕ ਉਸ ਨਾਲ ਕਥਿਤ ਤੌਰ ਉੱਤੇ 6 ਲੋਕਾਂ ਨੇ ਨਸ਼ੇ ਦੇ ਟੀਕੇ ਲਗਾ ਕੇ ਬਲਾਤਕਾਰ ਕੀਤਾ। 7 ਦਿਨਾਂ ਬਾਅਦ ਉਸ ਦੀ ਲਾਸ਼ ਮਿਲੀ, ਜਿਸ 'ਤੇ ਸੱਟਾਂ ਦੇ ਡੂੰਘੇ ਨਿਸ਼ਾਨ ਸਨ। ਪੋਸਟਮਾਰਟਮ ਰਿਪੋਰਟ ਨਾਲ ਪੁਸ਼ਟੀ ਹੋਈ ਕਿ ਹੱਤਿਆ ਤੋਂ ਪਹਿਲਾਂ ਬੱਚੀ ਨੂੰ ਨਸ਼ੀਲੀਆਂ ਦਵਾਈਆਂ ਦੇ ਕੇ ਬਲਾਤਕਾਰ ਕੀਤਾ ਗਿਆ ਸੀ। 15 ਪੰਨਿਆਂ ਦੀ ਇਸ ਚਾਰਜਸ਼ੀਟ ਵਿਚ ਰਾਸਨਾ ਪਿੰਡ ਵਿਚ ਦੇਵੀਸਥਾਨ, ਮੰਦਰ ਦੇ ਸੇਵਾਦਾਰ ਸੰਜੀ ਨੂੰ ਮੁੱਖ ਸਾਜਿਸ਼ ਕਰਤਾ ਦੱਸਿਆ ਗਿਆ ਹੈ। ਮਾਸਟਰਮਾਈਂਡ ਸੰਜੀ ਭਾਈਚਾਰੇ ਨੂੰ ਹਟਾਉਣ ਲਈ ਇਸ ਘਿਣੌਨੇ ਕੰਮ ਨੂੰ ਅੰਜਾਮ ਦੇਣਾ ਚਾਹੁੰਦਾ ਸੀ। ਇਸ ਲਈ ਆਪਣੇ ਨਾਬਾਲਿਗ ਭਤੀਜੇ ਤੇ ਹੋਰ 6 ਲੋਕਾਂ ਨੂੰ ਲਗਾਤਾਰ ਭੜਕਾ ਰਿਹਾ ਸੀ। ਪੁਲਸ ਮੁਤਾਬਕ, ਸਾਜਿਸ਼ਕਰਤਾ ਸੰਜੀ ਨਾਲ ਵਿਸ਼ੇਸ਼ ਪੁਲਸ ਅਧਿਕਾਰੀ ਦੀਪਕ ਖਜੂਰੀਆ ਤੇ ਸੁਰੇਂਦਰ ਵਰਮਾ, ਉਸ ਦੇ ਦੋਸਤ ਪਰਵੇਸ਼ ਕੁਮਾਰ ਉਰਫ ਮਨੂੰ ਭਤੀਜਾ ਰਾਮ ਕਿਸ਼ੋਰ ਤੇ ਉਸ ਦਾ ਬੇਟਾ ਵਿਸ਼ਾਲ ਜੰਗੋਤਰਾ ਵੀ ਕਥਿਤ ਰੂਪ ਵਿਚ ਇਸ ਅਪਰਾਧ ਵਿਚ ਸ਼ਾਮਲ ਰਹੇ। ਚਾਰਜਸ਼ੀਟ ਵਿਚ ਕਿਹਾ ਗਿਆ ਕਿ ਸਾਜਿਸ਼ਕਰਤਾ ਸੰਜੀ ਬਕਰਵਾਲ ਭਾਈਚਾਰੇ ਦੇ ਤਹਿਸੀਲ ਵਿਚ ਬਸੇਰੇ ਦੇ ਖਿਲਾਫ ਸੀ। ਉਸ ਨੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਵੀ ਭੜਕਾਇਆ ਸੀ ਕਿ ਉਹ ਇਨ੍ਹਾਂ ਨੂੰ ਰਹਿਣ ਲਈ ਜ਼ਮੀਨ ਨਾ ਦੇਣ। ਚਾਰਜਸ਼ੀਟ ਮੁਤਾਬਕ ਜਦੋਂ ਸਾਰੇ ਦੋਸ਼ੀ ਮਾਸੂਮ ਨਾਲ ਵਾਰ-ਵਾਰ ਰੇਪ ਕਰ ਰਹੇ ਸਨ ਤਾਂ ਇਕ ਵਿਸ਼ਾਲ ਨੇ ਮੇਰਠ ਵਿਚ ਪੜ੍ਹਨ ਵਾਲੇ ਆਪਣੇ ਚਚੇਰੇ ਭਰਾ ਨੂੰ ਕਿਹਾ ਕਿ ਜੇਕਰ ਉਹ 'ਮਜਾ ਲੁੱਟਣਾ ਚਾਹੁੰਦਾ' ਹੈ ਤਾਂ ਆ ਜਾਵੇ। ਇਨ੍ਹਾਂ ਹੀ ਨਹੀਂ ਚਾਰਜਸ਼ੀਟ ਮੁਤਾਬਕ ਬੱਚੀ ਨੂੰ ਮਾਰਨ ਤੋਂ ਠੀਕ ਪਹਿਲਾਂ ਇਕ ਪੁਲਸ ਅਧਿਕਾਰੀ ਨੇ ਉਨ੍ਹਾਂ ਨੂੰ ਕੁਝ ਦੇਰ ਲਈ ਰੋਕਿਆ, ਕਿਉਂਕਿ ਉਹ ਆਖਰੀ ਵਾਰ ਫਿਰ ਤੋਂ ਰੇਪ ਕਰਨਾ ਚਾਹੁੰਦਾ ਸੀ। ਇਸ ਤੋਂ ਬਾਅਦ ਬਾਕੀ ਦੂਜਿਆਂ ਨੇ ਵੀ ਦੁਬਾਰਾ ਫਿਰ ਤੋਂ ਬੱਚੀ ਨਾਲ ਰੇਪ ਕੀਤਾ। ਰੇਪ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ ਗਈ। ਮਾਰਨ ਤੋਂ ਬਾਅਦ ਵੀ ਉਹ ਜ਼ਿੰਦਾ ਨਾ ਰਹੇ ਇਸ ਲਈ ਦੋਸ਼ੀਆਂ ਨੇ ਦੁਬਾਰਾ ਮਾਸੂਮ ਦੇ ਸਿਰ 'ਤੇ ਪੱਥਰ ਨਾਲ ਵਾਰ ਕੀਤੇ। ਬਾਅਦ ਵਿਚ ਮਾਮਲੇ ਨੂੰ ਦਬਾਉਣ ਲਈ ਪੁਲਸ ਕਰਮੀਆਂ ਨੂੰ 1.5 ਲੱਖ ਰੁਪਏ ਦੀ ਰਿਸ਼ਵਤ ਦਿੱਤੀ ਗਈ।

### ਕੌਣ ਨੇ ਦੋਸ਼ੀ

ਦੋਸ਼ੀਆਂ ਵਿਚ ਰਾਮ, ਉਸ ਦਾ ਬੇਟਾ ਵਿਸ਼ਾਲ, ਸਬ-ਇੰਸਪੈਕਟਰ ਆਨੰਦ ਦੱਤਾ, 2 ਵਿਸ਼ੇਸ਼ ਪੁਲਸ ਅਧਿਕਾਰੀ ਦੀਪਕ ਖਜੂਰੀਆ ਅਤੇ ਸੁਰੇਂਦਰ ਵਰਮਾ, ਹੈੱਡ ਕਾਂਸਟੇਬਲ ਤਿਲਕ ਰਾਜ ਅਤੇ ਸਥਾਨਕ ਨਾਗਰਿਕ ਪ੍ਰਵੇਸ਼ ਕੁਮਾਰ ਸ਼ਾਮਲ ਹਨ। ਕ੍ਰਾਈਮ ਬ੍ਰਾਂਚ ਨੇ ਜਾਂਚ ਤੋਂ ਬਾਅਦ 8 ਹਿੰਦੂ ਰਾਸ਼ਟਰਵਾਦੀਆਂ ਨੂੰ ਸਾਜਿਸ਼, ਅਗਵਾ ਕਰਨ, ਬਲਾਤਕਾਰ ਤੇ ਹੱਤਿਆ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ।

### ਵਕੀਲਾਂ ਦੀ ਭਗਵੀਂ ਗੁੰਡਾਗਰਦੀ

ਹਾਲਾਤ ਨੇ 7 ਅਪ੍ਰੈਲ 2018 ਨੂੰ ਹੋਰ ਭਿਆਨਕ ਰੂਪ ਧਾਰਨ ਕਰ ਲਿਆ ਸੀ ਜਦੋਂ ਕ੍ਰਾਈਮ ਬ੍ਰਾਂਚ ਦੇ ਅਧਿਕਾਰੀ ਕਠੂਆ ਦੇ ਮੁੱਖ ਨਿਆਂਇਕ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਚਾਰਜ਼ਸ਼ੀਟ ਦਾਇਰ ਕਰਨ ਲੱਗੇ। ਇਸ ਦੌਰਾਨ ਵਕੀਲਾਂ ਦੇ ਇੱਕ ਹਿੰਦੂ ਰਾਸ਼ਟਰਵਾਦੀ ਸਮੂਹ ਨੇ ਹੱਲਾ ਕੀਤਾ ਅਤੇ ਅਧਿਕਾਰੀਆਂ ਨੂੰ ਚਾਰਜ਼ਸ਼ੀਟ ਕਰਨ ਤੋਂ ਰੋਕਿਆ ਸੀ। ਇਸ ਕਾਰਨ ਪੁਲਿਸ ਦੀ ਅਪਰਾਧ ਸ਼ਾਖ਼ਾ ਨੂੰ ਦੋਸ਼ ਪੱਤਰ ਦਾਇਰ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਨ ਵਾਲੇ 8 ਵਕੀਲਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਕਠੂਆ ਰੇਪ ਕੇਸ ਦੇ ਵਿੱਚ ਪੀੜਤ ਪੱਖ ਦੀ ਵਕੀਲ ਦੀਪਿਕਾ ਸਿੰਘ ਰਾਜਾਵਤ ਨੇ ਹਿੰਦੂ ਰਾਸ਼ਟਰਵਾਦੀਆਂ ਵਲੋਂ ਬਲਾਤਕਾਰ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਣ ਦੇ ਇਲਜ਼ਾਮ ਲਗਾਏ ਹਨ। ਉਨ੍ਹਾਂ ਨੇ ਇਸ ਕੇਸ ਦੀ ਸੁਣਵਾਈ ਜੰਮੂ-ਕਸ਼ਮੀਰ ਤੋਂ ਬਾਹਰ ਚੰਡੀਗੜ੍ਹ ਤਬਦੀਲ ਕਰਨ ਅਪੀਲ ਕੀਤੀ ਹੈ। ਮਾਮਲੇ ਦੀ ਅਗਲੀ ਸੁਣਵਾਈ 27 ਅਪ੍ਰੈਲ ਨੂੰ ਹੋਵੇਗੀ। ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਕਠੂਆ ਰੇਪ ਕੇਸ ਮਾਮਲੇ ਵਿੱਚ ਪੀੜਤਾ ਦੇ ਪਰਿਵਾਰ ਅਤੇ ਵਕੀਲ ਨੂੰ ਸੁਰੱਖਿਆ ਦਿੱਤੀ ਜਾਵੇ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਵਿਚ ਕੁਝ ਮੁਲਜ਼ਮ ਹਿੰਦੂ ਏਕਤਾ ਮੰਚ ਨਾਲ ਵੀ ਜੁੜੇ ਹੋਏ ਹਨ। ਉਥੇ ਹੀ ਹਿੰਦੂ ਸੰਗਠਨ ਤਿਰੰਗਾ ਲੈ ਕੇ ਦੋਸ਼ੀਆਂ ਦੀ ਵਕਾਲਤ ਕਰ ਰਹੇ ਹਨ ਤੇ ਮੰਗ ਕਰ ਰਹੇ ਹਨ ਕਿ ਸੀਬੀਆਈ ਤੋਂ ਜਾਂਚ ਕਰਵਾਈ ਜਾਵੇ। ਇਹੀ ਨਹੀਂ, ਰਾਜ ਸਰਕਾਰ ਵਿਚ ਭਾਜਪਾਈ ਮੰਤਰੀ ਲਾਲ ਸਿੰਘ ਤੇ ਚੰਦਰ ਪ੍ਰਕਾਸ਼ ਗੰਗਾ ਨੇ ਵੀ ਸੀਬੀਆਈ ਜਾਂਚ ਤੇ ਦੋਸ਼ੀਆਂ ਦਾ ਸਮਰਥਨ ਕੀਤਾ।

**ਪਿੰਡ 'ਚ ਬੱਚੀ ਨੂੰ ਦਬਾਉਣ ਨਾ ਦਿੱਤਾ**

ਦਸਿਆ ਜਾ ਰਿਹਾ ਹੈ ਕਿ ਪਿੰਡ ਦੇ ਮੂਲ ਨਿਵਾਸੀ ਹਿੰਦੂਆਂ ਨੇ ਪਿੰਡ ਵਿਚ ਬੱਚੀ ਦੇ ਦਫ਼ਨਾਉਣ ਦਾ ਇਹ ਕਹਿੰਦੇ ਹੋਏ ਵਿਰੋਧ ਕੀਤਾ ਸੀ ਕਿ ਇੱਥੇ ਮੁਸਲਿਮ (ਬਕਰਵਾਲ ਸਮਾਜ) ਦੀ ਜ਼ਮੀਨ ਕਦੇ ਨਹੀਂ ਰਹੀ। ਇੱਥੇ ਬੱਚੀ ਨੂੰ ਦਬਾਉਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਨੇ ਮੁਸਲਮਾਨਾਂ ਨੂੰ ਡਰਾ ਧਮਕਾ ਕੇ ਭਜਾ ਦਿੱਤਾ। ਅਜੇ ਤੱਕ ਸਾਲਾਂ ਤੋਂ ਉਹ ਇੱਥੇ ਗ਼ੈਰਕਾਨੂੰਨੀ ਤਰੀਕੇ ਨਾਲ ਲਾਸ਼ਾਂ ਨੂੰ ਦਫ਼ਨਾਉਂਦੇ ਰਹੇ ਹਨ। ਆਸਿਫ਼ਾ ਦੀ ਲਾਸ਼ ਪਿੰਡ ਤੋਂ 8 ਕਿੱਲੋਮੀਟਰ ਦੂਰ ਕਣਕ ਨੇੜੇ ਦਫ਼ਨਾਈ ਗਈ।

**ਦੋਸ਼ੀਆਂ ਨੇ ਨਾਰਕੋ ਟੈਸਟ ਦੀ ਮੰਗ ਰੱਖੀ**

ਜਬਰ ਜਨਾਹ ਤੇ ਹੱਤਿਆ ਦੇ ਮਾਮਲੇ ਵਿਚ ਕਾਬੂ ਕੀਤੇ ਗਏ 8 ਦੋਸ਼ੀਆਂ ਨੇ ਅਦਾਲਤ ਸਾਹਮਣੇ ਖੁਦ ਨੂੰ ਨਿਰਦੋਸ਼ ਦੱਸਦਿਆਂ ਨਾਰਕੋ ਟੈਸਟ ਕਰਵਾਏ ਜਾਣ ਦੀ ਮੰਗ ਕੀਤੀ। ਮਾਮਲੇ ਦੀ ਸ਼ੁਰੂ ਹੋਈ ਸੁਣਵਾਈ ਦੌਰਾਨ ਅੱਠ ਦੋਸ਼ੀਆਂ ਵਿਚੋਂ ਸੱਤ ਨੂੰ ਜ਼ਿਲ੍ਹਾ ਤੇ ਸੈਸ਼ਨ ਜੱਜ ਸੰਜੀਵ ਗੁਪਤਾ ਸਾਹਮਣੇ ਪੇਸ਼ ਕੀਤਾ ਗਿਆ। ਅਪਰਾਧ ਸ਼ਾਖ਼ਾਵਲੋਂ ਦਾਇਰ ਦੋਸ਼ ਪੱਤਰਾਂ ਅਨੁਸਾਰ ਲੜਕੀ ਨੂੰ ਅਗਵਾ ਕਰਨਾ ਤੇ ਜਬਰ ਜਨਾਹ ਉਪਰੰਤ ਉਸ ਦੀ ਹੱਤਿਆ ਕਰਨਾ ਇਕ ਸੋਚੀ ਸਮਝੀ ਰਣਨੀਤੀ ਤਹਿਤ ਕੀਤਾ ਗਿਆ ਕਾਰਾ ਸੀ, ਤਾਂ ਜੋ ਇਲਾਕੇ ਤੋਂ ਬੱਕਰਵਾਲ ਭਾਈਚਾਰੇ ਨੂੰ ਹਟਾਇਆ ਜਾ ਸਕੇ। ਨਾਬਾਲਗ ਦੋਸ਼ੀ ਦੇ ਖ਼ਿਲਾਫ਼ ਵੱਖਰਾ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ। ਬੱਚੀ ਨਾਲ ਬਲਾਤਕਾਰ ਦੇ ਦੋਸ਼ੀ ਵਿਸ਼ੇਸ਼ ਪੁਲਿਸ ਅਧਿਕਾਰੀ ਦੀਪਕ ਖਜੂਰੀਆ ਨੇ ਕਿਹਾ ਕਿ ਉਸ ਨੇ ਵੀ ਨਾਰਕੋ ਟੈਸਟ ਅਤੇ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਹੈ। ਇਸ ਮੌਕੇ ਮੁੱਖ ਸਾਜਿਸ਼ਕਰਤਾ ਸਾਂਜੀ ਰਾਮ ਦੀ ਬੇਟੀ ਮਧੂ ਸ਼ਰਮਾ ਨੇ ਅਦਾਲਤ ਦੇ ਬਾਹਰ ਪ੍ਰਦਰਸ਼ਨ ਕਰਦਿਆਂ ਹੋਇਆਂ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ। ਅਪਰਾਧ ਸ਼ਾਖ਼ਾ ਦੇ ਦੋਸ਼ ਪੱਤਰ ਵਿਚ ਦੀਪਕ, ਸੁਰੇਂਦਰ, ਪ੍ਰਵੇਸ਼ ਕੁਮਾਰ, ਸਾਂਜੀ ਰਾਮ, ਵਿਸ਼ਾਲ ਜਨਗੋਤਰਾ ਉਰਫ ਸ਼ੰਮਾ ਤੇ ਇਕ ਨਾਬਾਲਗ ਲੜਕੇ ਦੇ ਨਾਂਅ ਸ਼ਾਮਿਲ ਹਨ। ਇਸ ਤੋਂ ਇਲਾਵਾ ਦੋਸ਼ ਪੱਤਰ ਵਿਚ ਮਾਮਲੇ ਦੀ ਜਾਂਚ ਕਰਨ ਵਾਲੇ ਪੁਲਿਸ ਅਧਿਕਾਰੀਆਂ ਹੈਡ ਕਾਂਸਟੇਬਲ ਤਿਲਕ ਰਾਜ ਤੇ ਸਬ ਇੰਸਪੈਕਟਰ ਆਨੰਦ ਦੱਤਾ ਦਾ ਨਾਂਅ ਵੀ ਸ਼ਾਮਿਲ ਹੈ, ਇਨ੍ਹਾਂ 'ਤੇ ਸਾਂਜੀ ਰਾਮ ਤੋਂ 4 ਲੱਖ ਰੁਪਏ ਲੈ ਕੇ ਅਹਿਮ ਸਬੂਤਾਂ ਨੂੰ ਮਿਟਾਉਣ ਦਾ ਦੋਸ਼ ਹੈ।

ਸੁਪਰੀਮ ਕੋਰਟ ਕਠੂਆ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪਣ ਦੇ ਪੱਖ ਵਿਚ ਨਹੀਂ ਹੈ ਕਿਉਂਕਿ ਪੀੜਤ ਲੜਕੀ ਦੇ ਪਿਤਾ ਨੇ ਹੁਣ ਤੱਕ ਜੰਮੂ-ਕਸ਼ਮੀਰ ਪੁਲਿਸ ਦੀ ਅਪਰਾਧ ਸ਼ਾਖ਼ਾ ਵਲੋਂ ਕੀਤੀ ਗਈ ਜਾਂਚ 'ਤੇ ਤਸੱਲੀ ਪ੍ਰਗਟਾਈ ਹੈ।

### ਕਾਂਗਰਸ ਨੇ ਮੋਰਚਾ ਖੋਲ੍ਹਿਆ

ਉਨਾਵ ਜਬਰ-ਜ਼ਨਾਹ ਮਾਮਲੇ ਵਿਚ ਭਾਜਪਾ ਵਿਧਾਇਕ ਦਾ ਨਾਂਅ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਦੇ ਸਾਂਸਦ ਕਮਲਨਾਥ ਨੇ ਕਿਹਾ, 'ਮੈਂ ਕਿਤੇ ਪੜ੍ਹਿਆ ਹੈ ਕਿ ਭਾਜਪਾ ਦੇ 20 ਨੇਤਾ ਇਸ ਤਰ੍ਹਾਂ ਦੇ ਹਨ, ਜਿਨ੍ਹਾਂ 'ਤੇ ਕੁਕਰਮ ਦੇ ਦੋਸ਼ ਹਨ। ਇਹ ਜਨਤਾ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਦਾ ਨਾਂਅ ਬਦਲ ਕੇ ਭਾਰਤੀ ਬਲਾਤਕਾਰ ਪਾਰਟੀ ਰੱਖਣਾ ਚਾਹੀਦਾ ਹੈ। ਉੱਥੇ ਹੀ ਰਾਹੁਲ ਗਾਂਧੀ ਨੇ ਕਿਹਾ ਕਿ ਕੁਕਰਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਾਸਟ ਟਰੈਕ ਕੋਰਟ ਬਣਾਉਣੀ ਚਾਹੀਦੀ ਹੈ। ਕਠੂਆ ਵਿੱਚ 8 ਸਾਲ ਦੀ ਬੱਚੀ ਨਾਲ ਦਰਿੰਦਗੀ ਅਤੇ ਉਨਾਵ ਵਿੱਚ ਕੁਕਰਮ ਦੀਆਂ ਘਟਨਾਵਾਂ ਦੇ ਵਿਰੋਧ ਵਿੱਚ ਰਾਹੁਲ ਨੇ 13 ਅਪ੍ਰੈਲ ਨੂੰ ਇੰਡੀਆ ਗੇਟ 'ਤੇ ਅੱਧੀ ਰਾਤ ਨੂੰ ਕੈਂਡਲ ਮਾਰਚ ਕੱਢਿਆ ਸੀ। ਇਸ ਪ੍ਰਦਰਸ਼ਨ ਵਿੱਚ ਪ੍ਰਿਯੰਕਾ ਵਾਡਰਾ, ਰਾਬਰਟ ਵਾਡਰਾ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਨੇਤਾ, ਵਰਕਰ ਸ਼ਾਮਲ ਹੋਏ ਸਨ।

### ਦੋ ਭਾਜਪਾ ਮੰਤਰੀਆਂ ਦੇ ਅਸਤੀਫ਼ੇ ਪ੍ਰਵਾਨ

ਉਧਰ ਭਾਜਪਾ ਦੇ ਦੋ ਵਿਵਾਦਤ ਮੰਤਰੀਆਂ ਲਾਲ ਸਿੰਘ ਤੇ ਚੰਦਰ ਪ੍ਰਕਾਸ਼ ਗੰਗਾ, ਜਿਨ੍ਹਾਂ ਬੱਚੀ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਹੱਕ ਵਿਚ ਕੀਤੀ ਗਈ ਰੈਲੀ ਵਿਚ ਹਿੱਸਾ ਲਿਆ ਸੀ, ਨੇ ਜੰਮੂ ਕਸ਼ਮੀਰ ਦੀ ਪੀਡੀਪੀ-ਭਾਜਪਾ ਸਰਕਾਰ ਤੋਂ ਲਾਂਭੇ ਹੋ ਗਏ। ਇਹ ਅਸਤੀਫ਼ੇ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੀ ਸਲਾਹ 'ਤੇ ਰਾਜਪਾਲ ਐਨ ਐਨ ਵੋਹਰਾ ਨੇ ਪ੍ਰਵਾਨ ਕਰ ਲਏ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਕਿ ਭਾਜਪਾ ਦੇ ਦੋ ਮੰਤਰੀਆਂ ਲਾਲ ਸਿੰਘ ਅਤੇ ਚੰਦਰ ਪ੍ਰਕਾਸ਼ ਗੰਗਾ ਦੇ ਅਸਤੀਫ਼ੇ ਮੁੱਖ ਮੰਤਰੀ ਨੂੰ ਭੇਜੇ ਜਾ ਰਹੇ ਹਨ ਅਤੇ ਪੀਡੀਪੀ-ਭਾਜਪਾ ਗਠਜੋੜ ਨੂੰ ਕੋਈ ਖ਼ਤਰਾ ਨਹੀਂ ਹੈ। ਭਾਜਪਾ ਮੰਤਰੀਆਂ ਦਾ ਬਚਾਅ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਬਲਾਤਕਾਰੀਆਂ ਦੇ ਹਮਾਇਤੀ ਨਹੀਂ ਹਨ। ਭਾਜਪਾ ਦੇ ਦੋਵੇਂ ਮੰਤਰੀਆਂ ਨੇ ਇਸ ਕਾਂਡ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਮਹਿਬੂਬਾ ਮੁਫ਼ਤੀ, ਜੋ ਗ੍ਰਹਿ ਮੰਤਰੀ ਵੀ ਹਨ, ਨੇ ਬੱਚੀ ਨਾਲ ਬਲਾਤਕਾਰ ਅਤੇ ਮਗਰੋਂ ਉਸ ਦੀ ਹੱਤਿਆ ਕਰਨ ਦੇ ਦੋਸ਼ਾਂ ਹੇਠ ਚਾਰ ਪੁਲੀਸ ਕਰਮੀਆਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ।

### ਸ਼ੋਸ਼ਲ ਮੀਡੀਆ 'ਤੇ ਛਿੜੀ ਬਹਿਸ

ਸ਼ੋਸ਼ਲ ਮੀਡੀਆ 'ਤੇ ਇਸ ਮਾਮਲੇ ਨੂੰ ਲੈ ਕੇ ਭਗਵੇਂ ਮੀਡੀਆ ਵਿਰੁੱਧ ਲਹਿਰ ਛਿੜ ਗਈ ਹੈ। ਸ਼ੋਸ਼ਲ ਮੀਡੀਆ 'ਤੇ ਕਿਹਾ ਗਿਆ ਹੈ ਕਿ ਇਹ ਘਟਨਾ ਸਾਡੇ ਤੁਹਾਡੇ ਸਭਨਾਂ ਨਾਲ ਵਾਪਰ ਸਕਦੀ ਹੈ। ਇਹ ਵਹਿਸ਼ਤ ਹੈ। ਇਹ ਧਰਮੀ ਲੋਕ ਕਿਵੇਂ ਨੇ ਜੋ ਮਸੂਮ ਬੱਚੀ ਨਾਲ ਹਿੰਦੂ ਰਾਸ਼ਟਰ ਬਣਾਉਣ ਲਈ ਬਲਾਤਕਾਰ ਕਰਦੇ ਹਨ। ਜੇ ਰੱਬ ਇਕ ਹੈ ਤਾਂ ਉਹ ਹਿੰਦੂ-ਮੁਸਲਮ ਦਾ ਵੱਖਰਾ ਕਿਵੇਂ ਹੈ। ਇਹ ਸਵਾਮੀ ਵਿਵੇਕਾਨੰਦ ਦੀ ਹਿੰਦੂ ਧਰਮ ਵਾਲੀ ਪਰਿਭਾਸ਼ਾ 'ਤੇ ਕਿਵੇਂ ਫਿਟ ਬੈਠਦੇ ਹਨ ? ਇਹਨਾਂ ਦਾ ਰੱਬ ਹਿਟਲਰ ਹੈ ਤਾਂ ਹੀ ਇਹ ਨਾਜ਼ੀਵਾਦ ਦੀ ਪੈਦਾਇਸ਼ ਹਨ। ਇਨ੍ਹਾਂ ਹਿੰਦੂ ਰਾਸ਼ਟਰਵਾਦੀਆਂ ਦੀ ਸਿਆਸਤ ਇਹੀ ਹੈ ਕਿ ਆਮ ਹਿੰਦੂਆਂ ਨੂੰ ਮੁਸਲਮਾਨਾਂ ਨਾਲ ਲੜ੍ਹਾ ਕੇ ਰੱਖਿਆ ਜਾਵੇ। 1893 ਵਿਚ ਸ਼ੁਰੂ ਹੋਏ ਦੰਗੇ ਸਾਰੀ 20ਵੀਂ ਸਦੀ ਵਿਚ ਚੱਲੇ ਜਿਹਨਾਂ ਦਾ ਸਿੱਟਾ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣਾ ਤੇ 2002 ਵਿਚ ਗੁਜਰਾਤ ਕਤਲੇਆਮ ਦੇ ਰੂਪ ਵਿਚ ਨਿਕਲੇ। 1947 ਤੋਂ ਪਹਿਲਾਂ ਆਰ.ਐਸ.ਐਸ ਨੇ ਦੋ ਮੰਤਵੀ ਪ੍ਰੋਗਰਾਮ ਰੱਖਿਆ ਇਕ ਮੀਡੀਏ 'ਤੇ ਕੰਟਰੋਲ ਤੇ ਦੂਜਾ ਵਿਦਵਤਾ ਉਂਤੇ ਕੰਟਰੋਲ ਅਤੇ ਇਹਨਾਂ ਦੋਵਾਂ ਮੰਤਵਾਂ ਵਿਚ ਬ੍ਰਾਹਮਣ ਪੂਰੀ ਤਰ੍ਹਾਂ ਕਾਮਯਾਬ ਹੋ ਚੁੱਕੇ ਹਨ ਤੇ ਇਸ ਕੰਟਰੋਲ ਤਹਿਤ ਅੱਜ ਭਾਰਤ ਦਾ ਮੁੱਖ ਧਾਰਾ ਵਾਲਾ ਮੀਡੀਆ ਬ੍ਰਾਹਮਣਵਾਦੀ ਪ੍ਰਚਾਰ ਦਾ ਵੱਡਾ ਹਥਿਆਰ ਹੈ ਅਤੇ ਇਸ ਦੁਆਰਾ ਬਣਾਏ ਗਏ ਅਖੌਤੀ ਵਿਦਵਾਨ ਨਾ ਕੇਵਲ ਭਾਰਤੀ ਸੰਸਕ੍ਰਿਤੀ ਸਗੋਂ ਹੋਰਨਾਂ ਧਰਮਾਂ ਦੀ ਵਿਆਖਿਆ ਕਰਨ ਨੂੰ ਵੀ ਆਪਣਾ ਹੱਕ ਸਮਝਦੇ ਹਨ।

ਇਸ ਮਾਮਲੇ ਵਿਚ ਫੇਸਬੁੱਕ 'ਤੇ ਰਾਜਬੀਰ ਸਿੰਘ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਸ਼ਰਮਨਾਕ ਹਰਕਤ ਹੈ।

ਅਮਰੀਕਾ ਤੋਂ ਪੰਜਾਬੀ ਲੇਖਕ ਮੋਹਿੰਦਰ ਸਿੰਘ ਘੱਗ ਦਾ ਕਹਿਣਾ ਹੈ ਕਿ ਆਸਫਾ ਦੇ ਕੇਸ ਵਿਚ ਇਨਸਾਫ ਮਿਲੇ ਇਸ ਵਿਚ ਸਮੁੱਚੇ ਸਿਖ ਜਗਤ ਨੂੰ ਇਕੱਠੇ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਗੇ ਬੇਨਤੀ ਹੈ ਕਿ ਇਸ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰੇ।

ਹਰਪਾਲ ਸਿੰਘ ਹਾਂਡਾ ਦਾ ਕਹਿਣਾ ਹੈ ਕਿ ਇੰਨ੍ਹਾਂ ਨੇ ਪਹਿਲਾਂ ਵਾਰਨਿੰਗ ਦਿੱਤੀ ਸੀ ਕਿ ਸਾਡੀ ਸਰਕਾਰ ਆਉਣ ਤੇ ਇਹ ਕੁੱਝ ਹੋ ਸਕਦਾ ਹੈ ਇਨ੍ਹਾਂ ਨੇ ਕਸਮ ਲਈ ਸੀ ਕਿ ਮੁਸਲਮਾਨਾਂ ਦੀਆਂ ਧੀਆਂ ਦੀ ਇੱਜ਼ਤ ਪੱਤ ਲੁੱਟੋ ਇਹਨਾਂ ਦਾ ਧਰਮ ਤਬਦੀਲ ਕਰੋ ਤਾਂ ਕਿ ਇਹ ਇਥੋਂ ਛੱਡ ਕੇ ਜਾਣ 20×20 ਤੱਕ ਇਹ ਮੁਕੰਮਲ ਤੌਰ ਤੇ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ ਭਾਰਤ ਨੂੰ।

ਨਿਰਮਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਇਸ ਸਾਰੀ ਘਟਨਾ ਦੇ ਪਿੱਛੇ ਇਕ ਨੀਤੀ ਕੰਮ ਕਰ ਰਹੀ ਹੈ! ਇਹ ਦੋ ਧਾਰੀ ਤਲਵਾਰ ਵਾਂਗ ਕੰਮ ਕਰ ਰਹੀ ਹੈ! ਇਹ ਲੋਕ ਮੁਸਲਮਾਨ ਬਕਰਵਾਲ ਸਮਾਜ ਦੇ ਲੋਕਾਂ ਨੂੰ ਇਥੋਂ ਭਜਾਉਣਾ ਚਾਹੁੰਦੇ ਹਨ! ਇਹ ਬਲਾਤਕਾਰ ਉਹਨਾਂ ਦੇ ਮਨ ਵਿਚ ਡਰ ਪੈਦਾ ਕਰਨ ਦਾ ਢੰਗ ਹੈ!

ਕੁਲਵਿੰਦਰ ਸਿੰਘ ਪਰਿਹਾਰ ਦਾ ਕਹਿਣਾ ਹੈ ਕਿ ਇਨ੍ਹਾਂ ਕੰਜਰਾ ਨੇ ਦਰਿੰਦਗੀ ਦੀਆਂ ਸਭ ਹੱਦਾਂ ਬੰਨੇ ਟੱਪ ਗਏ। ਇਹ ਕਮੀਨੇ ਲੋਕ ਇਕ ਦਿਨ ਆਪਣੀ ਮੌਤ ਆਪ ਹੀ ਮਰ ਜਾਣਗੇ।

### ਧੀਆਂ ਨੂੰ ਮਿਲੇਗਾ ਨਿਆਂ: ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨਾਓ ਤੇ ਕਠੂਆ ਵਿੱਚ ਵਾਪਰੀਆਂ ਜਬਰ ਜਨਾਹ ਦੀਆਂ ਘਟਨਾਵਾਂ ਖ਼ਿਲਾਫ਼ ਪਹਿਲੀ ਵਾਰ ਟਿੱਪਣੀਆਂ ਕਰਦਿਆਂ ਕਿਹਾ ਕਿ ਕਿਸੇ ਵੀ ਅਪਰਾਧੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਧੀਆਂ ਨੂੰ ਇਨਸਾਫ਼ ਮਿਲੇਗਾ।

### ਸੰਯੁਕਤ ਰਾਸ਼ਟਰ ਦੋਸ਼ੀਆਂ ਨੂੰ ਕਟਹਿਰੇ ਵਿਚ ਦੇਖਣ ਦਾ ਆਸਵੰਦ

ਸੰਯੁਕਤ ਰਾਸ਼ਟਰ-ਜੰਮੂ ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿਚ ਅੱਠ ਸਾਲ ਦੀ ਬੱਚੀ ਨਾਲ ਬਲਾਤਕਾਰ ਅਤੇ ਹੱਤਿਆ ਨੂੰ ਭਿਆਨਕ ਕਾਰਾ ਕਰਾਰ ਦਿੰਦਿਆਂ ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਨੇ ਆਸ ਜਤਾਈ ਕਿ ਸਰਕਾਰ ਇਸ ਘਿਨਾਉਣੇ ਅਪਰਾਧ ਦੇ ਸਾਜ਼ਿਸ਼ਕਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਕੇ ਢੁੱਕਵੀਂ ਸਜ਼ਾ ਦਿਵਾਏਗੀ।

### ਸਿੱਖਾਂ ਵਲੋਂ ਲੰਡਨ ਵਿੱਚ ਨਰਿੰਦਰ ਮੋਦੀ ਖਿਲਾਫ ਮੁਜ਼ਾਹਰਾ

ਕੀਤੇ ਇਸ ਮੁਜ਼ਾਹਰੇ ਵਿੱਚ ਸਿੱਖ ਸੰਗਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਕਸ਼ਮੀਰ ਦੀ ਆਜ਼ਾਦੀ ਲਈ ਜੂਝ ਰਹੇ ਮੁਸਲਮਾਨ ਭਰਾਵਾਂ ਤੋਂ ਇਲਾਵਾ ਦਲਿਤ ਤੇ ਹੋਰਨਾਂ ਘੱਟਗਿਣਤੀ ਭਾਈਚਰਿਆਂ ਦੇ ਨੁਮਾਇੰਦੇ ਵੀ ਇਸ ਰੋਸ ਵਿੱਚ ਸ਼ਾਮਲ ਸਨ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਕੋਆਰਡੀਨੇਟਰਾਂਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਕਿਹਾ ਕਿ ਭਾਰਤ ਵਿਚੋਂ ਸਿੱਖਾਂ ਸਮੇਤ ਘੱਟ ਗਿਣਤੀਆਂ ਦਾ ਨਾਮੋ ਨਿਸ਼ਾਨ ਮਿਟਾ ਕੇ ਜਾਂ ਉਹਨਾਂ ਨੂੰ ਹਿੰਦੂਤਵ ਦੀ ਈਨ ਮੰਨਵਾ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਦੇਖ ਰਹੀ ਸੱਤਾਧਾਰੀ ਭਾਜਪਾ ਸਮੇਤ ਹਿੰਦੂਤਵੀ ਲਾਬੀ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ।

### ਯੂਨਾਈਟਡ ਨੇਸ਼ਨਜ਼ ਦੇ ਅੰਦਰ ਸਿੱਖਾਂ ਵਲੋਂ ਰੋਸ ਮੁਜਾਹਰਾ

ਸ਼ਰਤ 'ਤੇ ਪਰਮਿਟ ਲੈ ਕੇ ਅੰਦਰ ਅੰਦਰ ਜਾਣ ਦਿੱਤਾ ਗਿਆ। ਰੋਸ ਪ੍ਰਗਟਾਉਣ ਵਾਲੇ ਸਿੱਖਾਂ ਨੇ ਪੱਗੜੀਆਂ 'ਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ ਅਤੇ ਭਾਰਤ ਸਰਕਾਰ ਖਿਲਾਫ਼ ਸਿੱਖਾਂ, ਦਲਿਤਾਂ, ਮੁਸਲਮਾਨਾਂ ਅਤੇ ਇਸਾਇਆਂ ਦੇ ਹੁੰਦੇ ਸ਼ੋਸ਼ਣ ਬਾਰੇ ਲਿਖਿਆ ਹੋਇਆ ਸੀ।

ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ ਦੇ ਅਮਨਦੀਪ ਸਿੰਘ ਅਤੇ ਬੂਟਾ ਸਿੰਘ ਖੜੌਂਦ ਨੇ ਇਸ ਮੌਕੇ ਇਸ ਪੱਤਰਕਾਰ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਜਿਸ ਮਹਾਨ ਦਲਿਤ ਸਖ਼ਸ਼ੀਅਤ ਦੀ ਭਾਰਤ ਜੈਯੰਤੀ ਮਨਾ ਰਿਹਾ ਹੈ ਉਸੇ ਕੌਮ ਨਾਲ ਭਾਰਤ ਸਰਕਾਰ ਸ਼ੋਸ਼ਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਸ਼ਤਾਬਦੀ ਸਮਾਗਮਾਂ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸਿੰਘਾਂ ਵਲੋਂ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟ ਕੀਤਾ ਹੈ ਅਤੇ ਐਸ.ਸੀ., ਐਸ.ਟੀ., ਓ.ਬੀ.ਸੀ. ਉਪਰ ਹੋ ਰਹੇ ਜ਼ੁਲਮਾਂ ਨੂੰ ਬੇਨਕਾਬ ਕਰਨ ਦਾ ਹੀ ਸਾਡਾ ਮਕਸਦ ਸੀ।

ਇਨ੍ਹਾਂ ਸਿੰਘਾਂ ਵਲੋਂ ਯੋਜਨਾਬੱਧ ਤਰੀਕੇ ਨਾਲ ਪਹਿਲਾਂ ਇਸ ਸਮਾਗਮ ਵਿਚ ਦਾਖ਼ਲਾ ਲਿਆ ਗਿਆ ਅਤੇ ਜਦੋਂ ਭਾਰਤ ਦੇ ਅਧਿਕਾਰੀ ਡਾ. ਭੀਮ ਰਾਓ ਅੰਬੇਡਕਰ ਦੇ ਸਬੰਧੀ ਝੂਠਾ ਪਿਆਰ ਜਤਾਉਂਦੇ ਹੋਏ ਬਾਬਾ ਸਾਹਿਬ ਦੀ ਸੋਚ ਨੂੰ ਬ੍ਰਾਹਮਣੀਕਰਨ ਦਾ ਚੋਲਾ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਬੂਟਾ ਸਿੰਘ ਖੜੌਂਦ ਅਤੇ ਸੁਰਜੀਤ ਸਿੰਘ ਕੁਲਾਰ ਦੀ ਅਗਵਾਈ ਵਿਚ ਯੂ.ਐਨ.ਓ. ਅੰਦਰ ਦਾਖ਼ਲ ਹੋਏ ਇਨ੍ਹਾਂ ਸਿੰਘਾਂ ਨੇ ਆਪਣੀਆਂ ਕੁਰਸੀਆਂ 'ਤੇ ਖੜ੍ਹੇ ਹੋ ਕੇ ਦਸਤਾਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਹੱਥਾਂ ਵਿਚ ਮੰਨੂਵਾਦੀਆਂ ਦੇ ਜ਼ੁਲਮਾਂ ਦੀ ਦਾਸਤਾਨ ਦੀਆਂ ਤਖ਼ਤੀਆਂ ਫੜ ਕੇ ਦੁਨੀਆਂ ਨੂੰ ਦਿਖਾ ਦਿਤਾ। ਇਹ ਐਕਸ਼ਨ ਇੰਨਾ ਗੁਪਤ ਅਤੇ ਤੇਜ਼ੀ ਨਾਲ ਹੋਇਆ ਕਿ ਸਮਾਗਮ ਵਿਚ ਸ਼ਾਮਲ ਲੋਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕੀ ਹੁਣ ਕੀਤਾ ਕੀ ਜਾਵੇ ?

ਦਰਅਸਲ ਸਿੱਖ ਕੌਮ ਦੇ 33 ਸਾਲਾਂ ਦੇ ਸੰਘਰਸ਼ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਯੂ.ਐਨ.ਓ. ਦੇ ਅੰਦਰ ਜਾ ਕੇ ਸਿੱਖ ਕੌਮ ਦੇ ਕਾਰਕੁੰਨਾਂ ਵਲੋਂ ਮੁਜ਼ਾਹਰਾ ਕੀਤਾ ਗਿਆ ਹੋਵੇ। ਇਸ ਮੌਕੇ ਆਗੂਆਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਦਿੱਲੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਜਦੋਂ ਤੱਕ ਸਜ਼ਾ ਨਹੀਂ ਮਿਲਦੀ ਸਿੱਖ ਕਦੇ ਵੀ ਆਰਾਮ ਨਾਲ ਨਹੀਂ ਬੈਠਣਗੇ। ਮੁਜਾਹਰੇ ਦੌਰਾਨ ਯੁਨਾਈਟਡ ਨੇਸ਼ਨ ਕਾਨਫਰੰਸ ਦੇ ਕਾਲੀ ਵਰਦੀ ਵਿਚ ਅਫਸਰ ਅਤੇ ਹੋਰ ਸਕਿਊਰਿਟੀ ਸਭ ਅਲਰਟ ਹੋ ਗਏ ਅਤੇ ਕੁਝ ਅਫਸਰ ਅੰਦਰ ਵੀ ਗਏ ਅਤੇ ਸਭ 'ਤੇ ਨਜ਼ਰ ਰੱਖਦੇ ਰਹੇ।

ਯੂਨਾਈਟਡ ਨੇਸ਼ਨਜ਼ ਵਿਚ ਭਾਰਤ ਦੇ ਸਥਾਈ ਮੈਂਬਰ ਸਈਦ ਅਕਬਰੁਦੀਨ ਨੇ ਰੋਸ ਮੁਜ਼ਾਹਰੇ ਦੌਰਾਨ ਆਪਣਾ ਲੈਕਚਰ ਜਾਰੀ ਰੱਖਿਆ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ।।

ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ।। (ਸ੍ਰੀ ਗੁਰੂ ਗ੍ਰੰਥ ਸਾਹਿਬ)

# ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਖੇ ਹੋਈ ਲੜਾਈ ਦੀ ਮੰਦਭਾਗੀ ਘਟਨਾ ਦੇ ਸਬੰਧ ਵਿਚ ਖ਼ਾਲਸਾ ਪੰਥ ਨੂੰ ਅਪੀਲ



ਸਤਿਕਾਰਯੋਗ ਗੁਰੂ ਖ਼ਾਲਸਾ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ।। ਵਾਹਿਗੁਰੂ ਜੀ ਕੀ ਫਤਹਿ ।।

ਪਿਛਲੇ ਦਿਨਾ ਵਿਚ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਵਿਖੇ ਹੋਈ ਲੜਾਈ-ਝਗੜੇ ਦੀ ਘਟਨਾ ਨੂੰ ਕੁਝ ਧਿਰਾਂ ਵਲੋਂ ਇਕ ਪਾਸੜ ਤਰੀਕੇ ਨਾਲ ਗਲਤ ਰੰਗਤ ਦੇ ਕੇ ਸਿੱਖ ਸੰਗਤਾਂ ਸਾਹਮਣੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੌਜੂਦਾ ਪ੍ਰਬੰਧਕ ਧਿਰਾਂ ਪ੍ਰਬੰਧ ਉਤੇ ਆਪਣਾ ਕਬਜ਼ਾ ਬਣਾਈ ਰੱਖਣ ਲਈ ਇਹ ਸਭ ਕਰਵਾ ਰਹੀਆਂ ਹਨ। ਜਦਕਿ ਸੱਚਾਈ ਕੁਝ ਹੋਰ ਹੈ। ਅਸਲ ਵਿਚ ਝਗੜੇ ਦਾ ਮੂਲ ਕਾਰਨ ਸਤਵੰਤ ਨਿੱਝਰ ਨਾਂ ਦਾ ਇਕ ਸ਼ਾਤਰ ਕਿਸਮ ਦਾ ਵਿਅਕਤੀ ਹੈ। ਸੰਨ 2007 ਤੋਂ ਜਦੋਂ ਦਾ ਇਹ ਗੁਰੂ ਘਰ ਹੋਂਦ ਵਿਚ ਆਇਆ ਹੈ, ਇਹ ਵਿਅਕਤੀ ਉਦੋਂ ਤੋਂ ਹੀ ਸਿਆਪੇ ਦੀ ਜੜ੍ਹ ਰਿਹਾ ਹੈ। ਨਿੱਝਰ ਨਾਂ ਦਾ ਇਹ ਸਖ਼ਸ਼ ਮਿਡਵੈਸਟ ਵਿਚ ਭਾਰਤੀ ਕਾਂਗਰਸ ਦਾ ਪ੍ਰਧਾਨ ਅਤੇ ਭਾਰਤੀ ਏਜੰਸੀਆਂ ਦਾ ਹੱਥ ਠੋਕਾ ਹੈ। ਇਹ ਬੰਦਾ ਭੋਲੇ-ਭਾਲੇ ਲੋਕਾਂ ਨੂੰ ਵਰਗਲਾ ਕੇ ਅਤੇ ਆਪਣੇ ਜ਼ਰ-ਖ਼ਰੀਦ ਗੁੰਡਾ ਅਨਸਰਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁੱਲੜਬਾਜ਼ੀ ਕਰਵਾਕੇ ਖੁਦ ਚੌਧਰੀ ਬਣਨ ਦਾ ਚਾਹਵਾਨ ਹੈ। ਇਹਦੇ ਅਤੇ ਇਸ ਦੇ ਗੁੰਡਾ ਅਨਸਰਾਂ ਦੀਆਂ ਅੱਖਾਂ ਵਿਚ ਸਾਬਤ-ਸੂਰਤ ਗੁਰਸਿੱਖਾਂ ਦੀ ਚੁਣੀ ਹੋਈ ਕਮੇਟੀ ਵਲੋਂ ਕੀਤੇ ਜਾ ਰਹੇ ਗੁਰਮਤਿ ਕਾਰਜ ਰੜਕ ਰਹੇ ਹਨ। ਗਰੀਨਵੁੱਡ ਇਲਾਕੇ ਵਿਚ ਦਿਨੋ-ਦਿਨ ਵਧ ਰਹੀ ਗੁਰਸਿੱਖ ਸੰਗਤ, ਬਾਣੀ-ਬਾਣੇ ਦਾ ਪ੍ਰਚਾਰ, ਸਿੱਖ ਮਾਰਸ਼ਲ ਆਰਟ ਗੱਤਕਾ, ਲੜੀਵਾਰ ਕਥਾ ਕੀਰਤਨ ਸਮਾਗਮ, ਬੱਚਿਆਂ ਲਈ ਗੁਰਬਾਣੀ ਸੰਥਿਆ ਦੀਆਂ ਕਲਾਸਾਂ, ਕਮੇਟੀ ਵਲੋਂ ਸੰਨ 1978 ਤੋਂ ਲੈ ਕੇ ਸੰਨ 1995 ਤੱਕ ਚੱਲੇ ਸਿੱਖ ਸੰਘਰਸ਼ ਦੇ ਜੁਝਾਰੂ ਸ਼ਹੀਦ ਸਿੰਘਾਂ ਦੀਆਂ ਲਗਾਈਆਂ ਗਈਆਂ ਤਸਵੀਰਾਂ, ਸਟੇਜ ਤੋਂ ਸਿੱਖ ਸੰਘਰਸ਼ ਦੇ ਹੱਕ ਵਿਚ ਕੀਤਾ ਜਾ ਰਿਹਾ ਪ੍ਰਚਾਰ ਇਨ੍ਹਾਂ ਅਕ੍ਰਿਤਘਣਾਂ ਨੂੰ ਕੰਡੇ ਵਾਂਗ ਚੁੱਭ ਰਿਹਾ ਹੈ। ਸਿਤਮ ਦੀ ਗੱਲ ਇਹ ਹੈ ਕਿ ਇਹ ਸਾਰੇ ਅਕ੍ਰਿਤਘਣ ਲੋਕ, ਜੋ ਖਾਲਸਤਾਨੀ ਲਹਿਰ ਵਿਰੁੱਧ ਪ੍ਰਚਾਰ ਕਰ ਰਹੇ ਅਤੇ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਨੂੰ ਅੱਤਵਾਦੀਆਂ ਦੀਆਂ ਤਸਵੀਰਾਂ ਆਖ ਰਹੇ ਹਨ, ਖੁਦ ਖਾਲਿਸਤਾਨ ਦੇ ਨਾਂ 'ਤੇ ਰੀਫਿਊਜ਼ੀ ਸਟੇਅ (ਰਾਜਨੀਤਕ ਸ਼ਰਨ) ਲੈ ਕੇ ਪੱਕੇ ਹੋਏ ਹਨ। ਕੀ ਇਹ ਸਿੱਖ ਕੌਮ ਦੇ ਸ਼ਹੀਦਾਂ ਦੇ ਡੁੱਲ੍ਹੇ ਲਹੂ ਨਾਲ ਗ਼ਦਾਰੀ ਨਹੀਂ ? ਸਾਨੂੰ ਖਾਲਿਸਤਾਨ ਦੇ ਨਾਂ ਥੱਲੇ ਰੋਟੀਆਂ ਸੇਕਣ ਵਾਲੇ ਕਹਿਣ ਵਾਲੇ ਇਹ ਲੋਕ ਦੱਸਣ ਕਿ ਕਦੇ ਇਨ੍ਹਾਂ ਨੇ ਕਿਸੇ ਸ਼ਹੀਦ ਪਰਿਵਾਰ ਜਾਂ ਹੋਰ ਕੌਮੀ ਕਾਰਜ ਲਈ ਖੋਟੀ ਚੁਆਨੀ ਵੀ ਦਿੱਤੀ ਹੈ ?

ਇਹ ਲੋਕ ਵਾਰ-ਵਾਰ ਧਮਕੀਆਂ ਦੇ ਰਹੇ ਹਨ ਕਿ ਸ਼ਹੀਦਾਂ ਦੀਆਂ ਫੋਟੋਆਂ ਲਾਹ ਕੇ ਕੂੜੇ 'ਚ ਸੁੱਟ ਦੇਣਗੇ। ਕੀ ਸਿੱਖ ਕੌਮ ਅਜਿਹਾ ਘ੍ਰਿਣਿਤ ਕੰਮ ਬਰਦਾਸ਼ਤ ਕਰੇਗੀ ?

**ਸੋ ਸਾਧ-ਸੰਗਤ ਅਸੀਂ ਬੇਨਤੀ ਕਰਦੇ ਹਾਂ ਕਿ ਅਜਿਹੇ ਗੁਰੂ ਮਾਰੇ ਲੋਕਾਂ ਤੋਂ ਸਾਵਧਾਨ ਰਿਹਾ ਜਾਵੇ ਅਤੇ ਇਨ੍ਹਾਂ ਦਾ ਸਾਥ ਨਾ ਦਿੱਤਾ ਜਾਵੇ।**



**ਬੇਨਤੀ ਕਰਤਾ :**

**ਸਮੂਹ ਪ੍ਰਬੰਧਕ ਕਮੇਟੀ**

**ਜਾਰੀ ਕਰਤਾ :**

**ਜਸਦੀਪ ਸਿੰਘ (ਚੇਅਰਮੈਨ) 317-560-0019**

**ਸਤਨਾਮ ਸਿੰਘ (ਮੁੱਖ ਸੇਵਾਦਾਰ) 317-403-8344**


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com